@Qpatrika
@qaumipatrika punjabi
instagram.com/qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Saturday, 8 June 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ਨੀਵਾਰ 8 ਜੂਨ 2024, 25 ਜੇਠ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 200, qpatrika@gmail.com ਫੋਨ : 9971359517 www.qaumipatrika.org

## ਲੋਕ ਸਭਾ ਦਾ ਪਹਿਲਾ ਸੈਸ਼ਨ ਜੂਨ ਦੇ ਤੀਜੇ ਹਫਤੇ 'ਚ ਹੋ ਸਕਦਾ ਹੈ ਸ਼ੁਰੂ

ਨਵੀਂ ਦਿੱਲੀ 7 ਜੂਨ। ਭਾਵੇਂ ਸਰਵੇਖਣਕਰਤਾ ਅਜੇ ਇਸ ਕੰਮ ਵਿਚ ਰੁੱਝੇ ਹੋਏ ਹਨ ਕਿ ਉਨ੍ਹਾਂ ਪਾਸੋਂ ਕਿੱਥੇ ਗਲਤੀ ਹੋਈ ਪਰ ਇਹ ਸਪਸ਼ਟ ਹੈ ਕਿ ਮੋਦੀ ਸਹਿਯੋਗੀਆਂ ਨਾਲ ਸਰਕਾਰ ਬਣਾ ਰਹੇ ਹਨ। ਭਾਜਪਾ ਲੀਡਰਸ਼ਿਪ



ਆਪਣੀ ਗਿਣਤੀ ਵਧਾਉਣ ਅਤੇ ਸਹਿਯੋਗੀਆਂ ਨਾਲ ਨਵੇਂ ਮੰਤਰਾਲਾ ਦੀ ਸੂਚੀ ਨੂੰ ਅੰਤਿਮ ਰੂਪ ਦੇਣ ਲਈ ਪਹਿਲਾਂ ਹੀ ਹਰਕਤ ਵਿਚ ਆ ਚੁੱਕੀ ਹੈ। ਅਗਲੇ 2 ਦਿਨਾਂ ਵਿਚ ਸਮੱਸਿਆ ਦਾ ਹੱਲ ਕੱਢ ਲਿਆ ਜਾਵੇਗਾ। ਰਿਪੋਰਟਾਂ ਦੀ ਮੰਨੀਏ ਤਾਂ 18ਵੀਂ ਲੋਕ ਸਭਾ ਦਾ ਪਹਿਲਾ ਸੈਸ਼ਨ 17-18 ਜੂਨ ਨੂੰ ਆਯੋਜਿਤ ਕਰਨ ਦੀ ਯੋਜਨਾ ਸੀ। ਸੈਸ਼ਨ ਦੀ ਤਰੀਕ ਦਾ ਐਲਾਨ ਹੁੰਦਿਆਂ ਹੀ ਸੰਸਦ ਸਕੱਤਰੇਤ ਵੱਲੋਂ ਨਵੇਂ ਸੰਸਦ ਭਵਨ 'ਚ ਸਾਰੇ 543 ਨਵੇਂ ਚੁਣੇ ਗਏ ਮੈਂਬਰਾਂ ਦਾ ਸਹੁੰ ਚੁੱਕ ਸਮਾਗਮ ਆਯੋਜਿਤ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਪ੍ਰਕਿਰਿਆ ਮੁਤਾਬਕ ਪਹਿਲਾਂ ਇਕ ਪ੍ਰੋਟੇਮ ਸਪੀਕਰ ਨਿਯੁਕਤ ਕੀਤਾ ਜਾਵੇਗਾ, ਜੋ ਆਮ ਤੌਰ 'ਤੇ ਲੋਕ ਸਭਾ ਦਾ ਸਭ ਤੋਂ ਸੀਨੀਅਰ ਮੈਂਬਰ ਹੁੰਦਾ ਹੈ। 2019 'ਚ ਮੱਧ ਪ੍ਰਦੇਸ਼ ਦੇ ਟੀਕਮਗੜ੍ਹ ਤੋਂ 7 ਵਾਰ ਦੇ ਸੰਸਦ ਮੈਂਬਰ ਵੀਰੇਂਦਰ ਕੁਮਾਰ ਨੂੰ ਪ੍ਰੋਟੇਮ ਸਪੀਕਰ ਚੁਣਿਆ ਗਿਆ ਸੀ। ਮੈਂਬਰਾਂ ਦਾ ਸਹੁੰ-ਚੁੱਕ ਸਮਾਗਮ ਖਤਮ ਹੋਣ ਤੋਂ ਬਾਅਦ ਨਿਯਮਿਤ ਕਾਰਵਾਈ ਸ਼ੁਰੂ ਹੋਵੇਗੀ। ਏਜੰਡੇ ਦੀ ਪਹਿਲੀ ਆਈਟਮ 18ਵੀਂ ਲੋਕ ਸਭਾ ਲਈ ਸਪੀਕਰ ਦੀ ਚੋਣ ਹੋਵੇਗੀ। ਭਰੋਸੇ ਦੀ ਵੋਟ ਅਤੇ ਸਪੀਕਰ ਦੀ ਚੋਣ 23 ਜੂਨ ਤੋਂ ਬਾਅਦ ਹੋਵੇਗੀ। ਜੇ ਸਰਕਾਰੀ ਹਲਕਿਆਂ ਤੋਂ ਆ ਰਹੀਆਂ ਖਬਰਾਂ ਨੂੰ ਸਹੀ ਮੰਨਿਆ ਜਾਵੇ ਤਾਂ 2024-25 ਦਾ ਬਜਟ ਜੁਲਾਈ ਦੇ ਪਹਿਲੇ ਹਫਤੇ 'ਚ ਪੇਸ਼ ਕੀਤਾ ਜਾਵੇਗਾ। ਬੀਤੇ ਸਮੇਂ 'ਚ ਨਵੀਂ ਲੋਕ ਸਭਾ ਦੀਆਂ ਚੋਣਾਂ ਤੋਂ ਬਾਅਦ ਸਹੁੰ ਚੁੱਕਣ ਲਈ ਸੰਸਦ ਵਿਚ ਇਕ ਛੋਟਾ ਜਿਹਾ ਸੈਸ਼ਨ ਹੁੰਦਾ ਸੀ, ਜਿਸ ਤੋਂ ਬਾਅਦ ਬਜਟ ਸੈਸ਼ਨ ਹੁੰਦਾ ਸੀ ਪਰ ਇਹ ਪ੍ਰਕਿਰਿਆ ਜੂਨ 2019 'ਚ ਬਦਲ ਦਿੱਤੀ ਗਈ ਜਦੋਂ ਸਹੁੰ ਚੁੱਕ ਸਮਾਗਮ ਨੂੰ ਬਜਟ ਸੈਸ਼ਨ ਦੇ ਨਾਲ ਜੋੜ ਦਿੱਤਾ ਗਿਆ, ਜੋ 17 ਜੂਨ ਨੂੰ ਸ਼ੁਰੂ ਹੋਇਆ ਅਤੇ 7 ਅਗਸਤ 2019 ਤਕ ਚੱਲਿਆ। ਹੁਣ ਵੀ ਅਜਿਹਾ ਹੀ ਕੀਤਾ ਜਾ ਸਕਦਾ ਹੈ।

## ਰਾਸ਼ਟਰਪਤੀ ਨੂੰ ਮਿਲ ਕੇ ਪੀ.ਐੱਮ. ਮੋਦੀ ਨੇ ਪੇਸ਼ ਕੀਤਾ ਸਰਕਾਰ ਬਣਾਉਣ ਦਾ ਦਾਅਵਾ

ਸਿੰਮੀ ਕੌਰ ਬੱਬਰ


ਨਵੀਂ ਦਿੱਲੀ 7 ਜੂਨ। ਐੱਨ.ਡੀ.ਏ. ਦੇ ਨੇਤਾ ਨਰਿੰਦਰ ਮੋਦੀ ਨੇ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨਾਲ ਮੁਲਾਕਾਤ ਕਰਕੇ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕਰ ਦਿੱਤਾ ਹੈ। ਨਰਿੰਦਰ ਮੋਦੀ ਤੀਜੀ ਵਾਰ ਪ੍ਰਧਾਨ ਮੰਤਰੀ ਦੀ ਸਹੁੰ ਚੁੱਕਣੇ। 9 ਜੂਨ ਯਾਨੀ ਐਤਵਾਰ ਨੂੰ ਨਰਿੰਦਰ ਮੋਦੀ ਸਰਕਾਰ ਦਾ ਸਹੁੰ ਚੁੱਕ ਸਮਾਗਮ ਹੋ ਸਕਦਾ ਹੈ। ਇਸ ਤੋਂ ਪਹਿਲਾਂ ਸ਼ੁੱਕਰਵਾਰ ਨੂੰ ਨਰਿੰਦਰ ਮੋਦੀ ਨੂੰ ਪੁਰਾਣੇ ਸੰਸਦ ਭਵਨ ਦੇ ਸੈਂਟਰਲ ਹਾਲ 'ਚ ਐੱਨ.ਡੀ.ਏ. ਦਾ ਨੇਤਾ ਚੁਣਿਆ ਗਿਆ। ਪੀ.ਐੱਮ. ਮੋਦੀ ਨੇ ਇਸ ਦੌਰਾਨ ਕਿਹਾ ਕਿ 18ਵੀਂ ਲੋਕ ਸਭਾ, ਇਕ ਤਰ੍ਹਾਂ ਨਾਲ ਨਵੀਂ ਯੁਵਾ ਊਰਜਾ ਅਤੇ ਕੁਝ ਕਰ ਗੁਜਰਨ ਦੇ ਇਰਾਦੇ ਵਾਲੀ ਲੋਕ ਸਭਾ ਹੈ। ਆਜਾਦੀ ਦਾ ਅੰਮ੍ਰਿਤ ਮਹਾਉਤਸਵ ਤੋਂ ਬਾਅਦ ਦੀ ਇਹ ਪਹਿਲੀ ਚੋਣ ਹੈ ਅਤੇ ਇਹ ਉਹ 25 ਸਾਲ ਹਨ ਜੋ ਅੰਮ੍ਰਿਤਕਾਲ ਦੇ 25 ਸਾਲ ਹਨ। 2047 'ਚ ਜਦੋਂ ਦੇਸ਼ ਆਜਾਦੀ ਦੀ ਵਰ੍ਹੇਗੰਢ ਮਨਾਏਗਾ ਤਾਂ ਉਨ੍ਹਾਂ ਸੁਫਨਿਆਂ ਨੂੰ ਪੂਰਾ ਕਰਨ ਦਾ ਇਹ ਇਕ ਪੜਾਅ ਹੈ। ਨਰਿੰਦਰ ਮੋਦੀ ਨੇ ਕਿਹਾ ਕਿ ਮੈਂ ਦੇਸ਼ਵਾਸੀਆਂ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਪਿਛਲੇ ਦੋ ਟਰਮ 'ਚ ਜਿਸ ਗਤੀ ਨਾਲ ਦੇਸ਼ ਅੱਗੇ ਵਧਿਆ ਹੈ, ਸਮਾਜ ਦੇ ਹਰ ਖੇਤਰ 'ਚ ਬਦਲਾਅ ਸਾਫ-ਸਾਫ ਨਜਰ ਆ ਰਿਹਾ ਹੈ। 25 ਕਰੋੜ ਲੋਕਾਂ ਦਾ ਗਰੀਬੀ 'ਚੋਂ ਬਾਹਰ ਆਉਣਾ ਆਪਣੇ ਆਪ 'ਚ ਦੇਸ਼ ਵਾਸੀਆਂ ਲਈ ਗਰਵ ਦੀ ਗੱਲ ਹੈ। ਭਾਰਤ ਦਾ ਜੋ ਗਲੋਬਲ ਅਕਸ ਬਣਿਆ ਹੈ, ਦੁਨੀਆ ਲਈ ਭਾਰਤ ਇਕ ਵਿਸ਼ਵਬੰਧੂ ਬਣ ਕੇ ਉਭਰਿਆ ਹੈ। ਇਸ ਦਾ ਵੱਧ ਤੋਂ ਵੱਧ ਫਾਇਦਾ ਹੁਣ ਸ਼ੁਰੂ ਹੋ ਰਿਹਾ ਹੈ। ਮੇਰਾ ਪੱਕਾ ਵਿਸਵਾਸ ਹੈ ਕਿ ਇਹ 5 ਸਾਲ ਆਲਮੀ ਮਾਹੌਲ ਵਿੱਚ ਵੀ ਭਾਰਤ ਲਈ ਬਹੁਤ ਲਾਭਦਾਇਕ ਹੋਣ ਵਾਲੇ ਹਨ। ਮੋਦੀ ਨੇ ਕਿਹਾ ਕਿ 'ਅੱਜ ਸਵੇਰੇ ਐੱਨ.ਡੀ.ਏ. ਦੀ ਬੈਠਕ ਹੋਈ। ਸਾਰੇ ਸਾਥੀਆਂ ਨੇ ਮੈਨੂੰ ਇਸ ਜ਼ਿੰਮੇਵਾਰੀ ਲਈ ਫਿਰ ਤੋਂ ਪਸੰਦ ਕੀਤਾ ਹੈ ਅਤੇ ਸਾਰੇ ਸਾਥੀਆਂ ਨੇ ਇਸ ਬਾਰੇ ਪ੍ਰਧਾਨ ਨੂੰ ਜਾਣੂ ਕਰਵਾਇਆ। ਰਾਸਟਰਪਤੀ ਨੇ ਮੈਨੂੰ ਬੁਲਾ ਕੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਨਿਯੁਕਤ ਕੀਤਾ ਹੈ ਅਤੇ ਸਹੁੰ ਚੁੱਕ ਸਮਾਗਮ ਲਈ 9 ਜੂਨ ਦੀ ਤਰੀਕ ਬਾਰੇ ਜਾਣਕਾਰੀ ਦਿੱਤੀ ਹੈ।



## ਕੰਗਨਾ ਦਾ ਸਮੁੱਚੇ ਪੰਜਾਬ ਤੇ ਪੰਜਾਬੀਆਂ ਨੂੰ ਵੱਖਵਾਦੀ ਕਹਿਣਾ ਮੰਦਭਾਗਾ, ਨਫਰਤੀ ਬਿਆਨ 'ਤੇ ਐਕਸ਼ਨ ਲਵੇ ਭਾਜਪਾ : ਸਰਨਾ

ਏਜੰਸੀਆਂ

ਨਵੀਂ ਦਿੱਲੀ 7 ਜੂਨ। ਕੰਗਨਾ ਰਣੌਤ ਦੇ ਥੱਪੜ ਕਾਂਡ ਨੂੰ ਲੈ ਕੇ ਦਿੱਲੀ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਇਕ ਬਿਆਨ ਵਿੱਚ ਕਿਹਾ ਕਿ ਕੱਲ੍ਹ ਦੀ ਚੰਡੀਗੜ੍ਹ ਏਅਰਪੋਰਟ ਦੀ ਜਿਹੜੀ ਘਟਨਾ ਹੈ ਉਹ ਸੰਸਾਰ ਭਰ ਵਿੱਚ ਬੜੀ ਵਾਇਰਲ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਘਟਨਾ ਦੀਆਂ ਕਈ ਵੀਡੀਓ ਸਾਹਮਣੇ ਆ ਚੁੱਕੀਆਂ ਹਨ ਪਰ ਇਨ੍ਹਾਂ ਤੋਂ ਇਹ ਸਾਫ ਨਹੀਂ ਹੋ ਰਿਹਾ ਕਿ ਉਸ ਸੀ.ਆਈ.ਐੱਸ.ਐੱਫ. ਦੀ ਮਹਿਲਾ ਮੁਲਾਜਮ ਨੇ ਕੰਗਨਾ ਨੂੰ ਥੱਪੜ ਮਾਰਿਆ ਸੀ ਕਿ ਨਹੀਂ। ਸਰਨਾ ਦਾ ਕਹਿਣਾ ਹੈ ਕਿ ਜੇਕਰ ਥੱਪੜ ਮਾਰਨ ਦੀ ਵੀਡੀਓ ਸਾਹਮਣੇ ਨਹੀਂ ਆਈ ਤਾਂ ਹੋ ਸਕਦਾ ਹੈ ਪਹਿਲਾਂ ਕੰਗਨਾ ਨੇ ਬਦਸਲੂਕੀ ਕੀਤੀ ਹੋਵੇ। ਉਸ ਸੀ.ਆਈ.ਐੱਸ.ਐੱਫ. ਦੀ ਮਹਿਲਾ ਮੁਲਾਜਮ ਨੇ ਕੰਗਨਾ ਦੀ ਬਦਸਲੂਕੀ ਸਹਿਣ ਨਹੀਂ ਕੀਤੀ ਹੋਣੀ ਅਤੇ ਉਸ ਨੂੰ ਕੰਗਨਾ ਦਾ ਉਹ ਬਿਆਨ ਯਾਦ ਆ ਗਿਆ ਜਿਸ ਵਿਚ ਉਸ ਨੇ ਕਿਹਾ ਸੀ ਕਿ ਕਿਸਾਨ ਅੰਦੋਲਨ ਵਿੱਚ ਔਰਤਾਂ 100-100 ਰੁਪਏ ਲੈ ਕੇ ਬੈਠਦੀਆਂ ਹਨ ਤਾਂ ਇਸੇ ਗੱਲ ਨੂੰ ਲੈ ਕੇ ਉਸ



ਮਹਿਲਾ ਕਰਮਚਾਰੀ ਨੇ ਕੰਗਨਾ ਦੀਆਂ ਗੱਲਾਂ ਦਾ ਜਵਾਨ ਕੜਕਾ ਦੇ ਜ਼ਰੂਰ ਦਿੱਤਾ ਹੋਣਾ। ਸਰਨਾ ਨੇ ਅੱਗੇ ਕਿਹਾ ਕਿ ਇਸ ਘਟਨਾਕ੍ਰਮ ਤੋਂ ਬਾਅਦ ਕੰਗਨਾ ਦਾ ਸਮੁੱਚੇ ਪੰਜਾਬ ਤੇ ਪੰਜਾਬੀਆਂ ਨੂੰ ਵੱਖਵਾਦੀ ਕਹਿਣਾ ਇਹ ਦਰਸਾਉਂਦਾ ਹੈ ਕਿ ਉਨ੍ਹਾਂ ਲੋਕਾਂ ਦੇ ਅੰਦਰ ਕਿਸ ਹੱਦ ਤੱਕ ਨਫਰਤ ਭਰੀ ਹੋਈ ਹੈ। ਜੇਕਰ ਭਾਜਪਾ ਉਸ ਦੇ ਬਿਆਨ ਨਾਲ ਸੰਬੰਧ ਨਹੀ ਰੱਖਦੀ ਤਾਂ ਤੁਰੰਤ ਐਕਸਨ ਲਵੇ ਨਹੀਂ ਤੇ ਉਹ ਸਪਸਟ ਹੈ ਕਿ ਪੰਜਾਬ ਬਾਰੇ ਸਮੁੱਚੀ ਭਾਜਪਾ ਦੀ ਇਹੋ ਸੋਚ ਹੈ। ਉਨ੍ਹਾਂ ਕਿਹਾ ਕਿ ਸਾਰਿਆਂ ਨੂੰ ਸਮਝਣ ਦੀ ਲੋੜ ਹੈ ਕਿ ਇਹ ਅੱਤਵਾਦ ਜਾਂ ਵੱਖਵਾਦ ਦਾ ਮਸਲਾ ਨਹੀਂ, ਸਗੋਂ ਮਨੁੱਖੀ ਖਿੱਚੋਤਾਣ ਦੇ ਸਮਾਜਿਕ-ਆਰਥਿਕ ਸੰਕਟ 'ਚੋਂ ਆਇਆ ਵਿਹਾਰ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਭਾਜਪਾ ਆਗੂ ਅਤੇ ਭਾਜਪਾ ਵਿਚ ਸ਼ਾਮਲ ਹੋਏ ਅਖੌਤੀ ਸਿੱਖ ਆਗੂ ਦੱਸਣ ਕਿ ਕੀ ਉਹ ਆਪਣੀ ਐੱਮ. ਪੀ. ਦੇ ਇਸ ਬਿਆਨ ਨਾਲ ਸਹਿਮਤ ਹਨ? ਕੀ ਉਹ ਵੀ ਮੰਨਦੇ ਹਨ ਕਿ ਕਿਸਾਨੀ ਸੰਘਰਸ਼ ਦਾ ਗੁੱਸਾ ਉਨ੍ਹਾਂ ਲਈ ਅੱਤਵਾਦ ਹੈ। ਜੇਕਰ ਅਜਿਹਾ ਨਹੀਂ ਤਾਂ ਕੀ ਉਹ ਆਪਣੀ ਪਾਰਟੀ ਦੀ ਐੱਮ. ਪੀ. ਦੇ ਇਸ ਬਿਆਨ ਦੀ ਨਿੰਦਾ ਕਰਨਗੇ ਅਤੇ ਉਸਨੂੰ ਮੁਆਫੀ ਮੰਗਣ ਲਈ ਕਹਿਣਗੇ?

## ਅਦਾਲਤ ਨੇ ਇੰਜੀਨੀਅਰ ਰਸ਼ੀਦ ਦੀ ਅੰਤਰਿਮ ਜਮਾਨਤ ਪਟੀਸ਼ਨ 'ਤੇ ਮੰਗਿਆ ਜਵਾਬ

ਨਵੀਂ ਦਿੱਲੀ/ਜੰਮੂ 7 ਜੂਨ। ਦਿੱਲੀ ਦੀ ਇਕ ਅਦਾਲਤ ਨੇ ਵੀਰਵਾਰ ਨੂੰ ਨੂੰ 2016 ਦੇ ਜੰਮੂ-ਕਸ਼ਮੀਰ ਅੱਤਵਾਦ ਵਿੱਤ ਪੋਸ਼ਣ ਮਾਮਲੇ ਵਿਚ ਗ੍ਰਿਫਤਾਰ ਇੰਜੀਨੀਅਰ ਰਸ਼ੀਦ ਵਲੋਂ ਦਾਇਰ ਇਕ ਅਰਜੀ 'ਤੇ ਕੱਲ ਤੱਕ ਜਵਾਬ ਦੇਣ ਦਾ ਨਿਰਦੇਸ਼ ਦਿੱਤਾ ਹੈ। ਇਸ ਅਰਜੀ ਵਿਚ ਰਸ਼ੀਦ ਨੇ ਲੋਕ ਸਭਾ ਚੋਣਾਂ 'ਚ ਜਿੱਤ ਮਗਰੋਂ ਸੰਸਦ ਦੇ ਰੂਪ ਵਿਚ ਸਹੁੰ ਚੁੱਕਣ ਲਈ ਅੰਤਰਿਮ ਜਮਾਨਤ ਦੇਣ ਦੀ ਬੇਨਤੀ ਕੀਤੀ ਹੈ। ਜੰਮੂ-ਕਸ਼ਮੀਰ ਦੇ ਸਾਬਕਾ ਵਿਧਾਇਕ ਸ਼ੇਖ ਅਬਦੁੱਲ ਰਸ਼ੀਦ ਨੂੰ ਇੰਜੀਨੀਅਰ ਰਸ਼ੀਦ ਦੇ ਨਾਂ ਤੋਂ ਜਾਣਿਆ ਜਾਂਦਾ ਹੈ। ਉਨ੍ਹਾਂ ਨੇ 2024 ਦੀਆਂ ਲੋਕ ਸਭਾ ਚੋਣਾਂ ਵਿਚ ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਨੂੰ ਹਰਾਇਆ ਹੈ। ਰਸ਼ੀਦ ਨੇ ਸਹੁੰ ਚੁੱਕਣ ਅਤੇ ਸੰਸਦੀ ਕੰਮ ਕਰਨ ਲਈ ਅੰਤਰਿਮ ਜਮਾਨਤ ਜਾਂ ਹਿਰਾਸਤ ਵਿਚ ਪੈਰੋਲ ਦਿੱਤੇ ਜਾਣ ਦੀ ਬੇਨਤੀ ਕਰਦਿਆਂ ਅਦਾਲਤ ਵਿਚ ਪਟੀਸ਼ਨ ਦਾਇਰ ਕੀਤੀ। ਇਹ ਬੇਨਤੀ 4 ਜੂਨ ਨੂੰ ਵਧੀਕ ਸੈਸ਼ਨ ਜੱਜ ਚੰਦਰਜੀਤ ਸਿੰਘ ਦੇ ਸਾਹਮਣੇ ਪੇਸ਼ ਕੀਤਾ ਗਿਆ ਸੀ ਅਤੇ ਉਨ੍ਹਾਂ ਨੇ ਨੂੰ ਅੱਜ ਤੱਕ ਆਪਣਾ ਜਵਾਬ ਦਾਖਲ ਕਰਨ ਦਾ ਨਿਰਦੇਸ਼ ਦਿੱਤਾ ਸੀ। ਏਜੰਸੀ ਨੇ ਹਾਲਾਂਕਿ ਜਵਾਬ ਦਾਖਲ ਕਰਨ ਲਈ ਵੀਰਵਾਰ ਨੂੰ ਹੋਰ ਸਮਾਂ ਮੰਗਿਆ। ਦੱਸ ਦੇਈਏ ਕਿ ਰਸ਼ੀਦ 2019 ਤੋਂ ਜੇਲ੍ਹ ਵਿਚ ਹੈ, ਜਦੋਂ ਨੇ ਉਨ੍ਹਾਂ 'ਤੇ ਅੱਤਵਾਦ ਵਿੱਤ ਪੋਸ਼ਣ ਮਾਮਲੇ ਵਿਚ ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ ਤਹਿਤ ਦੋਸ਼ ਲਾਇਆ ਸੀ। ਉਹ ਫ਼ਿਲਹਾਲ ਤਿਹਾੜ ਜੇਲ੍ਹ ਵਿਚ ਬੰਦ ਹਨ।

## ਐਨਡੀਏ ਬੈਠਕ 'ਚ ਪੀ.ਐੱਮ. ਮੋਦੀ ਨੇ ਮੁੱਖ ਮੰਤਰੀ ਯੋਗੀ ਦੀ ਪਿੱਠ ਥਾਪੜੀ

ਨਵੀਂ ਦਿੱਲੀ 7 ਜੂਨ। ਪੁਰਾਣੀ ਸੰਸਦ ਦੇ ਸੈਂਟਰਲ ਹਾਲ ਵਿੱਚ ਕੌਮੀ ਜਮਹੂਰੀ ਗਠਜੋੜ (ਐਨਡੀਏ) ਦੇ ਸੰਸਦ ਮੈਂਬਰਾਂ ਦੀ ਮੀਟਿੰਗ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉੱਤਰ ਪ੍ਰਦੇਸ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਦੀ ਪਿੱਠ ਥਾਪੜੀ ਅਤੇ ਭਾਜਪਾ ਦੇ ਵਿਰੋਧੀਆਂ ਨੂੰ 'ਵੱਡਾ ਸੁਨੇਹਾ' ਦਿੱਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਭਗਵਾ ਬਲਾਕ ਦਾ ਨੇਤਾ ਚੁਣੇ ਜਾਣ ਤੋਂ ਬਾਅਦ ਉਨ੍ਹਾਂ ਦੇ ਭਾਸਣ ਤੋਂ ਬਾਅਦ ਐਨਡੀਏ ਸੰਸਦ ਮੈਂਬਰਾਂ, ਭਾਜਪਾ ਦੇ ਮੁੱਖ ਮੰਤਰੀਆਂ, ਨੇਤਾਵਾਂ ਦੁਆਰਾ ਸੁਆਗਤ ਕੀਤੇ ਜਾਣ ਤੋਂ ਬਾਅਦ ਉਸ ਪਲ ਨੂੰ ਲੈ ਕੇ ਕੈਮਰੇ ਵਿਚ ਕੈਦ ਕਰ ਲਿਆ ਗਿਆ। ਸਿਆਸੀ ਵਿਸਲੇਸਕਾਂ ਅਨੁਸਾਰ, ਯੋਗੀ ਆਦਿਤਿਆਨਾਥ ਵੱਲ ਪ੍ਰਧਾਨ ਮੰਤਰੀ ਦਾ ਇਸਾਰਾ ਇੱਕ ਵੱਡਾ ਸੰਦੇਸ ਭੇਜਣ ਅਤੇ ਅਫਵਾਹਾਂ ਫੈਲਾਉਣ ਦੀ ਕੋਸ਼ਿਸ਼ ਕਰਨ ਵਾਲਿਆਂ ਨੂੰ ਚੁੱਪ ਕਰਾਉਣ ਦੀ ਸੰਭਾਵਨਾ ਹੈ ਜਿਹੜੇ ਇਹ ਅਫਵਾਹ ਫੈਲਾਉਣ ਦੀ ਕੋਸ਼ਿਸ਼ ਕਰਦੇ ਹਨ ਕਿ ਭਾਜਪਾ ਦੇ ਦੋ ਨੇਤਾਵਾਂ ਵਿੱਚ ਸਭ ਕੁਝ ਠੀਕ ਨਹੀਂ ਹੈ। ਐਨਡੀਏ ਮੀਟਿੰਗ ਦੇ ਹੋਰ ਪਲਾਂ ਨੂੰ ਉਜਾਗਰ ਕਰਦੇ ਹੋਏ, ਟੀਡੀਪੀ ਮੁਖੀ ਚੰਦਰਬਾਬੂ ਨਾਇਡੂ ਅਤੇ ਜਨ ਸੈਨਾ ਪਾਰਟੀ ਦੇ ਮੁਖੀ ਪਵਨ ਕਲਿਆਣ ਨੇ ਗਠਜੋੜ ਦਾ ਨੇਤਾ ਚੁਣੇ ਜਾਣ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਵਧਾਈ ਦਿੱਤੀ। ਐਨਡੀਏ ਆਗੂ ਚੁਣੇ ਜਾਣ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲਗਾਤਾਰ ਤੀਜੀ ਵਾਰ ਕੇਂਦਰ ਵਿੱਚ ਅਗਲੀ ਸਰਕਾਰ ਬਣਾਉਣ ਦਾ ਦਾਅਵਾ ਪੇਸ ਕਰਨ ਤੋਂ ਪਹਿਲਾਂ ਭਾਜਪਾ ਦੇ ਸੀਨੀਅਰ ਆਗੂ ਲਾਲ ਕ੍ਰਿਸਨ ਅਡਵਾਨੀ ਨਾਲ ਉਨ੍ਹਾਂ ਦੀ ਰਿਹਾਇਸ 'ਤੇ ਮੁਲਾਕਾਤ ਕੀਤੀ। ਐਨਡੀਏ ਸੰਸਦੀ ਦਲ ਦਾ ਨੇਤਾ, ਭਾਜਪਾ ਸੰਸਦੀ ਦਲ ਦਾ ਨੇਤਾ ਅਤੇ ਲੋਕ ਸਭਾ ਵਿਚ ਭਾਜਪਾ ਦਾ ਨੇਤਾ ਚੁਣੇ ਜਾਣ ਤੋਂ ਤੁਰੰਤ ਬਾਅਦ ਮੋਦੀ ਨੇ ਮੋਦੀ ਨੇ ਅਡਵਾਨੀ ਨਾਲ ਮੁਲਾਕਾਤ ਕੀਤੀ। ਬਾਅਦ ਵਿੱਚ ਉਹ ਸਰਕਾਰ ਬਣਾਉਣ ਦਾ ਦਾਅਵਾ ਪੇਸ ਕਰਨ ਲਈ ਰਾਸਟਰਪਤੀ ਦ੍ਰੋਪਦੀ ਮੁਰਮੂ ਨੂੰ ਮਿਲਣ ਲਈ ਰਾਸਟਰਪਤੀ ਭਵਨ ਗਏ ਸੀ। ਜਦੋਂ ਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਨੂੰ 240 ਸੀਟਾਂ ਮਿਲੀਆਂ ਹਨ, ਜਦਕਿ ਰਾਸਟਰੀ ਜਮਹੂਰੀ ਗਠਜੋੜ (ਐਨ.ਡੀ.ਏ.) ਨੂੰ 293 ਸੀਟਾਂ ਮਿਲੀਆਂ ਹਨ ਅਤੇ 543 ਮੈਂਬਰੀ ਲੋਕ ਸਭਾ ਵਿੱਚ ਬਹੁਮਤ ਹੈ।

## ਅਜੀਤ ਧੜੇ ਦੇ 10 ਤੋਂ 15 ਵਿਧਾਇਕ ਸਰਦ ਪਵਾਰ ਦੇ ਸੰਪਰਕ 'ਚ

ਪੁਣੇ, 7 ਜੂਨ। ਮਹਾਰਾਸਟਰ 'ਚ ਰਾਸਟਰਵਾਦੀ ਕਾਂਗਰਸ ਪਾਰਟੀ (ਰਾਕਾਂਪਾ) (ਅਜੀਤ ਧੜਾ) ਦੇ ਘੱਟੋ-ਘੱਟ 10 ਤੋਂ 15 ਵਿਧਾਇਕ ਰਾਸਟਰਵਾਦੀ ਕਾਂਗਰਸ ਪਾਰਟੀ (ਰਾਕਾਂਪਾ) (ਸਰਦ ਧੜੇ) ਦੇ ਮੁਖੀ ਸਰਦ ਪਵਾਰ ਦੇ ਸੰਪਰਕ ਵਿਚ ਹਨ ਅਤੇ ਕਦੇ ਵੀ ਉਪ-ਮੁੱਖ ਮੰਤਰੀ ਅਜੀਤ ਪਵਾਰ ਦਾ ਸਾਥ ਛੱਡ ਸਕਦੇ ਹਨ। ਸੂਤਰਾਂ ਨੇ ਵੀਰਵਾਰ ਨੂੰ ਇੱਥੇ ਇਹ ਜਾਣਕਾਰੀ ਦਿੱਤੀ। ਸ਼ਿਵ ਸੈਨਾ (ਸ਼ਿੰਦੇ ਧੜੇ) ਵੱਲੋਂ ਮੰਤਰੀ ਮੰਡਲ ਦੇ ਵਿਸਥਾਰ ਦੀ ਮੰਗ ਦਰਮਿਆਨ ਮਹਾਰਾਸਟਰ ਦੀ ਸਿਆਸਤ 'ਚ ਇਕ ਹੋਰ ਸੰਕਟ ਪੈਦਾ ਹੋਣ ਦੀ ਖਬਰ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਮੁੰਬਈ 'ਚ ਰਾਕਾਂਪਾ (ਅਜੀਤ ਧੜੇ) ਦੇ ਵਿਧਾਇਕਾਂ ਦੀ ਮੀਟਿੰਗ ਕੌਮੀ ਪ੍ਰਧਾਨ ਅਜੀਤ ਪਵਾਰ ਦੀ ਪ੍ਰਧਾਨਗੀ ਹੇਠ ਹੋਈ। ਪਾਰਟੀ ਵਿਧਾਇਕਾਂ ਨੇ ਵੀ 15 ਦਿਨਾਂ ਦੇ ਅੰਦਰ ਮੰਤਰੀ ਮੰਡਲ ਦੇ ਵਿਸਥਾਰ ਦੀ ਮੰਗ ਕੀਤੀ ਹੈ। ਮਹਾਰਾਸਟਰ 'ਚ ਅਜੀਤ ਪਵਾਰ ਦੇ ਏਕਨਾਥ ਸ਼ਿੰਦੇ ਦੀ ਅਗਵਾਈ ਵਾਲੀ ਗੱਠਜੋੜ ਸਰਕਾਰ 'ਚ ਸਾਮਲ ਹੋਣ ਤੋਂ ਬਾਅਦ ਮੰਤਰੀ ਮੰਡਲ ਦਾ ਕੋਈ ਵਿਸਥਾਰ ਨਹੀਂ ਹੋਇਆ ਹੈ। ਮਹਾਰਾਸਟਰ ਦੇ ਉਪ-ਮੁੱਖ ਮੰਤਰੀ ਅਜੀਤ ਪਵਾਰ ਨੇ ਲੋਕ ਸਭਾ ਚੋਣਾਂ 'ਚ ਆਪਣੀ ਪਾਰਟੀ ਰਾਕਾਂਪਾ ਦੇ ਮਾੜੇ ਪ੍ਰਦਰਸਨ ਤੋਂ ਬਾਅਦ ਆਪਣੇ ਵਿਧਾਇਕਾਂ ਨਾਲ ਮੀਟਿੰਗ ਕੀਤੀ। ਮੀਟਿੰਗ 'ਚ ਰਾਕਾਂਪਾ ਦੇ ਕੌਮੀ ਪ੍ਰਧਾਨ ਅਜੀਤ ਪਵਾਰ, ਪਾਰਟੀ ਦੇ ਕਾਰਜਕਾਰੀ ਪ੍ਰਧਾਨ ਪ੍ਰਫੁੱਲ ਪਟੇਲ ਅਤੇ ਸੂਬਾ ਇਕਾਈ ਦੇ ਪ੍ਰਧਾਨ ਅਤੇ ਰਾਏਗੜ੍ਹ ਸੀਟ ਤੋਂ ਇਸ ਵਾਰ ਵੀ ਜਿੱਤ ਹਾਸਲ ਕਰਨ ਵਾਲੇ ਸੁਨੀਲ ਤਟਕਰੇ ਵੀ ਹਾਜਰ ਸਨ। ਸੂਤਰਾਂ ਨੇ ਦੱਸਿਆ ਕਿ ਪਾਰਟੀ ਦੇ 41 ਵਿਧਾਇਕਾਂ 'ਚੋਂ 5 ਗੈਰ ਹਾਜਰ ਸਨ।

## ਕੁਮਾਰੀ ਸ਼ੈਲਜਾ ਬੋਲੀ- ਪਿਕਚਰ ਅਜੇ ਬਾਕੀ ਹੈ

ਚੰਡੀਗੜ੍ਹ 7 ਜੂਨ। ਕਾਂਗਰਸ ਜਨਰਲ ਸਕੱਤਰ ਕੁਮਾਰੀ ਸ਼ੈਲਜਾ ਨੇ ਵੀਰਵਾਰ ਨੂੰ ਕਿਹਾ ਕਿ ਲੋਕ ਸਭਾ ਚੋਣਾਂ ਵਿਚ ਭਾਜਪਾ ਨੂੰ 'ਟ੍ਰੇਲਰ' ਵਿਖਾਉਣ ਵਾਲੀ ਜਨਤਾ ਵਿਧਾਨ ਸਭਾ ਚੋਣਾਂ ਵਿਚ ਪੂਰੀ ਪਿਕਚਰ ਵਿਖਾਏਗੀ। ਸਿਰਸਾ ਤੋਂ ਚੁਣੀ ਗਈ ਸੰਸਦ ਮੈਂਬਰ ਸ਼ੈਲਜਾ ਨੇ ਦਾਅਵਾ ਕੀਤਾ ਕਿ ਲੋਕ ਸਭਾ ਚੋਣਾਂ ਤੋਂ ਸਾਫ ਹੋ ਗਿਆ ਹੈ ਕਿ ਸੂਬੇ ਵਿਚ ਅਗਲੀ ਸਰਕਾਰ ਕਾਂਗਰਸ ਹੀ ਬਣਾਏਗੀ। ਲੋਕ ਸਭਾ ਚੋਣਾਂ ਵਿਚ ਹਰਿਆਣਾ ਦੀਆਂ 10 ਸੀਟਾਂ ਵਿਚੋਂ 5 ਸੀਟਾਂ ਕਾਂਗਰਸ ਜਿੱਤੀ ਹੈ ਅਤੇ 5 ਭਾਜਪਾ ਨੂੰ ਮਿਲੀਆਂ। ਜਦਕਿ ਪਿਛਲੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਸਾਰੀਆਂ 10 ਸੀਟਾਂ ਜਿੱਤੀਆਂ ਸਨ। ਹਰਿਆਣਾ ਵਿਚ ਵਿਧਾਨ ਸਭਾ ਚੋਣਾਂ ਇਸ ਸਾਲ ਦੇ ਅਖੀਰ ਵਿਚ ਹੋਣਗੀਆਂ। ਕੁਮਾਰੀ ਸ਼ੈਲਜਾ ਨੇ ਕਿਹਾ ਕਿ ਵਿਧਾਨ ਸਭਾ ਚੋਣਾਂ ਦੀ ਬਿਸਾਤ ਵਿਛ ਚੁੱਕੀ ਹੈ, ਕਾਂਗਰਸ ਦਾ ਹਰ ਵਰਕਰ ਚੋਣਾਵੀ ਜੰਗ ਲਈ ਤਿਆਰ ਹੈ। ਉਨ੍ਹਾਂ ਨੇ ਕਿਹਾ ਕਿ ਲੋਕ ਸਭਾ ਚੋਣਾਂ ਵਿਚ ਹਰਿਆਣਾ ਦੀ ਜਨਤਾ ਨੇ ਮੋਦੀ ਮੈਜਿਕ ਦੀ ਹਵਾ ਕੱਢ ਕੇ ਰੱਖ ਦਿੱਤੀ ਹੈ।

## ਸੰਸਦ ਦੀ ਸੁਰੱਖਿਆ ਕੁਤਾਹੀ ਮਾਮਲਾ: ਦਿੱਲੀ ਪੁਲਸ ਨੇ 6 ਦੋਸ਼ੀਆਂ ਖਿਲਾਫ ਦਾਇਰ ਕੀਤੀ ਚਾਰਜਸ਼ੀਟ

ਨਵਦੀਪ ਸਿੰਘ ਸਾਹਨੀ

ਨਵੀਂ ਦਿੱਲੀ 7 ਜੂਨ। ਦਿੱਲੀ ਪੁਲਸ ਨੇ ਸੰਸਦ ਦੀ ਸੁਰੱਖਿਆ ਕੁਤਾਹੀ ਮਾਮਲੇ 'ਚ ਸ਼ੁੱਕਰਵਾਰ ਨੂੰ ਇੱਥੇ ਇਕ ਅਦਾਲਤ 'ਚ 6 ਦੋਸ਼ੀਆਂ ਖਿਲਾਫ ਦੋਸ਼ ਪੱਤਰ ਦਾਇਰ ਕੀਤਾ। ਵਧੀਕ ਸੈਸ਼ਨ ਜੱਜ ਹਰਦੀਪ ਕੌਰ ਦੇ ਸਾਹਮਣੇ ਦਾਇਰ 1000 ਪੰਨਿਆਂ ਦੀ ਚਾਰਜਸ਼ੀਟ ਵਿਚ ਮੁਲਜਮ ਦੇ ਤੌਰ 'ਤੇ ਮਨੋਰੰਜਨ ਡੀ, ਲਲਿਤ ਝਾਅ, ਅਮੋਲ ਸ਼ਿੰਦੇ, ਮਹੇਸ਼ ਕੁਮਾਵਤ, ਸਾਗਰ ਸ਼ਰਮਾ ਅਤੇ ਨੀਲਮ ਆਜਾਦ ਦੇ ਨਾਂ ਹਨ। ਅੰਤਿਮ ਰਿਪੋਰਟ 'ਗੈਰ-ਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ' () ਅਤੇ ਦੀਆਂ ਸਬੰਧਤ ਧਾਰਾਵਾਂ ਤਹਿਤ ਦਾਇਰ ਕੀਤੀ ਗਈ ਸੀ। ਵਿਸੇਸ ਸਰਕਾਰੀ ਵਕੀਲ ਅਖੰਡ ਪ੍ਰਤਾਪ ਸਿੰਘ ਨੇ ਅਦਾਲਤ ਨੂੰ ਇਹ ਵੀ ਦੱਸਿਆ ਕਿ ਦੀ ਧਾਰਾ-186 ਅਤੇ ਦੀ ਧਾਰਾ-13 ਤਹਿਤ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦੀ ਵੀ ਉਡੀਕ ਹੈ, ਜਿਸ ਲਈ ਦੋ ਹਫਤਿਆਂ ਵਿਚ ਪੂਰਕ ਚਾਰਜਸੀਟ ਦਾਇਰ ਕੀਤੀ ਜਾਵੇਗੀ।



ਅਦਾਲਤ ਨੇ ਪੂਰਕ ਚਾਰਜਸੀਟ ਦਾਖਲ ਕਰਨ ਲਈ 15 ਜੁਲਾਈ ਦੀ ਤਾਰੀਖ ਤੈਅ ਕੀਤੀ ਹੈ। ਸਾਰੇ 6 ਮੁਲਜਮਾਂ ਦੀ ਨਿਆਂਇਕ ਹਿਰਾਸਤ ਖਤਮ ਹੋਣ ਤੋਂ ਬਾਅਦ ਉਨ੍ਹਾਂ ਨੂੰ ਅਦਾਲਤ ਵਿਚ ਪੇਸ ਕੀਤਾ ਗਿਆ ਅਤੇ ਉਨ੍ਹਾਂ ਦੀ ਨਿਆਂਇਕ ਹਿਰਾਸਤ 15 ਜੁਲਾਈ ਤੱਕ ਵਧਾ ਦਿੱਤੀ ਗਈ। ਦੱਸਣਯੋਗ ਹੈ ਕਿ ਪਿਛਲੇ ਸਾਲ 13 ਦਸੰਬਰ ਨੂੰ 23 ਸਾਲ ਪਹਿਲਾਂ 13 ਦਸੰਬਰ 2001 ਨੂੰ ਸੰਸਦ 'ਤੇ ਹੋਏ ਅੱਤਵਾਦੀ ਹਮਲੇ ਦੀ ਬਰਸੀ ਮੌਕੇ ਇਕ ਵੱਡੀ ਸੁਰੱਖਿਆ ਕੁਤਾਹੀ ਹੋਈ ਸੀ। ਦੋਸ਼ੀ ਸਾਗਰ ਸ਼ਰਮਾ ਅਤੇ ਮਨੋਰੰਜਨ ਡੀ ਸਿਫਰਕਾਲ ਦੌਰਾਨ ਸੰਸਦ ਦੀ ਗੈਲਰੀ ਤੋਂ ਲੋਕ ਸਭਾ ਦੀ ਦਰਸ਼ਕ ਗੈਲਰੀ ਵਿਚ ਛਾਲ ਮਾਰ ਦਿੱਤੀ ਸੀ। ਉਨ੍ਹਾਂ ਨੇ ਰੰਗੀਨ ਸਮੋਕ ਕੈਨ ਛੱਡ ਕੇ ਨਾਅਰੇ ਲਾਏ ਸਨ। ਇਸ ਮਾਮਲੇ ਵਿਚ ਮੁਲਜਮਾਂ- ਸਾਗਰ ਸ਼ਰਮਾ, ਨੀਲਮ ਆਜਾਦ, ਮਹੇਸ਼ ਕੁਮਾਵਤ, ਲਲਿਤ ਝਾਅ, ਮਨੋਰੰਜਨ ਡੀ ਅਤੇ ਅਮੋਲ ਸ਼ਿੰਦੇ ਨੂੰ ਦਿੱਲੀ ਪੁਲਸ ਨੇ ਗ੍ਰਿਫਤਾਰ ਕੀਤਾ ਸੀ।

## ਰਾਹੁਲ ਗਾਂਧੀ ਨੂੰ ਮਿਲੀ ਰਾਹਤ, ਬੇਂਗਲੁਰੂ ਦੀ ਵਿਸ਼ੇਸ਼ ਅਦਾਲਤ ਨੇ ਮਾਣਹਾਨੀ ਦੇ ਕੇਸ 'ਚ ਦਿੱਤੀ ਜਮਾਨਤ

ਮੁੰਬਈ 7 ਜੂਨ। ਕਾਂਗਰਸ ਦੇ ਸੀਨੀਅਰ ਨੇਤਾ ਰਾਹੁਲ ਗਾਂਧੀ ਨੂੰ ਮਾਣਹਾਨੀ ਮਾਮਲੇ 'ਚ ਬੇਂਗਲੁਰੂ ਦੀ ਵਿਸੇਸ ਅਦਾਲਤ ਤੋਂ ਜਮਾਨਤ ਮਿਲ ਗਈ ਹੈ। ਇਹ ਮਾਮਲਾ ਪਿਛਲੀਆਂ ਵਿਧਾਨ ਸਭਾ ਚੋਣਾਂ ਨਾਲ ਸਬੰਧਤ ਹੈ, ਜਦੋਂ ਰਾਹੁਲ ਗਾਂਧੀ ਨੇ ਤਤਕਾਲੀ ਮੁੱਖ ਮੰਤਰੀ ਬਸਵਰਾਜ ਬੋਮਈ 'ਤੇ ਕਮਿਸਨ ਗਬਨ ਦਾ ਦੋਸ ਲਾਇਆ ਸੀ। ਇਸ ਤੋਂ ਬਾਅਦ ਭਾਜਪਾ ਨੇਤਾ ਨੇ ਰਾਹੁਲ 'ਤੇ ਮਾਮਲਾ ਦਰਜ ਕਰਵਾਇਆ ਸੀ। ਇਸ ਮਾਮਲੇ 'ਚ ਭਾਜਪਾ ਦੇ ਵਕੀਲ ਵਿਨੋਦ ਨੇ ਕਿਹਾ ਕਿ 2023 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਨੇ ਇਕ ਇਸਤਿਹਾਰ ਪ੍ਰਕਾਸ਼ਿਤ ਕੀਤਾ ਸੀ, ਜਿਸ 'ਚ ਕਿਹਾ ਗਿਆ ਸੀ ਕਿ ਭਾਜਪਾ ਸਰਕਾਰ ਹੈ। ਇਹ ਗਲਤ ਇਲਜਾਮ ਹੈ। ਇਸ 'ਤੇ ਅਸੀਂ ਅਦਾਲਤ ਤੱਕ ਪਹੁੰਚ ਕੀਤੀ। ਦੋ ਦੋਸੀਆਂ ਨੂੰ ਜਮਾਨਤ ਮਿਲ ਗਈ ਹੈ। ਰਾਹੁਲ ਗਾਂਧੀ ਨੇ ਨਿੱਜੀ ਪੇਸੀ ਤੋਂ ਛੋਟ ਮੰਗੀ ਸੀ। ਦੱਸ ਦੇਈਏ ਕਿ ਇਸ ਮਾਮਲੇ ਵਿੱਚ ਕਾਂਗਰਸ ਨੇਤਾ ਅਤੇ ਡਿਪਟੀ ਸੀਐਮ ਡੀਕੇ ਸ਼ਿਵਕੁਮਾਰ ਅਤੇ ਮੁੱਖ ਮੰਤਰੀ ਸਿੱਧਰਮਈਆ ਵੀ ਦੋਸੀ ਹਨ। ਪਰ ਅਦਾਲਤ ਨੇ ਦੋਵਾਂ ਨੂੰ ਜਮਾਨਤ ਦੇ ਦਿੱਤੀ ਸੀ। ਇਸ ਮਾਮਲੇ 'ਚ ਕਰਨਾਟਕ ਭਾਜਪਾ ਨੇ ਕਾਂਗਰਸ 'ਤੇ ਮੁੱਖ ਧਾਰਾ ਦੇ ਅਖਬਾਰਾਂ 'ਚ ਕਥਿਤ ਤੌਰ 'ਤੇ ਝੂਠੇ ਇਸਤਿਹਾਰ ਜਾਰੀ ਕਰਨ ਦਾ ਦੋਸ ਲਗਾਇਆ ਸੀ।

## ਥੱਪੜ ਕਾਂਡ 'ਤੇ ਕੰਗਨਾ ਰਣੌਤ ਦੀ ਭੈਣ ਰੰਗੋਲੀ ਚੰਦੇਲ ਦੀ ਪ੍ਰਤੀਕਿਰਿਆ, 'ਖਾਲਿਸਤਾਨੀਆਂ ਤੋਂ ਆਈ ਹੋਵੇਗੀ ਵੱਡੀ ਰਕਮ'

ਤੇਜਿੰਦਰ ਕੌਰ ਬੱਬਰ

ਚੰਡੀਗੜ੍ਹ 7 ਜੂਨ। ਚੰਡੀਗੜ੍ਹ ਏਅਰਪੋਰਟ 'ਤੇ ਸੁਰੱਖਿਆ ਜਾਂਚ ਲਈ ਜਾ ਰਹੀ ਬਾਲੀਵੁੱਡ ਅਦਾਕਾਰਾ ਕੰਗਨਾ ਨੂੰ ਦੀ ਮਹਿਲਾ ਗਾਰਡ ਨੇ ਥੱਪੜ ਮਾਰ ਦਿੱਤਾ। ਕੰਗਨਾ ਨੇ ਵੀਡੀਓ ਪੋਸਟ ਕਰਕੇ ਖੁਲਾਸਾ ਕੀਤਾ ਕਿ ਉਸਨੇ ਗਾਰਡ ਨੂੰ ਥੱਪੜ ਮਾਰਨ ਦਾ ਕਾਰਨ ਵੀ ਪੁੱਛਿਆ। ਹੁਣ ਇਸ ਬਾਰੇ 'ਚ ਮਣੀਕਰਨਿਕਾ ਅਦਾਕਾਰਾ ਕੰਗਨਾ ਦੀ ਭੈਣ ਰੰਗੋਲੀ ਚੰਦੇਲ ਨੇ ਥੱਪੜ ਮਾਰਨ ਦੀ ਘਟਨਾ 'ਤੇ ਪ੍ਰਤੀਕਿਰਿਆ ਦਿੱਤੀ ਹੈ। ਰੰਗੋਲੀ ਨੇ ਵੀਡੀਓ ਸ਼ੇਅਰ ਕਰਦੇ ਹੋਏ ਸੀਆਈਐਸਐਫ ਕਾਂਸਟੇਬਲ ਕੁਲਵਿੰਦਰ ਕੌਰ ਨੂੰ ਖਾਲਿਸਤਾਨੀ ਦੱਸਿਆ ਹੈ। ਇਸ ਦੇ ਨਾਲ ਹੀ ਰੰਗੋਲੀ ਨੇ ਮਾਮਲੇ ਨੂੰ ਲੈ ਕੇ ਪੂਰੇ ਪੰਜਾਬ 'ਤੇ ਵੀ ਨਿਸਾਨਾ ਸਾਧਿਆ ਹੈ। ਰੰਗੋਲੀ ਚੰਦੇਲ ਨੇ ਆਪਣੇ ਇੰਸਟਾਗ੍ਰਾਮ ਸਟੋਰੀਜ 'ਤੇ ਲਿਖਿਆ, "ਖਾਲਿਸਤਾਨੀਆਂ ਦੀ ਬਸ ਇਹੀ ਔਕਾਤ ਹੈ... ਪਿੱਛੇ ਤੋਂ ਪਲਾਨ ਬਣਾਉਣਾ ਅਤੇ ਹਮਲਾ ਕਰਨਾ... ਪਰ ਮੇਰੀ ਭੈਣ ਦੀ ਰੀੜ੍ਹ ਦੀ ਹੱਡੀ ਸਟੀਲ ਦੀ ਬਣੀ ਹੋਈ ਹੈ... ਉਹ ਖੁਦ ਨੂੰ ਸੰਭਾਲ ਲਵੇਗੀ ਆਪਣੇ ਦਮ 'ਤੇ।" ਪਰ... ਪੰਜਾਬ ਤੇਰਾ ਕੀ ਹੋਵੇਗਾ #ਕਿਸਾਨਾਂ ਦਾ ਵਿਰੋਧ ਇੱਕ ਖਾਲਿਸਤਾਨੀ ਅੱਡਾ ਸੀ... ਇਹ ਇਕ ਵਾਰ ਫਿਰ ਸਾਬਤ ਹੋ ਗਿਆ!!...ਇਹ ਇੱਕ ਗੰਭੀਰ ਸੁਰੱਖਿਆ ਖਤਰਾ ਸੀ...ਇਸ ਨੂੰ ਸਿਖਰ 'ਤੇ ਲਿਜਾਣ ਦੀ ਲੋੜ ਹੈ!!" ਇੱਕ ਹੋਰ ਸਟੋਰੀ ਵਿੱਚ ਉਸ ਨੇ ਲਿਖਿਆ, "ਉਸ ਨੂੰ ਮੁਅੱਤਲ ਕਰਨ ਨਾਲ ਕੋਈ ਫਰਕ ਨਹੀਂ ਪਵੇਗਾ... ਖਾਲਿਸਤਾਨੀਆਂ ਤੋਂ ਬਹੁਤ ਵੱਡੀ ਰਕਮ ਆਈ ਹੋਵੇਗੀ... ਰਿਮਾਂਡ 'ਤੇ ਲੈਣਾ ਪਵੇਗਾ ਇਸ ਨੂੰ।" ਰੰਗੋਲੀ ਨੇ ਇਸ ਥੱਪੜ ਦੀ ਘਟਨਾ ਦੀ ਇੰਦਰਾ ਗਾਂਧੀ 'ਤੇ ਹੋਏ



ਹਮਲੇ ਨਾਲ ਤੁਲਨਾ ਕਰਦੇ ਹੋਏ ਇੱਕ ਫੋਟੋ ਵੀ ਸੇਅਰ ਕੀਤੀ। ਕੰਗਨਾ ਨੇ ਵੀਡੀਓ ਪੋਸਟ ਕਰਕੇ ਖੁਲਾਸਾ ਕੀਤਾ ਕਿ ਉਸਨੇ ਗਾਰਡ ਨੂੰ ਥੱਪੜ ਮਾਰਨ ਦਾ ਕਾਰਨ ਵੀ ਪੁੱਛਿਆ। ਜਿਸ 'ਤੇ ਗਾਰਡ ਨੇ ਜਵਾਬ ਦਿੱਤਾ ਕਿ ਉਹ ਕਿਸਾਨ ਵਿਰੋਧ ਸਮਰਥਕ ਹੈ ਅਤੇ ਇਸ ਮਾਮਲੇ 'ਤੇ ਕੰਗਨਾ ਦੇ ਰੁਖ ਤੋਂ ਨਾਰਾਜ ਸੀ। ਕੰਗਨਾ ਰਣੌਤ ਨੇ ਕਿਹਾ, "ਹੈਲੋ ਦੋਸਤੋ! ਮੈਨੂੰ ਮੀਡੀਆ ਅਤੇ ਮੇਰੇ ਸੁਭਚਿੰਤਕਾਂ ਦੇ ਕਈ ਫੋਨ ਆ ਰਹੇ ਹਨ। ਸਭ ਤੋਂ ਪਹਿਲਾਂ, ਮੈਂ ਸੁਰੱਖਿਅਤ ਹਾਂ ਅਤੇ ਬਿਲਕੁਲ ਠੀਕ ਹਾਂ। ਚੰਡੀਗੜ੍ਹ ਏਅਰਪੋਰਟ 'ਤੇ ਅੱਜ ਵਾਪਰਿਆ ਹਾਦਸਾ ਸੁਰੱਖਿਆ ਜਾਂਚ ਦੌਰਾਨ ਵਾਪਰਿਆ। ਜਿਵੇਂ ਹੀ ਮੈਂ ਅੱਗੇ ਵਧੀ ਦੂਜੇ ਕੈਬਿਨ ਵਿਚ ਸੀਆਈਐਸਐਫ ਦੀ ਸੁਰੱਖਿਆ ਗਾਰਡ ਮੇਰੇ ਲੰਘਣ ਦਾ ਇੰਤਜਾਰ ਕਰ ਰਹੀ ਸੀ ਅਤੇ ਫਿਰ ਉਸ ਨੇ ਮੇਰੇ ਮੂੰਹ 'ਤੇ ਮਾਰਿਆ। ਜਦੋਂ ਮੈਂ ਉਸਨੂੰ ਪੁੱਛਿਆ ਕਿ ਉਸਨੇ ਮੈਨੂੰ ਕਿਉਂ ਮਾਰਿਆ ਤਾਂ ਉਸਨੇ ਕਿਹਾ ਕਿ ਉਹ ਕਿਸਾਨ ਪ੍ਰਦਰਸਨ ਦੀ ਸਮਰਥਕ ਹੈ। ਹੈ ਪਰ ਮੇਰੀ ਚਿੰਤਾ ਇਹ ਹੈ ਕਿ ਅਸੀਂ ਪੰਜਾਬ ਵਿੱਚ ਵੱਧ ਰਹੇ ਅੱਤਵਾਦ ਅਤੇ ਕੱਟੜਪੰਥ ਨੂੰ ਕਿਵੇਂ ਨਜਿੱਠਾਂਗੇ। ਇਨ੍ਹਾਂ ਦੋਸਾਂ ਤੋਂ ਬਾਅਦ ਕੇਂਦਰੀ ਉਦਯੋਗਿਕ ਸੁਰੱਖਿਆ ਬਲ (ਸੀਆਈਐਸਐਫ) ਦੀ ਮਹਿਲਾ ਕਾਂਸਟੇਬਲ ਕੁਲਵਿੰਦਰ ਕੌਰ ਨੂੰ ਸੇਵਾਵਾਂ ਤੋਂ ਮੁਅੱਤਲ ਕਰ ਦਿੱਤਾ ਗਿਆ ਹੈ। ਅਧਿਕਾਰੀਆਂ ਮੁਤਾਬਕ ਉਸ ਵਿਰੁੱਧ ਐਫਆਈਆਰ ਵੀ ਦਰਜ ਕੀਤੀ ਗਈ ਹੈ। ਇਸ ਤੋਂ ਪਹਿਲਾਂ ਮਹਿਲਾ ਕਾਂਸਟੇਬਲ ਕੁਲਵਿੰਦਰ ਕੌਰ ਦੇ ਭਰਾ ਦਾ ਬਿਆਨ ਵੀ ਸਾਹਮਣੇ ਆਇਆ ਸੀ। ਉਸ ਨੇ ਕਿਹਾ ਹੈ ਕਿ ਉਹ ਆਪਣੀ ਭੈਣ ਨਾਲ ਖੜ੍ਹਾ ਹੈ। 35 ਸਾਲਾ ਕੁਲਵਿੰਦਰ ਪੰਜਾਬ ਦੇ ਕਪੂਰਥਲਾ ਜ਼ਿਲ੍ਹੇ ਦੇ ਸੁਲਤਾਨਪੁਰ ਲੋਧੀ ਦੀ ਰਹਿਣ ਵਾਲੀ ਹੈ। ਕੁਲਵਿੰਦਰ ਕੌਰ ਦਾ ਪਤੀ ਵੀ ਸੀਆਈਐਸਐਫ ਵਿੱਚ ਹੈ।

## ਪੀੜਤ ਨੂੰ ਮੁਆਵਜਾ ਦੇਣਾ ਸਜਾ ਘੱਟ ਕਰਨ ਦਾ ਆਧਾਰ ਨਹੀਂ ਹੋ ਸਕਦਾ: ਸੁਪਰੀਮ ਕੋਰਟ

ਨਵੀਂ ਦਿੱਲੀ 7 ਜੂਨ। ਸੁਪਰੀਮ ਕੋਰਟ ਨੇ ਕਿਹਾ ਹੈ ਕਿ ਪੀੜਤ ਨੂੰ ਮੁਆਵਜਾ ਦੇਣਾ ਸਜਾ ਘੱਟ ਕਰਨ ਦਾ ਆਧਾਰ ਨਹੀਂ ਹੋ ਸਕਦਾ। ਅਦਾਲਤ ਨੇ ਕਿਹਾ ਕਿ ਜੇ ਸਜਾ ਘੱਟ ਕਰਨ ਲਈ ਮੁਆਵਜੇ ਦਾ ਭੁਗਤਾਨ ਇਕ ਬਦਲ ਬਣ ਜਾਂਦਾ ਹੈ, ਤਾਂ ਇਸ ਦਾ ਅਪਰਾਧਿਕ ਨਿਆਂ ਪ੍ਰਣਾਲੀ 'ਤੇ 'ਗੰਭੀਰ' ਅਸਰ ਪਵੇਗਾ। ਅਦਾਲਤ ਨੇ ਕਿਹਾ ਕਿ ਅਪਰਾਧਿਕ ਮਾਮਲੇ 'ਚ ਪੀੜਤ ਨੂੰ ਮੁਆਵਜਾ ਦੇਣ ਦਾ ਉਦੇਸ ਉਨ੍ਹਾਂ ਲੋਕਾਂ ਦਾ ਮੁੜ-ਵਸੇਬਾ ਕਰਨਾ ਹੈ, ਜਿਨ੍ਹਾਂ ਨੂੰ ਅਪਰਾਧ ਕਾਰਨ ਨੁਕਸਾਨ ਝੱਲਣਾ ਪਿਆ ਹੋਵੇ ਜਾਂ ਉਨ੍ਹਾਂ ਨੂੰ ਸੱਟ ਲੱਗੀ ਹੋਵੇ ਅਤੇ ਇਹ ਸਜਾ



ਘੱਟ ਕਰਨ ਦਾ ਆਧਾਰ ਨਹੀਂ ਹੋ ਸਕਦਾ। ਅਦਾਲਤ ਨੇ ਕਿਹਾ ਕਿ ਇਸ ਦਾ ਨਤੀਜਾ ਇਹ ਹੋਵੇਗਾ ਕਿ ਅਪਰਾਧੀਆਂ ਕੋਲ ਨਿਆਂ ਤੋਂ ਬਚਣ ਲਈ ਬਹੁਤ ਸਾਰਾ ਪੈਸਾ ਹੋਵੇਗਾ, ਜਿਸ ਨਾਲ ਅਪਰਾਧਿਕ ਕਾਰਵਾਈ ਦਾ ਮਕਸਦ ਹੀ ਖਤਮ ਹੋ ਜਾਵੇਗਾ। ਕ੍ਰਿਮੀਨਲ ਪ੍ਰੋਸੀਜਰ ਕੋਡ (ਸੀ. ਆਰ. ਪੀ. ਸੀ.) ਦੀ ਧਾਰਾ 357 ਅਦਾਲਤ ਨੂੰ ਦੋਸੀ ਠਹਿਰਾਉਣ ਦਾ ਫੈਸਲਾ ਸੁਣਾਉਂਦੇ ਸਮੇਂ ਪੀੜਤਾਂ ਨੂੰ ਮੁਆਵਜਾ ਦੇਣ ਦਾ ਅਧਿਕਾਰ ਦਿੰਦੀ ਹੈ। ਜਸਟਿਸ ਜੇ. ਬੀ. ਜਸਟਿਸ ਪਾਰਦੀਵਾਲਾ ਅਤੇ ਜਸਟਿਸ ਮਨੋਜ ਮਿਸਰਾ ਦੀ ਬੈਂਚ ਨੇ ਕਿਹਾ, "ਪੀੜਤ ਨੂੰ ਮੁਆਵਜਾ ਦੇਣਾ ਦੋਸ਼ੀ 'ਤੇ ਲਾਈ ਗਈ ਸਜਾ ਨੂੰ ਘੱਟ ਕਰਨ ਦਾ ਆਧਾਰ ਨਹੀਂ ਹੋ ਸਕਦਾ ਹੈ, ਕਿਉਂਕਿ ਪੀੜਤ ਨੂੰ ਮੁਆਵਜਾ ਦੇਣਾ ਕੋਈ ਸਜਾਯੋਗ ਉਪਾਅ ਨਹੀਂ ਹੈ ਅਤੇ ਇਸ ਦਾ ਰੁਝਾਨ ਸਿਰਫ ਭਰਪਾਈ ਹੈ।"

# ਹਨ੍ਹੇਰੀ ਨਾਲ ਡਿੱਗਿਆ ਪਾਰਾ: ਜਾਰੀ ਰਹੇਗਾ 'ਯੈਲੋ ਅਲਰਟ'

ਜਲੰਧਰ 7 ਜੂਨ। ਮਹਾਨਗਰ ਜਲੰਧਰ ਦੇ ਪਾਰੇ (ਤਾਪਮਾਨ) ਵਿਚ ਬੀਤੇ ਦਿਨ 2 ਡਿਗਰੀ ਦੇ ਲਗਭਗ ਗਿਰਾਵਟ ਦਰਜ ਹੋਈ, ਜਿਸ ਨਾਲ ਸ਼ਹਿਰ ਵਾਸੀਆਂ ਨੇ ਕੁਝ ਸੁੱਖ ਦਾ ਸਾਹ ਲਿਆ। ਬੀਤੀ ਸ਼ਾਮੀਂ ਚੱਲੀ ਹਨ੍ਹੇਰੀ ਕਾਰਨ ਮੌਸਮ ਵਿਚ ਬਦਲਾਅ ਹੋਇਆ। ਇਸੇ ਸਿਲਸਿਲੇ ਵਿਚ ਅਗਲੇ ਕੁਝ ਦਿਨਾਂ ਤਕ ਯੈਲੋ ਅਲਰਟ ਜਾਰੀ ਰਹੇਗਾ ਅਤੇ ਮੀਂਹ ਪੈਣ ਦੀ ਸੰਭਾਵਨਾ ਪ੍ਰਗਟਾਈ ਗਈ ਹੈ। ਮੌਸਮ ਵਿਭਾਗ ਦੇ ਅੰਕੜਿਆਂ ਮੁਤਾਬਕ ਆਉਣ ਵਾਲੇ ਦਿਨਾਂ ਤੋਂ ਗਰਮੀ ਤੋਂ ਰਾਹਤ ਮਿਲਣ ਦੀ ਉਮੀਦ ਹੈ। ਅੱਜ ਸ਼ਾਮੀਂ ਹਨੇਰੀ ਦਾ ਕਹਿਰ ਦੇਖਣ ਨੂੰ ਮਿਲਿਆ। ਕਈ ਥਾਵਾਂ 'ਤੇ ਸੜਕਾਂ 'ਤੇ ਲੱਗੇ ਬੋਰਡ ਆਦਿ ਫਟ ਗਏ ਅਤੇ ਤਰਪਾਲਾਂ ਆਦਿ ਉੱਡਦੀਆਂ ਦੇਖੀਆਂ ਗਈਆਂ। ਇਸ ਕਾਰਨ ਵੱਖ-ਵੱਖ ਥਾਵਾਂ 'ਤੇ ਦਰੱਖਤ ਆਦਿ ਉਖੜਨ ਨਾਲ ਵੀ ਨੁਕਸਾਨ ਹੋਣ ਸਬੰਧੀ ਦੱਸਿਆ ਗਿਆ ਹੈ। ਦੇਰ ਰਾਤ ਮੀਂਹ ਪੈਣ ਦੀ ਸੰਭਾਵਨਾ ਬਣੀ ਹੋਈ ਹੈ। ਵੋਟਿੰਗ ਕਾਰਨ ਦਿਨ ਭਰ ਸੜਕਾਂ 'ਤੇ ਸੰਨਾਟਾ ਪਸਰਿਆ ਰਿਹਾ ਸੀ ਅਤੇ ਵਾਹਨਾਂ ਦੀ ਆਵਾਜਾਈ ਦੀ ਬਹੁਤ ਘੱਟ ਵਿਖਾਈ ਦਿੱਤੀ। ਲੋਕ ਘਰਾਂ ਵਿਚ ਵੜੇ ਰਹੇ, ਜਿਸ ਕਾਰਨ ਵੋਟਿੰਗ ਫੀਸਦੀ ਵਿਚ ਵੀ ਕਮੀ ਵੇਖਣ ਨੂੰ ਮਿਲੀ। ਬੀਤੇ ਦਿਨ ਮਹਾਨਗਰ ਜਲੰਧਰ ਦਾ ਵੱਧ ਤੋਂ ਵੱਧ ਤਾਪਮਾਨ 43.3 ਡਿਗਰੀ ਦਰਜ ਕੀਤਾ ਗਿਆ, ਜਦਕਿ ਬੀਤੀ ਰਾਤ ਇਹ 45.4 ਡਿਗਰੀ ਤਕ ਪਹੁੰਚ ਗਿਆ ਸੀ। ਇਸ ਕਾਰਨ ਤਾਪਮਾਨ ਵਿਚ 2.1 ਡਿਗਰੀ ਦੀ ਗਿਰਾਵਟ ਨੇ ਭਿਆਨਕ ਗਰਮੀ ਤੋਂ ਰਾਹਤ ਦਿਵਾਉਣ ਦਾ ਕੰਮ ਕੀਤਾ ਹੈ। ਬੀਤੇ ਦਿਨੀਂ ਮਹਾਨਗਰ ਦਾ ਘੱਟ ਤੋਂ ਘੱਟ ਤਾਪਮਾਨ 23.8




ਡਿਗਰੀ ਸੀ, ਜਦਕਿ ਸ਼ਨੀਵਾਰ 26.6 ਡਿਗਰੀ ਨਾਲ ਘੱਟ ਤੋਂ ਘੱਟ ਤਾਪਮਾਨ ਵਿਚ 2.8 ਦਾ ਵਾਧਾ ਵੇਖਣ ਨੂੰ ਮਿਲਿਆ। ਵੱਧ ਤੋਂ ਵੱਧ ਤਾਪਮਾਨ ਵਿਚ ਗਿਰਾਵਟ ਅਤੇ ਘੱਟ ਤੋਂ ਘੱਟ ਤਾਪਮਾਨ ਵਿਚ ਵਾਧਾ ਹੋਣ ਕਾਰਨ ਰਾਤ ਨੂੰ ਜ਼ਿਆਦਾ ਰਾਹਤ ਨਹੀਂ ਮਿਲੇਗੀ। ਮੌਸਮ ਵਿਗਿਆਨ ਵਿਭਾਗ ਵੱਲੋਂ ਜਾਰੀ ਅੰਕੜਿਆਂ ਮੁਤਾਬਕ ਸੂਬੇ ਵਿਚ ਵੱਧ ਤੋਂ ਵੱਧ ਤਾਪਮਾਨ 46.7 ਡਿਗਰੀ ਰਿਕਾਰਡ ਹੋਇਆ, ਜੋਕਿ ਜਲੰਧਰ ਦੇ ਤਾਪਮਾਨ ਤੋਂ 3.4 ਡਿਗਰੀ ਜ਼ਿਆਦਾ ਰਿਕਾਰਡ ਹੋਇਆ ਹੈ। ਗਰਮੀ ਦਾ ਅਸਰ ਸਾਫ ਤੌਰ 'ਤੇ ਦੇਖਣ ਨੂੰ ਮਿਲ ਰਿਹਾ ਹੈ ਅਤੇ ਲੋਕ ਘਰਾਂ ਵਿਚੋਂ ਬਾਹਰ ਨਿਕਲਣ ਤੋਂ ਗੁਰੇਜ ਕਰ ਰਹੇ ਹਨ, ਜਿਸ ਕਾਰਨ ਵਪਾਰ ਪ੍ਰਭਾਵਿਤ ਹੋ ਰਿਹਾ ਹੈ। ਅੱਜ ਵੋਟਿੰਗ ਕਾਰਨ ਸ਼ਹਿਰ ਵਿਚ ਸਿਰਫ 5-10 ਫੀਸਦੀ ਦੁਕਾਨਾਂ ਖੁੱਲ੍ਹੀਆਂ, ਜਦਕਿ ਸ਼ਨੀਵਾਰ ਹੋਣ ਕਾਰਨ ਬਾਜਾਰਾਂ ਵਿਚ ਚਹਿਲ-ਪਹਿਲ ਦਿੱਸਣ ਦੀ ਉਮੀਦ ਸੀ। ਮੁਹੱਲਿਆਂ ਵਿਚ ਪੋਲਿੰਗ ਬੂਥਾਂ ਨੇੜੇ ਵੀ ਜ਼ਿਆਦਾ ਭੀੜ ਨਹੀਂ ਵਿਖਾਈ ਦਿੱਤੀ। ਇਸ ਤੋਂ ਸਾਫ ਸਾਬਤ ਹੋ ਰਿਹਾ ਹੈ ਕਿ ਗਰਮੀ ਨੇ ਲੋਕਾਂ ਨੂੰ ਜਕੜ ਲਿਆ ਹੈ। ਗਰਮੀ ਦੇ ਬੁਰੇ ਪ੍ਰਭਾਵ ਲਗਾਤਾਰ ਵਧਦੇ ਜਾ ਰਹੇ ਹਨ। ਅੱਜ ਦੁਪਹਿਰ ਸਮੇਂ ਗਰਮੀ ਦੇ ਵਿਚਕਾਰ ਇਕ ਵਿਅਕਤੀ ਦੋਮੋਰੀਆ ਪੁਲ ਨੇੜੇ ਬੇਹੋਸ਼ ਹੋ ਕੇ ਡਿੱਗ ਗਿਆ। ਸਾਈਕਲ 'ਤੇ ਜਾ ਰਹੇ ਉਕਤ ਵਿਅਕਤੀ ਨੂੰ ਇਕ ਕਾਰ ਵਾਲੇ ਨੇ ਰੁਕ ਕੇ ਪਾਣੀ ਪਿਆਇਆ ਅਤੇ ਚਿਹਰੇ 'ਤੇ ਪਾਣੀ ਪਾਇਆ, ਜਿਸ ਤੋਂ ਬਾਅਦ ਉਕਤ ਵਿਅਕਤੀ ਨੂੰ ਹੋਸ਼ ਆਈ। ਪਿਛਲੇ ਕੁਝ ਦਿਨਾਂ ਦੌਰਾਨ ਜਲੰਧਰ ਵਿਚ ਅਜਿਹੇ ਕਈ ਕੇਸ ਸਾਹਮਣੇ ਆਏ ਹਨ, ਜਿਨ੍ਹਾਂ ਵਿਚ ਰਸਤੇ 'ਤੇ ਲੋਕ ਬੇਹੋਸ਼ ਹੁੰਦੇ ਦੇਖੇ ਗਏ। ਇਸ ਸਿਲਸਿਲੇ ਵਿਚ ਬੀਤੇ ਦਿਨੀਂ ਸਿਟੀ ਰੇਲਵੇ ਸਟੇਸ਼ਨ 'ਤੇ ਇਕ ਵਿਅਕਤੀ ਬੇਹੋਸ਼ ਹੋਇਆ ਸੀ, ਜਿਸ ਨੇ ਹਸਪਤਾਲ 'ਚ ਦਮ ਤੋੜ ਦਿੱਤਾ ਸੀ। ਇਸ ਸੀਜਨ ਦੌਰਾਨ ਗਰਮੀ ਦਾ ਪ੍ਰਭਾਵ ਪਿਛਲੇ ਸਾਲਾਂ ਤੋਂ ਜ਼ਿਆਦਾ ਵਿਖਾਈ ਦਿੱਤਾ ਹੈ।

## ਤੇਜ ਰਫਤਾਰ ਟਰੈਕਟਰ ਦੀ ਲਪੇਟ 'ਚ ਆਉਣ ਕਾਰਨ ਲੜਕੀ ਦੀ ਮੌਤ

ਬਮਿਆਲ/ਦੀਨਾਨਗਰ 7 ਜੂਨ। ਸਰਹੱਦੀ ਖੇਤਰ ਦੇ ਪਿੰਡ ਕਥਲੌਰ ਵਿਖੇ ਟਰੈਕਟਰ ਟਰਾਲੀ ਦੀ ਲਪੇਟ ਵਿੱਚ ਆਉਣ ਕਾਰਨ ਇਕ ਲੜਕੀ ਦੀ ਮੌਤ ਹੋ ਗਈ। ਜਿਸ ਦੇ ਚਲਦੇ ਪਿੰਡ ਦੇ ਲੋਕਾਂ ਵੱਲੋਂ ਲੜਕੀ ਦੀ ਲਾਸ ਨੂੰ ਲੈ ਕੇ ਕਥਲੋਰ ਪੁੱਲ 'ਤੇ ਰੱਖ ਕੇ ਚੱਕਾ ਜਾਮ ਕਰ ਦਿੱਤਾ। ਜਾਣਕਾਰੀ ਅਨੁਸਾਰ ਜੰਗਲਾਤ ਵਿਭਾਗ ਦਾ ਟਰੈਕਟਰ ਤੇਜ ਰਫਤਾਰ ਨਾਲ ਪਾਣੀ ਦਾ ਟੈਂਕਰ ਲੈ ਕੇ ਜਾ ਰਿਹਾ ਸੀ। ਜਿਸਦੇ ਚਲਦੇ ਲੋਕਾਂ ਵੱਲੋਂ ਧਰਨੇ ਦੌਰਾਨ ਲਗਾਤਾਰ ਮੰਗ ਕੀਤੀ ਜਾ ਰਹੀ ਸੀ ਕਿ ਟਰੈਕਟਰ ਡਰਾਈਵਰ ਨੂੰ ਤੁਰੰਤ ਕਾਬੂ ਕੀਤਾ ਜਾਵੇ। ਪਰਿਵਾਰ ਵੱਲੋਂ ਇਸ ਸਬੰਧੀ ਸ਼ਿਕਾਇਤ ਥਾਣਾ ਤਾਰਾਗੜ੍ਹ ਦੀ ਪੁਲਸ ਨੂੰ ਦਿੱਤੀ ਗਈ ਹੈ। ਪੁਲਸ ਵੱਲੋਂ ਮੌਕੇ 'ਤੇ ਪਹੁੰਚ ਕੇ ਮਾਮਲੇ ਦੀ ਜਾਂਚ ਕੀਤੀ ਤਾਂ ਧਰਨੇ 'ਤੇ ਬੈਠੇ ਮ੍ਰਿਤਕ ਦੇ ਵਾਰਸਾਂ ਅਤੇ ਪਿੰਡ ਵਾਸੀਆਂ ਨੇ ਕਿਹਾ ਕਿ ਜਦੋਂ ਤੱਕ ਇਸ ਮਾਮਲੇ 'ਚ ਬਣਦੀ ਕਾਰਵਾਈ ਨਹੀਂ ਕੀਤੀ ਜਾਂਦੀ ਉਦੋਂ ਤੱਕ ਧਰਨਾ ਨਹੀਂ ਹਟਾਇਆ ਜਾਵੇਗਾ। ਇਸ




ਮੌਕੇ ਲੋਕਾਂ ਵਲੋਂ ਪੁਲਸ ਪ੍ਰਸਾਸਨ ਖ਼ਿਲਾਫ ਨਾਅਰੇਬਾਜੀ ਕਰਦਿਆਂ ਸੜਕ 'ਤੇ ਜਾਮ ਲਾ ਕੇ ਚੱਕਾ ਜਾਮ ਕਰ ਦਿੱਤਾ। ਪਰਿਵਾਰ ਨੇ ਦੱਸਿਆ ਕਿ ਉਸ ਦੀ ਲੜਕੀ ਘਰ ਤੋਂ ਖੇਤਾਂ 'ਚ ਪਖਾਨੇ ਲਈ ਗਈ ਸੀ ਅਤੇ ਵਾਪਸ ਆਉਂਦੇ ਸਮੇਂ ਇੱਕ ਜੰਗਲਾਤ ਵਿਭਾਗ ਦੇ ਟਰੈਕਟਰ ਚਾਲਕ ਨੇ ਤੇਜ ਰਫਤਾਰ ਲੜਕੀ ਨੂੰ ਟੱਕਰ ਮਾਰ ਦਿੱਤੀ। ਜਿਸ ਦੇ ਚਲਦੇ ਲੜਕੀ ਦੀ ਮੌਕੇ 'ਤੇ ਹੀ ਮੌਤ ਹੋ ਗਈ। ਟਰੈਕਟਰ ਚਾਲਕ ਟਰੈਕਟਰ ਛੱਡ ਕੇ ਭੱਜਣ ਵਿੱਚ ਸਫਲ ਹੋ ਗਿਆ ਅਤੇ ਟਰੈਕਟਰ ਖੇਤਾਂ ਵਿੱਚ ਜਾ ਕੇ ਪਲਟ ਗਿਆ। ਪਿੰਡ ਵਾਸੀਆਂ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਇੱਥੇ ਕਈ ਹਾਦਸੇ ਵਾਪਰ ਚੁੱਕੇ ਹਨ, ਜਿਸ ਕਾਰਨ ਪਿੰਡ ਵਾਸੀਆਂ ਵੱਲੋਂ ਸੜਕ 'ਤੇ ਜਾਮ ਲਗਾ ਕੇ ਧਰਨਾ ਦਿੱਤਾ ਗਿਆ ਹੈ। ਦੂਜੇ ਪਾਸੇ ਜਦੋਂ ਇਸ ਮਾਮਲੇ ਸਬੰਧੀ ਥਾਣਾ ਤਾਰਾਗੜ੍ਹ ਦੇ ਇੰਚਾਰਜ ਮਨਜੀਤ ਸਿੰਘ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਪੁਲਸ ਇਸ ਮਾਮਲੇ ਦੀ ਬਾਰੀਕੀ ਨਾਲ ਜਾਂਚ ਕਰ ਰਹੀ ਹੈ ਅਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਕਾਲਾ ਸੰਘਿਆਂ 'ਚ ਨਵੇਂ 45 ਵੋਟਰਾਂ ਵੱਲੋਂ ਪਹਿਲੀ ਵਾਰ ਪਾਈ ਗਈ ਵੋਟ, ਸਾਂਭੀ ਨਹੀਂ ਜਾ ਰਹੀ ਸੀ ਖੁਸੀ

ਕਾਲਾ ਸੰਘਿਆਂ 7 ਜੂਨ। ਲੋਕ ਸਭਾ ਹਲਕਾ ਜਲੰਧਰ ਅਧੀਨ ਪੈਂਦੇ ਵਿਧਾਨ ਸਭਾ ਹਲਕਾ ਕਰਤਾਰਪੁਰ ਦੇ ਪਿੰਡ ਨਿੱਝਰਾਂ, ਜ਼ਿਲ੍ਹਾ ਜਲੰਧਰ ਵਿਖੇ ਸਰਕਾਰੀ ਹਾਈ ਸਕੂਲ ਦੇ ਵਿਚ ਪੈਂਦੇ ਦੋ ਪੋਲਿੰਗ ਬੂਥਾਂ 215 ਅਤੇ 216 ਵਿਚ ਬੀਤੇ ਦਿਨ ਲੋਕ ਸਭਾ ਲਈ ਪਈਆਂ ਵੋਟਾਂ ਦੌਰਾਨ ਕਰੀਬ 1386 ਵੋਟਰਾਂ ਵਿਚੋਂ 804 ਵੋਟਰਾਂ ਵੱਲੋਂ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕੀਤੀ ਗਈ, ਜਿਸ ਵਿਚ ਬੂਥ ਨੰਬਰ 215 ਵਿਚ 30 ਅਤੇ ਬੂਥ ਨੰਬਰ 216 ਵਿਚ 15 ਦੇ ਕਰੀਬ 18 ਸਾਲ ਤੋਂ ਉੱਪਰ ਦੇ ਨਵੇਂ ਯੂਥ ਵੋਟਰਾਂ ਵੱਲੋਂ 'ਚੋਣਾਂ ਦਾ ਪਰਵ , ਦੇਸ ਦਾ ਗਰਵ'ਮੁਹਿੰਮ ਤਹਿਤ ਆਪਣੀ ਵੋਟ ਦਾ ਪਹਿਲੀ ਵਾਰ ਇਸਤੇਮਾਲ ਕਰਕੇ ਦੇਸ ਦੇ ਜਿੰਮੇਵਾਰ ਨਾਗਰਿਕ ਹੋਣ ਦਾ ਸਬੂਤ ਦਿੱਤਾ ਗਿਆ, ਜਿਨਾਂ ਦੇ ਚਿਹਰਿਆਂ ਉੱਤੇ ਅਜੀਬ ਕਿਸਮ ਦੀ ਖੁਸੀ



ਪਾਈ ਜਾ ਰਹੀ ਸੀ। ਇਸ ਦੌਰਾਨ ਪਰਜਾਈਡਿੰਗ ਅਫਸਰ ਨਿਤੇਸਵਰ ਸਿੰਘ, ਏ. ਪੀ. ਆਰ. ਓ. ਪਵਨ ਕੁਮਾਰ ਬੀ. ਐੱਲ. ਓ. ਮਾਸਟਰ ਅਮਰਜੀਤ ਭੂਪਾਲ ਅਤੇ ਮਾਸਟਰ ਚਰਨਜੀਤ ਭੁਪਾਲ ਵੱਲੋਂ ਇਨ੍ਹਾਂ ਨਵੇਂ ਵੋਟਰਾਂ ਨੂੰ ਸਰਟੀਫਿਕੇਟ ਦੇ ਕੇ ਉਨ੍ਹਾਂ ਦੀ ਹੌਂਸਲਾ ਅਫਜਾਈ ਕੀਤੀ ਗਈ। ਇਸ ਮੌਕੇ ਉਤੇ 10 ਦੇ ਕਰੀਬ ਨੌਜਵਾਨ ਵਲੰਟੀਅਰਾਂ ਵੱਲੋਂ ਚੋਣ ਪ੍ਰਬੰਧਾਂ ਦੇ ਵਿਚ ਵਡਮੁੱਲਾ ਯੋਗਦਾਨ ਪਾਇਆ ਗਿਆ, ਜਿਸ ਨੂੰ ਸਟਾਫ ਵੱਲੋਂ ਖੂਬ ਸੁਰਾਹਿਆ ਗਿਆ। ਇੰਨ੍ਹਾਂ ਵਲੰਟੀਅਰ ਵੱਲੋਂ ਚਾਹ-ਪਾਣੀ, ਠੰਡੇ ਪਾਣੀ ਦੀ ਛਬੀਲ, ਲੰਗਰ ਵਰਤਾਉਣ ਦੇ ਨਾਲ-ਨਾਲ ਅਪਾਹਜ ਅਤੇ ਬਜੁਰਗਾਂ ਵੋਟਰਾਂ ਨੂੰ ਵੀਲਚੇਅਰ ਦੀ ਸਹੂਲਤ ਪ੍ਰਦਾਨ ਕਰਕੇ ਉਨ੍ਹਾਂ ਨੂੰ ਵੋਟ ਪਾਉਣ ਦਾ ਮੌਕਾ ਪ੍ਰਦਾਨ ਕੀਤਾ ਗਿਆ। ਇਸ ਮੌਕੇ 'ਤੇ ਆਸਾ ਵਰਕਰ ਅਨੀਤਾ ਰਾਣੀ ਅਤੇ ਮਿਡ-ਡੇ-ਮੀਲ ਵਰਕਰਾਂ ਵੱਲੋਂ ਵੀ ਬਾਖੂਬੀ ਸਹਿਯੋਗ ਕੀਤਾ ਗਿਆ।

# ਚੀਨੀ ਪੁਲਾੜ ਯਾਨ ਚੰਦਰਮਾ ਦੇ ਦੂਰ-ਦੁਰਾਡੇ ਹਿੱਸੇ 'ਚ ਉਤਰਿਆ

ਬੀਜਿੰਗ 7 ਜੂਨ। ਚੀਨ ਦਾ ਇਕ ਪੁਲਾੜ ਯਾਨ ਚਾਂਗ'ਈ-6 ਮਿੱਟੀ ਅਤੇ ਚੱਟਾਨਾਂ ਦੇ ਨਮੂਨੇ ਇਕੱਠੇ ਕਰਨ ਲਈ ਐਤਵਾਰ ਨੂੰ ਚੰਦਰਮਾ ਦੇ ਇਕ ਦੂਰ-ਦੁਰਾਡੇ ਹਿੱਸੇ 'ਤੇ ਉਤਰਿਆ। ਇਹ ਨਮੂਨੇ ਚੰਦਰਮਾ ਦੇ ਇੱਕ ਘੱਟ-ਖੋਜ ਕੀਤੇ ਖੇਤਰ ਅਤੇ ਇਸਦੇ ਚੰਗੀ ਤਰ੍ਹਾਂ ਜਾਣੇ-ਪਛਾਣੇ ਨੇੜਲੇ ਖੇਤਰਾਂ ਵਿੱਚ ਅੰਤਰ ਦੀ ਸੂਝ ਪ੍ਰਦਾਨ ਕਰਾ ਸਕਦੇ ਹਨ। ਚੰਦਰਮਾ ਦਾ ਸਭ ਤੋਂ ਨਜਦੀਕੀ ਹਿੱਸਾ ਚੰਦਰਮਾ ਗੋਲਾਕਾਰ ਹੈ ਜੋ ਹਮੇਸਾ ਦੂਰ ਦੇ ਪਾਸੇ ਅਰਥਾਤ ਧਰਤੀ ਦੇ ਉਲਟ ਹੁੰਦਾ ਹੈ। ਚੀਨ ਦੇ ਰਾਸਟਰੀ ਪੁਲਾੜ ਪ੍ਰਸਾਸਨ ਅਨੁਸਾਰ ਲੈਂਡਿੰਗ ਮਾਡਿਊਲ ਬੀਜਿੰਗ ਦੇ ਸਥਾਨਕ ਸਮੇਂ ਅਨੁਸਾਰ ਸਵੇਰੇ 6:23 ਵਜੇ ਦੱਖਣੀ ਧਰੁਵ-ਏਟਕੇਨ ਬੇਸਿਨ ਨਾਮਕ ਇੱਕ ਵਿਸਾਲ ਕ੍ਰੇਟਰ ਵਿੱਚ ਉਤਰਿਆ। ਚੀਨ ਦਾ ਚੰਦਰ ਮਿਸਨ ਚਾਂਗ ਈ-6 ਸਫਲਤਾਪੂਰਵਕ ਚੰਦਰਮਾ ਦੇ ਦੱਖਣੀ ਧਰੁਵ 'ਤੇ ਉਤਰਿਆ ਹੈ। ਇਹ ਚਾਂਗ'ਈ ਮੂਨ ਐਕਸਪਲੋਰੇਸਨ ਪ੍ਰੋਗਰਾਮ ਦੇ ਤਹਿਤ ਛੇਵਾਂ ਮਿਸਨ ਹੈ, ਜਿਸ ਦਾ ਨਾਮ ਚੀਨੀ ਚੰਦਰਮਾ ਦੀ ਦੇਵੀ ਦੇ ਨਾਮ 'ਤੇ ਰੱਖਿਆ ਗਿਆ ਹੈ। ਇਸ ਨੂੰ ਚੰਦਰਮਾ 'ਤੇ ਇਕੱਠੇ ਕੀਤੇ ਗਏ ਨਮੂਨਿਆਂ ਨੂੰ ਧਰਤੀ 'ਤੇ ਲਿਆਉਣ ਲਈ ਤਿਆਰ ਕੀਤਾ ਗਿਆ ਹੈ। ਇਸ ਤੋਂ ਪਹਿਲਾਂ 2020 ਵਿੱਚ ਚਾਂਗਈ 5 ਨੇ ਚੰਦਰਮਾ ਦੇ ਨਜਦੀਕੀ ਹਿੱਸੇ ਤੋਂ ਵੀ ਨਮੂਨੇ ਇਕੱਠੇ ਕੀਤੇ ਸਨ। ਇਹ ਪ੍ਰੋਗਰਾਮ ਅਮਰੀਕਾ ਅਤੇ ਜਾਪਾਨ ਅਤੇ ਭਾਰਤ ਸਮੇਤ ਹੋਰ ਦੇਸਾਂ ਨਾਲ ਵਧਦੀ ਦੁਸਮਣੀ ਦਰਮਿਆਨ ਸੁਰੂ ਕੀਤਾ ਗਿਆ ਹੈ।



ਚੀਨ ਨੇ ਪੁਲਾੜ ਵਿਚ ਆਪਣਾ ਪੁਲਾੜ ਸਟੇਸਨ ਸਥਾਪਿਤ ਕੀਤਾ ਹੈ ਅਤੇ ਨਿਯਮਿਤ ਤੌਰ 'ਤੇ ਉਥੇ ਚਾਲਕ ਦਲ ਦੇ ਮੈਂਬਰਾਂ ਨੂੰ ਭੇਜਦਾ ਹੈ। ਚੀਨ 2030 ਤੋਂ ਪਹਿਲਾਂ ਚੰਦਰਮਾ 'ਤੇ ਮਨੁੱਖ ਭੇਜਣ ਦਾ ਟੀਚਾ ਰੱਖਦਾ ਹੈ, ਅਜਿਹਾ ਕਰਨ ਵਾਲਾ ਇਹ ਅਮਰੀਕਾ ਤੋਂ ਬਾਅਦ ਦੂਜਾ ਦੇਸ ਬਣ ਜਾਵੇਗਾ। ਅਮਰੀਕਾ 50 ਤੋਂ ਵੱਧ ਸਾਲਾਂ ਵਿੱਚ ਪਹਿਲੀ ਵਾਰ ਪੁਲਾੜ ਯਾਤਰੀਆਂ ਨੂੰ ਚੰਦਰਮਾ 'ਤੇ ਭੇਜਣ ਦੀ ਯੋਜਨਾ ਬਣਾ ਰਿਹਾ ਹੈ। ਚੀਨ ਦੇ ਮੌਜੂਦਾ ਮਿਸਨ ਵਿੱਚ ਲਗਭਗ ਦੋ ਦਿਨਾਂ ਵਿੱਚ ਦੋ ਕਿਲੋਗ੍ਰਾਮ ਸਤਹ ਅਤੇ ਭੂਮੀਗਤ ਸਮੱਗਰੀ ਨੂੰ ਇਕੱਠਾ ਕਰਨ ਲਈ ਇੱਕ ਮਸੀਨ ਅਤੇ ਇੱਕ ਮਸਕ ਦੀ ਵਰਤੋਂ ਕਰਦੇ ਹੋਏ ਲੈਂਡਰ ਸਾਮਲ ਹੈ। ਇਸ ਤੋਂ ਬਾਅਦ ਲੈਂਡਰ 'ਤੇ ਮਾਊਂਟ ਕੀਤਾ ਗਿਆ ਇਕ ਮਾਊਂਟ ਇਨ੍ਹਾਂ ਨਮੂਨਿਆਂ ਨੂੰ ਇਕ ਮੈਟਲ ਵੈਕਿਊਮ ਕੰਟੇਨਰ ਵਿਚ ਇਕ ਹੋਰ ਮਾਡਿਊਲ ਵਿਚ ਲੈ ਜਾਵੇਗਾ ਜੋ ਚੰਦਰਮਾ ਦੇ ਚੱਕਰ ਵਿਚ ਹੈ। ਇਸ ਕੰਟੇਨਰ ਨੂੰ ਫਿਰ ਇੱਕ ਕੈਪਸੂਲ ਵਿੱਚ ਤਬਦੀਲ ਕੀਤਾ ਜਾਵੇਗਾ ਜੋ 25 ਜੂਨ ਦੇ ਆਸਪਾਸ ਚੀਨ ਦੇ ਮੰਗੋਲੀਆ ਖੇਤਰ ਦੇ ਮਾਰੂਥਲ ਵਿੱਚ ਧਰਤੀ 'ਤੇ ਵਾਪਸ ਆਉਣਾ ਹੈ। ਚੰਦਰਮਾ ਦੇ ਦੂਰ ਵਾਲੇ ਪਾਸੇ ਮਿਸਨਾਂ ਨੂੰ ਭੇਜਣਾ ਵਧੇਰੇ ਮੁਸਕਲ ਹੈ ਕਿਉਂਕਿ ਇਹ ਧਰਤੀ ਦਾ ਸਾਹਮਣਾ ਨਹੀਂ ਕਰਦਾ, ਸੰਚਾਰ ਕਾਇਮ ਰੱਖਣ ਲਈ ਰਿਲੇਅ ਉਪਗ੍ਰਹਿਾਂ ਦੀ ਲੋੜ ਹੁੰਦੀ ਹੈ। ਨਾਲ ਹੀ ਇਹ ਹਿੱਸਾ ਜ਼ਿਆਦਾ ਖੱਜਲ-ਖੁਆਰੀ ਵਾਲਾ ਹੈ ਜਿੱਥੇ ਲੈਂਡਰ ਦੇ ਉਤਰਨ ਲਈ ਬਹੁਤ ਘੱਟ ਸਮਤਲ ਜਮੀਨ ਹੈ।

## ਪੰਜਾਬ 'ਚ ਹਨੇਰੀ ਤੂਫਾਨ ਵਿਚਾਲੇ ਮੌਸਮ ਵਿਭਾਗ ਦੀ ਭਵਿੱਖਬਾਣੀ, ਆਉਣ ਵਾਲੇ ਦਿਨਾਂ ਲਈ ਜਾਰੀ ਕੀਤਾ ਅਲਰਟ

ਜਲੰਧਰ 7 ਜੂਨ। ਭਿਆਨਕ ਗਰਮੀ ਦੀ ਮਾਰ ਝੱਲ ਰਹੇ ਉੱਤਰੀ ਭਾਰਤ ਦੇ ਕਈ ਸੂਬਿਆਂ 'ਚ ਬੁੱਧਵਾਰ ਸਾਮ ਨੂੰ ਪਏ ਮੀਂਹ ਕਾਰਨ ਵੱਡੀ ਰਾਹਤ ਮਿਲੀ ਹੈ। ਮੌਸਮ ਵਿਭਾਗ ਵੱਲੋਂ ਜਾਰੀ ਭਵਿੱਖਬਾਣੀ ਮੁਤਾਬਕ ਗਰਮੀ ਤੋਂ ਰਾਹਤ ਦਾ ਦੌਰ ਅੱਗੇ ਵੀ ਜਾਰੀ ਰਹੇਗਾ, ਕਿਉਂਕਿ 3-4 ਦਿਨਾਂ ਲਈ ਅਲਰਟ ਜਾਰੀ ਕੀਤਾ ਗਿਆ ਹੈ, ਜਿਸ ਮੁਤਾਬਕ ਤੂਫਾਨ, ਮੀਂਹ ਤੇ ਬਿਜਲੀ ਲਿਸ਼ਕਣ ਦੇ ਸੰਕੇਤ ਹਨ। 1-2 ਦਿਨ ਪਹਿਲਾਂ ਪੰਜਾਬ ਦੇ ਕੁਝ ਜ਼ਿਲਿਆਂ 'ਚ ਮੀਂਹ ਪਿਆ ਸੀ, ਜਿਸ ਕਾਰਨ ਚੰਗੀ ਬਾਰਸ ਹੋਣ ਦੀ ਉਮੀਦ ਸੀ। ਇਸੇ ਸਿਲਸਿਲੇ 'ਚ ਅੱਜ ਸਵੇਰੇ ਵੱਖ-ਵੱਖ ਸੂਬਿਆਂ 'ਚ ਬੱਦਲ ਛਾ ਗਏ ਸਨ। ਸਾਮ 6-7 ਵਜੇ ਤੋਂ ਬਾਅਦ ਪੰਜਾਬ, ਹਿਮਾਚਲ, ਹਰਿਆਣਾ, ਨਵੀਂ ਦਿੱਲੀ ਸਮੇਤ ਕਈ ਥਾਵਾਂ 'ਤੇ ਤੇਜ ਮੀਂਹ ਪਿਆ। ਇਸ ਤੋਂ ਪਹਿਲਾਂ ਤੇਜ ਹਨੇਰੀ ਤੇ ਮੀਂਹ ਨਾਲ ਠੰਡੀਆਂ ਹਵਾਵਾਂ ਚੱਲਣੀਆਂ ਸੁਰੂ ਹੋ ਗਈਆਂ, ਜਿਸ ਨਾਲ ਲੋਕਾਂ ਨੂੰ ਭਿਆਨਕ ਦੀ ਗਰਮੀ ਤੋਂ ਰਾਹਤ ਮਿਲੀ। ਇਸ ਸਿਲਸਿਲੇ 'ਚ ਸ਼ਿਮਲਾ ਦੇ ਰਿਜ ਗਰਾਊਂਡ 'ਚ ਸੈਲਾਨੀਆਂ ਨੇ ਮੌਸਮ ਦਾ ਆਨੰਦ ਮਾਣਿਆ। ਉੱਥੇ ਹੀ ਮਥੁਰਾ 'ਚ ਵੀ ਲੋਕ ਮੀਂਹ ਦਾ ਆਨੰਦ ਲੈਂਦੇ ਨਜਰ ਆਏ। ਪੰਜਾਬ 'ਚ ਅੱਜ ਸਵੇਰ ਤੋਂ ਕੜਕਦੀ ਧੁੱਪ ਤੋਂ ਰਾਹਤ ਮਿਲੀ, ਜਿਸ ਕਾਰਨ ਤਾਪਮਾਨ 'ਚ ਗਿਰਾਵਟ ਦਰਜ ਕੀਤੀ ਗਈ। ਪਠਾਨਕੋਟ ਅੱਜ 45.4 ਡਿਗਰੀ ਨਾਲ ਪੰਜਾਬ ਦਾ ਸਭ ਤੋਂ ਗਰਮ ਸਹਿਰ ਰਿਹਾ।

## ਲੜਾਈ ਝਗੜੇ ਕਾਰਨ ਰੁੱਸ ਕੇ ਪੇਕੇ ਗਈ ਪਤਨੀ, ਪਿੱਛੋਂ ਪਤੀ ਨੇ ਸਮਾਨ ਨੂੰ ਲਗਾ ਦਿੱਤੀ ਅੱਗ

ਬਰਨਾਲਾ 7 ਜੂਨ। ਪਤੀ ਵਲੋਂ ਪਤਨੀ ਦੀ ਕੁੱਟਮਾਰ ਅਤੇ ਉਸਦਾ ਸਮਾਨ ਸਾੜਨ ਦੇ ਦੋਸ਼ ਵਿਚ ਪੁਲਸ ਨੇ ਇੱਕ ਵਿਅਕਤੀ ਖਿਲਾਫ਼ ਕੇਸ ਦਰਜ ਕੀਤਾ ਹੈ। ਜਾਣਕਾਰੀ ਦਿੰਦਿਆਂ ਥਾਣਾ ਰੂੜੇਕੇ ਕਲਾਂ ਦੇ ਪੁਲਸ ਅਧਿਕਾਰੀ ਗੁਰਤੇਜ ਸਿੰਘ ਨੇ ਦੱਸਿਆ ਕਿ ਪੁਲਸ ਕੋਲ ਪਰਮੇਸ਼ਵਰੀ ਪਤਨੀ ਗੁਰਵਿੰਦਰ ਸਿੰਘ ਵਾਸੀ ਕਾਹਨੇਕੇ ਨੇ ਬਿਆਨ ਦਰਜ ਕਰਵਾਏ ਕਿ 3 ਜੂਨ ਨੂੰ ਉਸਦੇ ਪਤੀ ਗੁਰਵਿੰਦਰ ਸਿੰਘ ਨੇ ਲੜਾਈ ਝਗੜਾ ਕੀਤਾ ਤਾਂ ਮੈਂ ਆਪਣੇ ਪਿੰਡ ਕਾਲੇਕੇ ਆ ਗਈ। 5 ਜੂਨ ਨੂੰ ਮੇਰੇ ਸਹੁਰੇ ਪਰਿਵਾਰ ਨੇ ਫੋਨ ਕੀਤਾ ਕਿ ਤੇਰੇ ਪਤੀ ਨੇ ਤੇਰੇ ਘਰ ਦੇ ਸਮਾਨ ਨੂੰ ਅੱਗ ਲਾ ਦਿੱਤੀ ਹੈ। ਜਦੋਂ ਮੈਂ ਆਪਣੇ ਭਰਾ ਸਮੇਤ ਆਪਣੇ ਸਹੁਰੇ ਘਰ ਆਈ ਤਾਂ ਮੇਰੇ ਵਿਆਹ ਸਮੇਂ ਦਾ ਦਿੱਤਾ ਸਮਾਨ ਸੜਿਆ ਹੋਇਆ ਸੀ। ਮੁਦੱਈ ਦੇ ਬਿਆਨਾਂ ਦੇ ਆਧਾਰ 'ਤੇ ਗੁਰਵਿੰਦਰ ਸਿੰਘ ਖ਼ਿਲਾਫ਼ ਕੇਸ ਦਰਜ ਕਰਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

# ਠੇਕੇ ਤੋਂ ਸ਼ਰਾਬ ਲਿਆ ਰਹੇ ਯਾਰਾਂ ਨਾਲ ਵਾਪਰੀ ਅਣਹੋਣੀ, ਸੋਚਿਆ ਨਾ ਸੀ ਇੰਝ ਆਵੇਗੀ ਮੌਤ

ਭਵਾਨੀਗੜ੍ਹ 7 ਜੂਨ। ਬੀਤੇ ਦਿਨੀਂ ਪਿੰਡ ਨਾਗਰਾ ਵਿਖੇ ਠੇਕੇ ਤੋਂ ਸ਼ਰਾਬ ਲੈ ਕੇ ਪੈਦਲ ਪਰਤ ਰਹੇ ਦੋ ਵਿਅਕਤੀਆਂ ਨੂੰ ਕਿਸੇ ਅਣਪਛਾਤੇ ਵਾਹਨ ਵੱਲੋਂ ਫੇਟ ਮਾਰ ਦੇਣ ਕਾਰਨ ਦੋਵਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਘਟਨਾ ਸਬੰਧੀ ਜਾਣਕਾਰੀ ਦਿੰਦਿਆਂ ਸਥਾਨਕ ਪੁਲਸ ਦੇ ਸਹਾਇਕ ਸਬ-ਇੰਸਪੈਕਟਰ ਸੁਖਪਾਲ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਘਟਨਾ ਦਾ ਸ਼ਿਕਾਰ ਹੋਏ ਮ੍ਰਿਤਕ ਜੋਗਿੰਦਰ ਸਿੰਘ ਦੇ ਵੱਡੇ ਭਰਾ ਗੁਰਬਚਨ ਸਿੰਘ ਪੁੱਤਰ ਮੁਖਤਿਆਰ ਸਿੰਘ ਵਾਸੀ ਬੀਰਾਬੱਦੀ ਜ਼ਿਲ੍ਹਾ ਫਤਿਆਬਾਦ ਹਰਿਆਣਾ ਵੱਲੋਂ ਲਿਖਾਏ ਗਏ ਬਿਆਨਾਂ 'ਚ ਉਸ ਨੇ ਦੱਸਿਆ ਕਿ ਉਹ ਮਾਨਸਾ ਦੇ ਇਕ ਠੇਕੇਦਾਰ ਕੋਲ ਨਹਿਰੀ ਖਾਲਾਂ ਦੀ ਪਾਈਪ ਲਾਈਨ ਪਾਉਣ ਦਾ ਕੰਮ ਕਰਦੇ ਸਨ। 28 ਮਈ ਨੂੰ ਰਾਤ ਦੇ ਕਰੀਬ 9 ਵਜੇ ਉਹ ਅਤੇ ਉਸ ਦਾ ਛੋਟਾ ਭਰਾ ਜੋਗਿੰਦਰ ਸਿੰਘ ਅਤੇ ਉਨ੍ਹਾਂ ਨਾਲ ਕੰਮਕਾਰ ਕਰਨ ਵਾਲਾ ਪਰਮਜੀਤ ਸਿੰਘ ਪੁੱਤਰ ਇੰਦਰ ਸਿੰਘ ਵਾਸੀ ਪਿੰਡ ਲੋਹਗੜ੍ਹ ਜ਼ਿਲ੍ਹਾ ਮਾਨਸਾ ਪੈਦਲ ਤੁਰ ਕੇ ਪਿੰਡ ਨਾਗਰਾ ਵਿਖੇ ਸ਼ਰਾਬ ਦੇ ਠੇਕੇ ਤੋਂ ਸ਼ਰਾਬ ਖਰੀਦ ਕੇ ਜਦੋਂ ਵਾਪਸ




ਆਪਣੇ ਠਿਕਾਣੇ 'ਤੇ ਆ ਰਹੇ ਸੀ ਤਾਂ ਪਿੰਡ ਨਾਗਰੇ ਵਾਲੀ ਸਾਈਡ ਤੋਂ ਤੇਜ਼ ਰਫਤਾਰੀ ਨਾਲ ਆਏ ਇਕ ਨਾਮਲੂਮ ਵਾਹਨ ਦੇ ਚਾਲਕ ਨੇ ਕਥਿਤ ਤੌਰ 'ਤੇ ਲਾਪ੍ਰਵਾਹੀ ਨਾਲ ਉਸ ਦੇ ਭਰਾ ਜੋਗਿੰਦਰ ਸਿੰਘ ਅਤੇ ਪਰਮਜੀਤ ਸਿੰਘ ਨੂੰ ਜੋਰਦਾਰ ਟੱਕਰ ਮਾਰ ਦਿੱਤੀ, ਜਿਸ ਕਾਰਨ ਉਹ ਦੋਵੇਂ ਜਣੇ ਸੜਕ 'ਤੇ ਡਿੱਗ ਪਏ ਅਤੇ ਜ਼ਿਆਦਾ ਸੱਟਾਂ ਲੱਗਣ ਕਾਰਨ ਉਨ੍ਹਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਟੱਕਰ ਮਾਰਨ ਵਾਲਾ ਵਾਹਨ ਚਾਲਕ ਵਾਹਨ ਸਮੇਤ ਮੌਕੇ ਤੋਂ ਫਰਾਰ ਹੋ ਗਿਆ। ਇਸ ਤੋਂ ਬਾਅਦ ਉਸ ਨੇ 108 ਨੰਬਰ 'ਤੇ ਕਾਲ ਕਰ ਕੇ ਐਂਬੂਲੈਂਸ ਰਾਹੀਂ ਦੋਵਾਂ ਦੀਆਂ ਲਾਸ਼ਾਂ ਨੂੰ ਪੁਲਸ ਦੀ ਸਹਾਇਤਾ ਨਾਲ ਸਿਵਲ ਹਸਪਤਾਲ ਸੰਗਰੂਰ ਦੀ ਮੌਰਚਰੀ 'ਚ ਰਖਵਾਇਆ। ਪੁਲਸ ਨੇ ਇਸ ਸਬੰਧੀ ਨਾਮਲੂਮ ਚਾਲਕ ਵਿਰੁੱਧ ਮਾਮਲਾ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰਦਿਆਂ ਟੱਕਰ ਮਾਰਨ ਵਾਲੇ ਵਾਹਨ ਦੀ ਭਾਲ ਲਈ ਸੀ.ਸੀ.ਟੀ.ਵੀ. ਕੈਮਰਿਆਂ ਦੀ ਰਿਕਾਰਡਿੰਗ ਨੂੰ ਚੈੱਕ ਕੀਤਾ ਜਾ ਰਿਹਾ ਹੈ।

## ਸੂਗਰ ਮਿੱਲ ਪਨਿਆੜ ਵਿਖੇ ਅਚਾਨਕ ਲੱਗੀ ਭਿਆਨਕ ਅੱਗ

ਦੀਨਾਨਗਰ 7 ਜੂਨ। ਵਿਧਾਨ ਸਭਾ ਹਲਕਾ ਦੀਨਾਨਗਰ ਅਧੀਨ ਆਉਂਦੇ ਪਿੰਡ ਪਨਿਆੜ ਵਿਖੇ ਸਥਿਤ ਸਰਕਾਰੀ ਸੂਗਰ ਮਿੱਲ ਦੀ ਬਣੀ ਨਵੀਂ ਬਿਲਡਿੰਗ ਨੂੰ ਅਚਾਨਕ ਅੱਗ ਲੱਗਣ ਦੀ ਖਬਰ ਸਾਹਮਣੇ ਆਈ ਹੈ। ਇਸ ਸਬੰਧੀ ਮਿਲੀ ਜਾਣਕਾਰੀ ਅਨੁਸਾਰ ਮਿੱਲ ਨੂੰ ਵੱਡਾ ਕਰਨ ਲਈ ਨਵਾਂ ਪ੍ਰੋਜੈਕਟ ਬਣਿਆ ਗਿਆ ਸੀ, ਜਿਸ ਵਿੱਚ ਇਹ ਅੱਗ ਲੱਗ ਗਈ। ਅਚਾਨਕ ਅੱਗ ਲੱਗਣ ਕਾਰਨ ਮੌਕੇ 'ਤੇ ਹਫੜਾ ਦਫੜੀ ਮਚ ਗਈ। ਉਥੇ ਹੀ ਇਸ ਸਬੰਧੀ ਥਾਣਾ ਦੀਨਾਨਗਰ ਪੁਲਸ ਨੂੰ ਜਾਣਕਾਰੀ ਮਿਲਦੇ ਹੀ ਥਾਣਾ ਮੁਖੀ ਹਰਪ੍ਰੀਤ ਸਿੰਘ ਘਟਨਾ ਸਥਾਨ 'ਤੇ ਪਹੁੰਚੇ ਅਤੇ ਇਸ ਸਬੰਧੀ ਤੁਰੰਤ ਫਾਇਰ ਬ੍ਰਿਗੇਡ ਨੂੰ ਸੂਚਿਤ ਕੀਤਾ ਗਿਆ। ਫਾਇਰ ਬ੍ਰਿਗੇਡ ਦੀਆਂ 2 ਗੱਡੀਆਂ ਮੌਕੇ 'ਤੇ ਪਹੁੰਚ ਕੇ ਅੱਗ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਗਈ। ਫਿਲਹਾਲ ਅੱਗ ਲੱਗਣ ਦੇ ਕਾਰਨਾਂ ਦਾ ਕੁੱਝ ਵੀ ਪਤਾ ਨਹੀਂ ਲੱਗ ਸਕਿਆ ਹੈ। ਭਰੋਸੇਯੋਗ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਕਾਫੀ ਵੱਡੇ ਪੱਧਰ 'ਤੇ ਨੁਕਸਾਨ ਹੋਣ ਦਾ ਅੰਦਾਜਾ ਲਗਾਇਆ ਜਾ ਰਿਹਾ ਹੈ। ਖਬਰ ਲਿਖੇ ਜਾਣ ਤੱਕ ਫਾਇਰ ਬ੍ਰਿਗੇਡ ਵੱਲੋਂ ਅੱਗ ਤੇ ਕਾਬੂ ਪਾਉਣ ਲਈ ਪੂਰੀ ਜੱਦੋ ਜਹਿਦ ਕੀਤੀ ਜਾ ਰਹੀ ਹੈ।

# ਧਾਰਮਿਕ ਸਥਾਨ ਤੋਂ ਮੱਥਾ ਟੇਕ ਕੇ ਪਰਤ ਰਹੇ ਪਰਿਵਾਰ ਨਾਲ ਵਾਪਰਿਆ ਹਾਦਸਾ

ਗੁਰਦਾਸਪੁਰ 7 ਜੂਨ। ਹਿਮਾਚਲ ਪ੍ਰਦੇਸ ਤੋਂ ਧਾਰਮਿਕ ਸਥਾਨ ਤੋਂ ਮੱਥਾ ਟੇਕ ਕੇ ਵਾਪਸ ਆ ਰਹੇ ਅੰਮ੍ਰਿਤਸਰ ਦੇ ਇੱਕ ਪਰਿਵਾਰ ਦੀ ਕਾਰ ਗੁਰਦਾਸਪੁਰ ਨੇੜੇ ਹਾਦਸੇ ਦਾ ਸ਼ਿਕਾਰ ਹੋ ਜਾਣ ਦੀ ਸੂਚਨਾ ਪ੍ਰਾਪਤ ਹੋਈ ਹੈ, ਜਿਸ ਕਾਰਨ ਪਰਿਵਾਰ ਦੇ ਤਿੰਨ ਮੈਂਬਰ ਗੰਭੀਰ ਰੂਪ ਵਿੱਚ ਜਖਮੀ ਹੋ ਗਏ ਹਨ। ਮੌਕੇ 'ਤੇ ਪਹੁੰਚੀ ਸੜਕ ਸੁਰੱਖਿਆ ਫੋਰਸ ਦੀ ਟੀਮ ਵੱਲੋਂ ਜਖਮੀਆਂ ਨੂੰ ਸਿਵਲ ਹਸਪਤਾਲ ਪਹੁੰਚਾਇਆ ਗਿਆ, ਜਿੱਥੇ ਜਖਮੀਆਂ ਦਾ ਇਲਾਜ ਚੱਲ ਰਿਹਾ ਹੈ। ਜਾਣਕਾਰੀ ਦਿੰਦਿਆਂ ਪਰਿਵਾਰ ਦੇ ਮੈਂਬਰ ਜਤਿੰਦਰ ਕੁਮਾਰ ਨੇ ਦੱਸਿਆ ਕਿ ਉਹ ਆਪਣੇ ਪਿਤਾ, ਮਾਤਾ, ਭੈਣ ਅਤੇ ਭਾਣਜਾ ਨਾਲ ਨੂਰਪੁਰ ਤੋਂ ਮੱਥਾ ਟੇਕ ਕੇ ਵਾਪਸ ਅੰਮ੍ਰਿਤਸਰ ਜਾ ਰਹੇ ਸੀ ਕਿ ਜਦੋਂ ਬਰਿਆਰ ਬਾਈਪਾਸ 'ਤੇ ਮੋੜ ਮੁੜਨ ਲੱਗੇ ਤਾਂ ਅਚਾਨਕ ਕਾਰ ਦਾ ਸੰਤੁਲਨ ਵਿਗੜ ਗਿਆ ਤੇ ਕਾਰ ਸੜਕ ਕਿਨਾਰੇ ਖੱਡੇ ਵਿੱਚ ਡਿੱਗ ਗਈ। ਇਸ ਕਾਰਨ ਕਾਰ ਦੇ ਏਅਰ ਬੈਗ ਖੁੱਲ੍ਹ ਗਏ। ਹਾਦਸੇ ਵਿੱਚ ਉਨ੍ਹਾਂ ਦੀ ਮਾਤਾ ਮੰਜੂ ਦੇਵੀ, ਭੈਣ ਸੈਲੀ ਅਗਰਵਾਲ ਅਤੇ ਭਾਣਜਾ ਆਕਾਸ ਗੰਭੀਰ ਰੂਪ ਵਿੱਚ ਜਖਮੀ ਹੋਏ ਹਨ, ਜਦ ਕਿ ਉਹ ਅਤੇ ਉਸ ਦੇ ਪਿਤਾ ਪ੍ਰੇਮ ਪ੍ਰਕਾਸ ਦੇ ਮਾਮੂਲੀ ਸੱਟਾਂ ਲੱਗੀਆਂ ਹਨ। ਮੌਕੇ 'ਤੇ ਪਹੁੰਚੇ ਸੜਕ ਸੁਰੱਖਿਆ ਫੋਰਸ ਦੇ ਅਧਿਕਾਰੀਆਂ ਨੇ ਉਨ੍ਹਾਂ ਨੂੰ ਐਂਬੂਲੈਂਸ ਮੰਗਵਾ ਕੇ ਹਸਪਤਾਲ



ਪਹੁੰਚਾਇਆ। ਦੂਜੇ ਪਾਸੇ ਸੜਕ ਸੁਰੱਖਿਆ ਫੋਰਸ ਦੇ ਏ.ਐੱਸ.ਆਈ. ਸੁਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਜਾਣਕਾਰੀ ਮਿਲੀ ਸੀ ਕਿ ਬਾਈਪਾਸ ਦੇ ਮੋੜ 'ਤੇ ਇੱਕ ਵੈਗਨਾਰ ਕਾਰ ਹਾਦਸਾਗ੍ਰਸਤ ਹੋ ਗਈ ਹੈ। ਮੌਕੇ 'ਤੇ ਪਹੁੰਚ ਕੇ ਘਰ ਵਿੱਚੋਂ ਸਵਾਰੀਆਂ ਨੂੰ ਬਾਹਰ ਕੱਢਿਆ ਗਿਆ ਅਤੇ ਹਸਪਤਾਲ ਪਹੁੰਚਾਇਆ ਗਿਆ।

## ਤੇਜ ਹਨ੍ਹੇਰੀ ਕਾਰਨ ਮਕਾਨ ਦੀ ਛੱਤ 'ਤੇ ਡਿੱਗਿਆ ਮੋਬਾਈਲ ਟਾਵਰ, ਹੋਇਆ ਵੱਡਾ ਨੁਕਸਾਨ

ਜਲੰਧਰ 7 ਜੂਨ। ਅੰਮ੍ਰਿਤਸਰ ਮੇਨ ਹਾਈਵੇਅ ਦੇ ਸਾਹਮਣੇ ਚੌਗਿੱਟੀ ਖੇਤਰ ਨਾਲ ਲੱਗਦੇ ਮੁਹੱਲਾ ਅਵਤਾਰ ਨਗਰ ਗੁਰੂ ਨਾਨਕ ਪੁਰਾ ਪੂਰਬੀ ਵਿੱਚ ਬੁੱਧਵਾਰ ਦੀ ਸਾਮ ਤੇਜ ਹਨ੍ਹੇਰੀ ਕਾਰਨ ਮੋਬਾਈਲ ਟਾਵਰ ਨਾਲ ਨਾਲ ਦੇ ਘਰ ਦੀ ਛੱਤ 'ਤੇ ਡਿੱਗ ਗਏ। ਜਿਸ ਕਾਰਨ ਘਰ 'ਤੇ ਪਿਆ ਕਾਫੀ ਸਾਮਾਨ ਟੁੱਟ ਗਿਆ। ਇੰਨਾ ਹੀ ਨਹੀਂ ਇਸ



ਜਗ੍ਹਾ 'ਤੇ ਹੋਰ ਵੀ ਕਈ ਪੁਰਾਣੇ ਟਾਵਰ ਲੱਗੇ ਹੋਏ ਹਨ ਜਿਸ ਦੀ ਅੱਜ ਤੱਕ ਕੋਈ ਮੁਰੰਮਤ ਨਹੀਂ ਕੀਤੀ ਗਈ ਹੈ। ਜੇਕਰ ਹਨ੍ਹੇਰੀ ਫਿਰ ਤੋਂ ਆਵੇ ਤਾਂ ਹੋਰ ਵੀ ਵੱਡਾ ਨੁਕਾਸਨ ਹੋ ਸਕਦਾ ਹੈ। ਇਲਾਕਾ ਨਿਵਾਸੀਆਂ ਨੇ ਕਿਹਾ ਹੈ ਕਿ ਇਸ ਟਾਵਰ ਨੂੰ ਇਲਾਕੇ ਦੇ ਬਾਹਰ ਲਗਾਇਆ ਜਾਵੇ, ਨਹੀਂ ਤਾਂ ਕਿਸੇ ਦਾ ਕੋਈ ਨੁਕਸਾਨ ਹੋ ਸਕਦਾ ਹੈ, ਇਲਾਕਾ ਨਿਵਾਸੀਆਂ ਨੇ ਟਾਵਰ ਕੰਪਨੀ ਜਾਂ ਮਕਾਨ ਨੂੰ ਇਸ ਕਾਰਨ ਹੋਏ ਨੁਕਸਾਨ ਦਾ ਮੁਆਵਜਾ ਦੇਣ ਦੀ ਮੰਗ ਕੀਤੀ ਹੈ।

# ਨਸੇ ਦੀ ਪੂਰਤੀ ਲਈ ਨਸ਼ੇੜੀਆਂ ਨੇ ਲੱਭਿਆ ਇਹ ਨਵਾਂ ਤਰੀਕਾ, ਪੂਰੀ ਖਬਰ ਪੜ੍ਹ ਉੱਡਣਗੇ ਹੋਸ਼

ਗੁਰਦਾਸਪੁਰ 7 ਜੂਨ। ਬੇਸੱਕ ਜ਼ਿਲ੍ਹਾ ਪ੍ਰਸਾਸਨ, ਸਰਕਾਰ, ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਹਰ ਸੰਭਵ ਯਤਨ ਕਰ ਰਹੀਆਂ ਹਨ। ਪਰ ਜੇਕਰ ਦੇਖਿਆ ਜਾਵੇ ਤਾਂ ਨੌਜਵਾਨ ਵੀ ਮਹਿੰਗੇ ਨਸ਼ਿਆਂ ਤੋਂ ਦੂਰ ਹੋ ਕੇ ਨਸੇ ਦੀ ਪੂਰਤੀ ਲਈ ਨਵੇਂ-ਨਵੇਂ ਤਰੀਕੇ ਅਪਣਾ ਰਹੇ ਹਨ। ਇਕੱਤਰ ਕੀਤੀ ਜਾਣਕਾਰੀ ਅਨੁਸਾਰ ਹੈਰੋਇਨ ਵਰਗੇ ਮਹਿੰਗੇ ਨਸੇ ਦਾ ਸੇਵਨ ਕਰਨਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ ਹੈ। ਇਹੀ ਕਾਰਨ ਹੈ ਕਿ ਨੌਜਵਾਨ ਹੁਣ ਨਸ਼ਾ ਪੂਰਤੀ ਦੇ ਲਈ ਬਿੱਛੂ ਤੋਂ ਨਿਕਲਣ ਵਾਲੇ ਧੂੰਏ ਨੂੰ ਸੁੰਘ ਕੇ ਨਸ਼ੇੜੀ ਨਸ਼ਾ ਕਰਦੇ ਹਨ। ਇਸ ਨਸ਼ੇ ਦੇ ਲਈ ਖਾਸ ਤੌਰ ਨਾਲ ਬਿੱਛੂ ਦੀ ਪੂੰਛ ਦੀ ਡਿਮਾਂਡ ਸਭ ਤੋਂ ਜ਼ਿਆਦਾ ਹੁੰਦੀ ਹੈ ,ਕਿਉਂਕਿ ਇਸ 'ਚ ਜਹਿਰ ਜ਼ਿਆਦਾ ਹੁੰਦਾ ਹੈ। ਤੁਸੀਂ ਅਕਸਰ ਲੋਕਾਂ ਨੂੰ ਨਸਾ ਕਰਨ ਲਈ ਸਰਾਬ, ਗਾਂਜਾ, ਭੰਗ, ਹੈਰੋਇਨ, ਹਸੀਸ ਜਾਂ ਕਿਸੇ ਹੋਰ ਕਿਸਮ ਦੇ ਨਸੇ ਦਾ ਸਹਾਰਾ ਲੈਂਦੇ ਦੇਖਿਆ ਹੋਵੇਗਾ। ਪਰ ਹੁਣ ਅਜਿਹਾ ਨਹੀਂ ਹੈ। ਜਿਨ੍ਹਾਂ ਰਾਜਾਂ ਵਿਚ ਸਰਾਬ ਦੀ ਵਿਕਰੀ ਅਤੇ ਵਰਤੋਂ 'ਤੇ ਪਾਬੰਦੀ ਹੈ, ਉੱਥੇ ਲੋਕ ਨਸਾ ਕਰਨ ਲਈ ਵੱਖ-ਵੱਖ ਤਰੀਕੇ ਲੱਭ ਰਹੇ ਹਨ। ਇਨ੍ਹਾਂ ਵਿੱਚੋਂ ਇੱਕ, ਬਿੱਛੂ ਦਾ ਨਸਾ, ਹੁਣ ਸਾਹਮਣੇ ਆ ਰਿਹਾ ਹੈ। ਹੌਲੀ-ਹੌਲੀ ਇਹ ਨਸਾ ਪੰਜਾਬ ਦੇ ਕਈ ਇਲਾਕਿਆਂ ਵਿੱਚ ਤੇਜੀ ਨਾਲ ਫੈਲ ਰਿਹਾ ਹੈ। ਕੁਝ ਨਸਾ ਛੁਡਾਊ ਕੇਂਦਰਾਂ ਦੇ ਸੰਚਾਲਕਾਂ ਦਾ ਕਹਿਣਾ ਹੈ ਕਿ ਹੁਣ ਨੌਜਵਾਨਾਂ ਨੇ ਨਸ਼ਿਆਂ ਦਾ ਸੇਵਨ ਕਰਨ ਦਾ ਨਵਾਂ ਤਰੀਕਾ ਲੱਭ ਲਿਆ ਹੈ। ਇੱਥੇ ਲੋਕ ਇੱਕ ਖਾਸ ਕਿਸਮ ਦੇ ਮਰੇ ਹੋਏ ਬਿੱਛੂ ਨੂੰ ਸਾੜ ਕੇ ਸਿਗਰਟ ਪੀ ਰਹੇ ਹਨ। ਨਸਾ ਕਰਨ ਲਈ ਸਭ ਤੋਂ ਪਹਿਲਾਂ ਮਰੇ ਹੋਏ ਬਿੱਛੂ ਨੂੰ ਕੋਲੇ 'ਤੇ ਸੁਕਾ ਕੇ ਜਾਂ ਸਾੜ ਦਿੱਤਾ ਜਾਂਦਾ ਹੈ। ਇਸ ਤੋਂ



ਬਾਅਦ ਨਸੇੜੀ ਬਿੱਛੂ ਵਿੱਚੋਂ ਨਿਕਲਣ ਵਾਲੇ ਧੂੰਏਂ ਨੂੰ ਸੁੰਘ ਕੇ ਨਸਾ ਕਰ ਲੈਂਦੇ ਹਨ। ਖਾਸ ਕਰਕੇ ਬਿੱਛੂ ਦੀ ਪੂਛ ਇਸ ਨਸੇ ਦੀ ਸਭ ਤੋਂ ਵੱਧ ਮੰਗ ਹੈ। ਅਸਲ ਵਿੱਚ, ਇਸ ਵਿੱਚ ਜਹਿਰ ਹੁੰਦਾ ਹੈ, ਜਿਸ ਕਾਰਨ ਇਹ ਬਹੁਤ ਜ਼ਿਆਦਾ ਨਸੀਲਾ ਹੈ। ਜੇਕਰ ਇਸ ਦਵਾਈ ਨਾਲ ਸਬੰਧਤ ਮਾਹਿਰਾਂ ਦੀ ਮੰਨੀਏ ਤਾਂ ਇਹ ਦਵਾਈ ਕਈ ਗੰਭੀਰ ਬਿਮਾਰੀਆਂ ਦਾ ਕਾਰਨ ਬਣ ਸਕਦੀ ਹੈ। ਜੇਕਰ ਇਸ ਤਰ੍ਹਾਂ ਦਾ ਨਸਾ ਜ਼ਿਆਦਾ ਸੇਵਨ ਕੀਤਾ ਜਾਵੇ ਤਾਂ ਯਾਦਦਾਸਤ ਸੰਬੰਧੀ ਸਮੱਸਿਆਵਾਂ ਹੋ ਸਕਦੀਆਂ ਹਨ। ਇਸ ਤੋਂ ਇਲਾਵਾ ਹਮੇਸਾ ਨੀਂਦ ਨਾ ਆਉਣਾ, ਭੁੱਖ ਨਾ ਲੱਗਣਾ ਅਤੇ ਘਬਰਾਹਟ ਵਰਗੀ ਸਥਿਤੀ ਵਿਚ ਰਹਿਣ ਦੀ ਸੰਭਾਵਨਾ ਵੱਧ ਜਾਂਦੀ ਹੈ। ਇਸ ਤੋਂ ਇਲਾਵਾ ਜੇਕਰ ਇਸ ਨਸੇ ਦਾ ਜ਼ਿਆਦਾ ਸੇਵਨ ਕੀਤਾ ਜਾਵੇ ਤਾਂ ਨਸਾ ਲੈਣ ਵਾਲੇ ਵਿਅਕਤੀ ਨੂੰ ਫੇਫੜਿਆਂ ਸਬੰਧੀ ਕਈ ਗੰਭੀਰ ਸਮੱਸਿਆਵਾਂ ਹੋ ਸਕਦੀਆਂ ਹਨ। ਇਸ ਤੋਂ ਇਲਾਵਾ ਇਹ ਨਸਾ ਬਿੱਛੂਆਂ ਲਈ ਵੀ ਖਤਰਾ ਬਣ ਰਿਹਾ ਹੈ। ਦਰਅਸਲ, ਇਸ ਨਸੇ ਕਾਰਨ ਬਿੱਛੂਆਂ ਦਾ ਸ਼ਿਕਾਰ ਵੱਧ ਗਿਆ ਹੈ। ਪਸੂ ਪ੍ਰੇਮੀਆਂ ਦਾ ਕਹਿਣਾ ਹੈ ਕਿ ਜੇਕਰ ਸਮੇਂ ਸਿਰ ਇਸ 'ਤੇ ਕਾਬੂ ਨਾ ਪਾਇਆ ਗਿਆ ਤਾਂ ਆਉਣ ਵਾਲੇ ਸਮੇਂ 'ਚ ਇਲਾਕੇ 'ਚੋਂ ਬਿੱਛੂ ਅਲੋਪ ਹੋ ਜਾਣਗੇ । ਸੂਤਰਾਂ ਮੁਤਾਬਕ ਪਾਕਿਸਤਾਨ ਦੇ ਖੈਬਰ ਪਖਤੂਨਖਵਾ ਇਲਾਕੇ 'ਚ ਬਿੱਛੂਆਂ ਨੂੰ ਮਾਰ ਕੇ ਨਸੇ ਦਾ ਇਹ ਰੁਝਾਨ ਬਹੁਤ ਤੇਜੀ ਨਾਲ ਫੈਲ ਰਿਹਾ ਹੈ। ਨੌਜਵਾਨ ਬਿੱਛੂਆਂ ਨੂੰ ਭਾਲਦੇ ਫਿਰਦੇ ਹਨ। ਖੈਬਰ ਪਖਤੂਨਖਵਾ ਵਿੱਚ ਇੱਕ ਮਰੇ ਹੋਏ ਬਿੱਛੂ ਦੀ ਕੀਮਤ 1000 ਰੁਪਏ ਤੱਕ ਦੱਸੀ ਜਾਂਦੀ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814

Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਹਰਿਆਣਾ ਦੇ ਵਿਧਾਇਕ ਦੇ ਪੁੱਤਰ ਦੇ ਘਰੋਂ ਗਹਿਣੇ ਅਤੇ ਲੱਖਾਂ ਦੀ ਘੜੀ ਚੋਰੀ

ਚੰਡੀਗੜ੍ਹ 7 ਜੂਨ। ਹਰਿਆਣਾ ਦੇ ਵਿਧਾਇਕ ਦੇ ਪੁੱਤਰ ਦੇ ਸੈਕਟਰ-8 ਸਥਿਤ ਘਰੋਂ ਸੋਨੇ ਦੇ ਗਹਿਣੇ ਅਤੇ ਲੱਖਾਂ ਰੁਪਏ ਦੀ ਘੜੀ ਚੋਰੀ ਹੋ ਗਈ। ਸੈਕਟਰ-8 ਨਿਵਾਸੀ ਅਨਿਰੁਧ ਸਿੰਘ ਨੇ ਮਾਮਲੇ ਦੀ ਸ਼ਿਕਾਇਤ ਪੁਲਸ ਨੂੰ ਦਿੱਤੀ। ਸੈਕਟਰ-3 ਥਾਣਾ ਪੁਲਸ ਨੇ ਮਾਮਲੇ ਦੀ ਜਾਂਚ ਕਰ ਕੇ ਅਣਪਛਾਤੇ ਚੋਰ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਚੋਰ ਦੀ ਪਛਾਣ ਲਈ ਸੀ. ਸੀ. ਟੀ. ਵੀ. ਫੁਟੇਜ ਚੈੱਕ ਕਰ ਰਹੀ ਹੈ। ਅਨਿਰੁਧ ਸਿੰਘ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਕਿ ਉਹ ਆਪਣੇ ਮਾਤਾ-ਪਿਤਾ ਨਾਲ ਹਰਿਆਣਾ ਸਰਕਾਰ ਦੀ ਸਰਕਾਰੀ ਕੋਠੀ ਵਿਚ ਰਹਿੰਦਾ ਸੀ। ਐੱਮ. ਐੱਲ.



ਏ. ਹਾਸਟਲ ਦੇ ਫਲੈਟ ਨੰ. 208 ਦੀ ਰੈਨੋਵੇਸ਼ਨ ਕਾਰਨ ਉਹ ਸੈਕਟਰ-8 ਸਥਿਤ ਕੋਠੀ ਵਿਚ ਰਹਿ ਰਿਹਾ ਸੀ। ਫਲੈਟ ਦੀ ਰੈਨੋਵੇਸ਼ਨ ਪੂਰੀ ਹੋਣ ਤੋਂ ਬਾਅਦ ਉਹ ਕੋਠੀ ਵਿਚੋਂ ਸਾਮਾਨ ਫਲੈਟ ਵਿਚ ਸ਼ਿਫਟ ਕਰ ਰਿਹਾ ਸੀ। 12 ਫਰਵਰੀ ਨੂੰ ਕਰੀਬ ਚਾਰ ਵਜੇ ਉਹ ਸੈਕਟਰ-8 ਸਥਿਤ ਕੋਠੀ 'ਤੇ ਗਿਆ ਤਾਂ ਸਾਮਾਨ ਖਿਲਰਿਆ ਹੋਇਆ ਸੀ। ਮਕਾਨ ਦੇ ਬਾਥਰੂਮ ਵਿਚ ਪਾਣੀ ਚੱਲ ਰਿਹਾ ਸੀ। ਜਦੋਂ ਉਨ੍ਹਾਂ ਨੇ ਅੰਦਰ ਜਾ ਕੇ ਵੇਖਿਆ ਤਾਂ ਕਰੀਬ 25 ਟੂਟੀਆਂ ਚੋਰੀ ਹੋ ਚੁੱਕੀਆਂ ਸਨ। ਇਸ ਤੋਂ ਇਲਾਵਾ ਅਲਮਾਰੀ ਵਿਚ ਰੱਖੀਆਂ ਦੋ ਸੋਨੇ ਦੀਆਂ ਚੇਨਾਂ ਅਤੇ ਡੇਢ ਲੱਖ ਰੁਪਏ ਦੀ ਘੜੀ ਗਾਇਬ ਸੀ। ਮਾਮਲੇ ਦੀ ਸੂਚਨਾ ਮਿਲਦੇ ਹੀ ਸੈਕਟਰ-3 ਥਾਣਾ ਪੁਲਸ ਮੌਕੇ 'ਤੇ ਪਹੁੰਚੀ। ਪੁਲਸ ਨੇ ਫਾਰੈਂਸਿਕ ਮੋਬਾਇਲ ਟੀਮ ਨੂੰ ਮੌਕੇ 'ਤੇ ਬੁਲਾਇਆ ਅਤੇ ਚੋਰਾਂ ਦੇ ਉਂਗਲਾਂ ਦੇ ਨਿਸ਼ਾਨ ਜ਼ਬਤ ਕੀਤੇ। ਸੈਕਟਰ-3 ਥਾਣਾ ਪੁਲਸ ਚੋਰਾਂ ਦੀ ਭਾਲ ਕਰਨ ਵਿਚ ਲੱਗੀ ਹੈ।

# ਪਟਿਆਲਾ ਪੁਲਸ ਨੇ 6 ਕਿੱਲੋ 200 ਗ੍ਰਾਮ ਅਫੀਮ ਸਮੇਤ 3 ਔਰਤਾਂ ਸਣੇ 4 ਨੂੰ ਕੀਤਾ ਗ੍ਰਿਫਤਾਰ

ਪਟਿਆਲਾ/ਰਾਜਪੁਰਾ 7 ਜੂਨ। ਪਟਿਆਲਾ ਪੁਲਸ ਨੇ ਦੋ ਵੱਖ-ਵੱਖ ਮਾਮਲਿਆਂ 'ਚ ਇਕ ਵਿਅਕਤੀ ਅਤੇ 3 ਔਰਤਾਂ ਨੂੰ ਕੁੱਲ 6 ਕਿਲੋ 200 ਗ੍ਰਾਮ ਅਫੀਮ ਸਮੇਤ ਗ੍ਰਿਫਤਾਰ ਕੀਤਾ ਹੈ। ਜਾਣਕਾਰੀ ਦਿੰਦਿਆਂ ਐੱਸ.ਐੱਸ.ਪੀ. ਵਰੁਣ ਸ਼ਰਮਾ ਨੇ ਦੱਸਿਆ ਕਿ ਦੋਵੇਂ ਸਫਲਤਾਵਾਂ ਰਾਜਪੁਰਾ ਸਬ-ਡਵੀਜਨ ਦੀ ਪੁਲਸ ਨੇ



ਹਾਸਲ ਕੀਤੀਆਂ ਹਨ। ਪਹਿਲੇ ਕੇਸ 'ਚ ਐੱਸ.ਪੀ. ਇਨਵੈਸਟੀਗੇਸ਼ਨ ਹਰਬੀਰ ਸਿੰਘ ਅਟਵਾਲ ਅਤੇ ਡੀ.ਐੱਸ.ਪੀ. ਸੁਰਿੰਦਰ ਮੋਹਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਥਾਣਾ ਸਿਟੀ ਰਾਜਪੁਰਾ ਦੀ ਪੁਲਸ ਨੇ ਐੱਸ.ਐੱਚ.ਓ. ਪ੍ਰਿੰਸਪ੍ਰੀਤ ਸਿੰਘ ਭੱਟੀ ਦੀ ਅਗਵਾਈ ਹੇਠ ਇਕ ਵਿਅਕਤੀ ਅਤੇ ਔਰਤ ਨੂੰ 3 ਕਿਲੋ 600 ਗ੍ਰਾਮ ਅਫੀਮ ਸਮੇਤ ਗ੍ਰਿਫਤਾਰ ਕੀਤਾ ਹੈ। ਇਸ ਮਾਮਲੇ 'ਚ ਮੁਨੇਸ਼ਵਰ ਕੁਮਾਰ ਦਾਂਗੀ ਪੁੱਤਰ ਸੁਖਦੇਵ ਮਹਾਤੋ ਵਾਸੀ ਪਿੰਡ ਉਨਟਾ ਥਾਣਾ ਸਦਰ ਚਤਰਾ ਜ਼ਿਲ੍ਹਾ ਚਤਰਾ ਝਾਰਖੰਡ ਅਤੇ ਕਿਰਨ ਦੇਵੀ ਪਤਨੀ ਕੁਲਦੀਪ ਗੰਜੂ ਵਾਸੀ ਪਿੰਡ ਬਾਰਾਤਰੀ ਡਾਕਖਾਨਾ ਪੀਰੀ ਥਾਣਾ ਸਿਮਰੀਆ ਜ਼ਿਲ੍ਹਾ ਚਤਰਾ ਝਾਰਖੰਡ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਏ.ਐੱਸ.ਆਈ. ਗੁਰਮੀਤ ਸਿੰਘ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਟੀ-ਪੁਆਇੰਟ ਪਿੰਡ ਖਰਾਜਪੁਰ ਵਿਖੇ ਮੌਜੂਦ ਸੀ ਤਾਂ ਇਕ ਵਿਅਕਤੀ ਅਤੇ ਇਕ ਔਰਤ ਆਉਂਦੇ ਦਿਖਾਈ ਦਿੱਤੇ ਜਿਨ੍ਹਾਂ ਦੇ ਮੋਡੇ 'ਤੇ ਪਿੱਠੂ ਬੈਗ ਪਾਏ ਹੋਏ ਸਨ। ਜਦੋਂ ਉਨ੍ਹਾਂ ਨੂੰ ਕਾਬੂ ਕਰ ਕੇ ਨਾਂ ਪਤਾ ਪੁੱਛਿਆ ਗਿਆ ਤਾਂ ਵਿਅਕਤੀ ਨੇ ਆਪਣਾ ਨਾਂ ਮੁਨੇਸ਼ਵਰ ਕੁਮਾਰ ਦਾਂਗੀ ਅਤੇ ਔਰਤ ਨੇ ਆਪਣਾ ਨਾਂ ਕਿਰਨ ਦੇਵੀ ਦੱਸਿਆ। ਪੁਲਸ ਨੇ ਜਦੋਂ ਉਨ੍ਹਾਂ ਦੇ ਮੋਢਿਆਂ 'ਤੇ ਪਾਏ ਬੈਗ ਦੀ ਚੈਕਿੰਗ ਕੀਤੀ ਤਾਂ ਮੁਨੇਸ਼ਵਰ ਕੁਮਾਰ ਦੇ ਬੈਗ 'ਚੋਂ 2 ਕਿਲੋ 600 ਗ੍ਰਾਮ ਅਫੀਮ ਅਤੇ ਕਿਰਨ ਦੇਵੀ ਦੇ ਬੈਗ 'ਚੋਂ 1 ਕਿਲੋ ਅਫੀਮ ਬਰਾਮਦ ਹੋਈ। ਦੋਨਾਂ ਖਿਲਾਫ ਥਾਣਾ ਸਿਟੀ ਰਾਜਪੁਰਾ ਵਿਖੇ ਐੱਨ.ਡੀ.ਪੀ.ਐੱਸ. ਐਕਟ ਤਹਿਤ ਕੇਸ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਐੱਸ.ਐੱਸ.ਪੀ. ਨੇ ਦੱਸਿਆ ਕਿ ਦੋਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਹੁਣ ਉਨ੍ਹਾਂ ਨੂੰ ਅਦਾਲਤ 'ਚ ਪੇਸ਼ ਕਰ ਕੇ ਪੁਲਸ ਰਿਮਾਂਡ ਹਾਸਲ ਕਰ ਕੇ ਅੱਗ ਹੋਰ ਪੁੱਛਗਿੱਛ ਕੀਤੀ ਜਾਵੇਗੀ। ਜੇ ਕੇਸ 'ਚ ਥਾਣਾ ਸਦਰ ਰਾਜਪੁਰਾ ਦੀ ਪੁਲਸ ਨੇ ਐੱਸ.ਐੱਚ.ਓ. ਇੰਸਪੈਕਟਰ ਕਿਰਪਾਲ ਸਿੰਘ ਮੋਹੀ ਦੀ ਅਗਵਾਈ ਹੇਠ 2 ਔਰਤਾਂ ਨੂੰ 2 ਕਿਲੋ 600 ਗ੍ਰਾਮ ਅਫੀਮ ਸਮੇਤ ਗ੍ਰਿਫਤਾਰ ਕੀਤਾ ਗਿਆ ਹੈ। ਏ.ਐੱਸ.ਆਈ. ਪਰਮਜੀਤ ਸਿੰਘ ਨੇ ਪੁਲਸ ਪਾਰਟੀ ਸਮੇਤ ਮੇਨ ਸੜਕ ਸਾਹਮਣੇ ਜਸ਼ਨ ਹੋਟਲ ਦੀ ਹੱਦ ਪਿੰਡ ਉੱਪਲੂਹੇੜੀ ਨਾਕਾ ਬੰਦੀ ਕੀਤੀ ਹੋਈ ਸੀ, ਤਾਂ ਰਾਜਪੁਰਾ ਸਾਈਡ ਵੱਲੋਂ ਆਉਂਦੀ ਇਕ ਬੱਸ ਨਾਕਾਬੰਦੀ 'ਤੇ ਬੈਰੀਗੇਟ ਦੇ ਪਿੱਛੇ ਹੋਲੀ ਹੋਈ, ਜਿਸ 'ਚੋਂ 2 ਔਰਤਾਂ ਜਸਮੀਨ ਪਤਨੀ ਜਾਕਿਰ ਅਹਿਮਦ ਪੁੱਤਰੀ ਮੁਹੰਮਦ ਅਸਲਮ ਵਾਸੀ ਓਸਮਾਨ ਪੁਰੀ ਗਡੀ ਮੇਡੂ ਨੋਰਥ ਈਸਟ ਦਿੱਲੀ ਥਾਣਾ ਸਿਲਮਪੁਰ ਅਤੇ ਜਰੀਨਾ ਪਤਨੀ ਰੌਸ਼ਨ ਲਾਲ ਸਕਸੈਨਾ ਵਾਸੀ ਪ੍ਰਸਾਦੀ ਮੁਹੱਲਾ ਤੀਸਰਾ ਪੁਸਤਾ ਨਿਊ ਓਸਮਾਨ ਪੁਰੀ ਗੜ੍ਹੀ ਮੇਡੂ ਨੋਰਥ ਈਸਟ ਦਿੱਲੀ ਥਾਣਾ ਸਿਲਮਪੁਰ ਘਬਰਾ ਕੇ ਉਤਰ ਕੇ ਸਰਵਿਸ ਰੋਡ ਰਾਹੀਂ ਪਿੱਛੇ ਨੂੰ ਟਲਣ ਲੱਗੀਆਂ। ਏ.ਐੱਸ.ਆਈ. ਪਰਮਜੀਤ ਸਿੰਘ ਨੇ ਸਮੇਤ ਪੁਲਸ ਪਾਰਟੀ ਦੀ ਮਦਦ ਨਾਲ ਕਾਬੂ ਕਰ ਕੇ ਉਨ੍ਹਾਂ ਤੋਂ 2 ਕਿਲੋ 600 ਗ੍ਰਾਮ ਅਫੀਮ ਬਰਾਮਦ ਕੀਤੀ। ਦੋਨਾਂ ਖਿਲਾਫ ਐੱਨ.ਡੀ.ਪੀ.ਐੱਸ. ਐਕਟ ਤਹਿਤ ਕੇਸ ਦਰਜ ਕਰ ਕੇ ਗ੍ਰਿਫਤਾਰ ਕਰ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਦੋਨਾਂ ਦਾ ਪੁਲਸ ਰਿਮਾਂਡ ਹਾਸਲ ਕਰ ਕੇ ਉਨ੍ਹਾਂ ਤੋਂ ਹੋਰ ਵੀ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ ਅਤੇ ਇਨ੍ਹਾਂ ਬੈਕਵਰਡ ਅਤੇ ਫਾਰਫਰਡ ਲਿੰਕਾਂ ਦੀ ਜਾਂਚ ਵੀ ਕੀਤੀ ਜਾਵੇਗੀ।

## ਬੱਚੇ ਕੋਲੋਂ ਪਿਓ ਦੇ ਵੱਜੀ ਗੋਲੀ, ਪਲਾਂ 'ਚ ਪਏ ਵੈਣ, ਦੇਣ ਜਾ ਰਿਹਾ ਸੀ ਸੰਧਾਰਾ

ਲੁਧਿਆਣਾ 7 ਜੂਨ। ਲੁਧਿਆਣਾ ਤੋਂ ਇਕ ਵੱਡੀ ਖਬਰ ਸਾਹਮਣੇ ਆਈ ਹੈ। ਇੱਥੇ ਅਚਾਨਕ 9 ਸਾਲਾਂ ਦੇ ਇੱਕ ਬੱਚੇ ਤੋਂ ਗੋਲੀ ਚੱਲ ਗਈ, ਜੋ ਕਿ ਉਸ ਦੇ ਪਿਤਾ ਨੂੰ ਲੱਗ ਗਈ। ਇਸ ਘਟਨਾ ਤੋਂ ਬਾਅਦ ਬੱਚੇ ਦੇ ਪਿਤਾ ਦੀ ਮੌਤ ਹੋ ਗਈ ਅਤੇ ਘਰ 'ਚ ਪਲਾਂ 'ਚ ਵੈਣ ਪੈ ਗਏ। ਜਾਣਕਾਰੀ ਮੁਤਾਬਕ ਦਲਜੀਤ ਸਿੰਘ ਵਾਸੀ ਅਕਾਲਗੜ੍ਹ ਖੁਰਦ ਆਪਣੀ ਕਾਰ 'ਚ ਪਤਨੀ ਅਤੇ ਪੁੱਤਰ ਨਾਲ ਆਪਣੀ ਭੈਣ ਦੇ ਘਰ ਸੰਧਾਰਾ ਦੇਣ ਜਾ ਰਿਹਾ ਸੀ। ਇਸ ਦੌਰਾਨ ਗੱਡੀ ਦੀ ਪਿਛਲੀ ਸੀਟ 'ਤੇ ਬੈਠੇ ਪੁੱਤ ਦੇ ਹੱਥ ਪਿਤਾ ਦੀ ਪਿਸਤੌਲ ਲੱਗ ਗਈ। ਪਿਸਤੌਲ ਨਾਲ ਖੇਡਦੇ-ਖੇਡਦੇ ਗੋਲੀ ਪਿਤਾ ਦੀ ਪਿੱਠ 'ਤੇ ਜਾ ਲੱਗੀ, ਜੋ ਕਿ ਧੁੰਨੀ ਕੋਲ ਜਾ ਕੇ ਫਸ ਗਈ। ਗੋਲੀ ਲੱਗਣ ਨਾਲ ਦਲਜੀਤ ਸਿੰਘ ਗੰਭੀਰ ਜਖਮੀ ਹੋ ਗਿਆ। ਉਸ ਨੂੰ ਰਾਏਕੋਟ ਦੇ ਨਿੱਜੀ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ, ਜਿੱਥੋਂ ਉਸ ਨੂੰ ਲੁਧਿਆਣਾ ਦੇ ਡੀ. ਐੱਮ. ਸੀ. ਹਸਪਤਾਲ ਰੈਫਰ ਕੀਤਾ ਗਿਆ ਹੈ। ਇਸ ਤੋਂ ਬਾਅਦ ਉਸ ਨੂੰ ਪੀ. ਜੀ. ਆਈ. ਰੈਫਰ ਕਰ ਦਿੱਤਾ ਗਿਆ। ਪੀ. ਜੀ. ਆਈ. ਲਿਜਾਂਦੇ ਸਮੇਂ ਰਾਹ 'ਚ ਉਸ ਦੀ ਮੌਤ ਹੋ ਗਈ। ਉਸ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਇਹ ਵੀ ਪਤਾ ਲੱਗਿਆ ਹੈ ਕਿ ਅਜੇ ਤੱਕ ਉਕਤ ਘਟਨਾ ਦੀ ਸੂਚਨਾ ਪੁਲਸ ਨੂੰ ਨਹੀਂ ਦਿੱਤੀ ਗਈ ਹੈ। ਇਸ ਦੇ ਬਾਵਜੂਦ ਵੀ ਪੁਲਸ ਆਪਣੀ ਕਾਰਵਾਈ 'ਚ ਜੁੱਟੀ ਹੋਈ ਹੈ।

# ਨਾਬਾਲਿਗਾ ਨੂੰ ਅਗਵਾ ਕਰਕੇ ਕੀਤਾ ਧਰਮ ਪਰਿਵਰਤਨ, 60 ਸਾਲਾ ਮੁਸਲਿਮ ਵਿਅਕਤੀ ਨੇ ਕਰਵਾਇਆ ਨਿਕਾਹ

ਗੁਰਦਾਸਪੁਰ 7 ਜੂਨ। ਭਾਰਤੀ ਕਸ਼ਮੀਰ ਵਿਚ ਮਨੁੱਖੀ ਅਧਿਕਾਰਾਂ ਦੇ ਹਨਨ ਦਾ ਝੂਠਾ ਪ੍ਰਚਾਰ ਕਰਨ ਵਾਲੇ ਪਾਕਿਸਤਾਨ 'ਚ ਗੈਰ ਮੁਸਲਿਮਾਂ ਨਾਲ ਕਿਸ




ਤਰਾਂ ਦਾ ਵਿਹਾਰ ਹੋ ਰਿਹਾ ਹੈ। ਇਸ ਸਬੰਧੀ ਇਕ ਬਹੁਤ ਹੀ ਹੈਰਾਨੀ ਜਨਕ ਮਾਮਲਾ ਸਾਹਮਣੇ ਆਇਆ ਹੈ। ਸੂਤਰਾਂ ਅਨੁਸਾਰ ਪਾਕਿਸਤਾਨ ਦੇ ਸ਼ਹਿਰ ਫੈਸਲਾਬਾਦ ਜ਼ਿਲ੍ਹੇ ਦੇ ਕਸਬਾ ਯੂਸਫਾਬਾਦ 'ਚ ਇਕ ਗਰੀਬ ਅਪਾਹਿਜ਼ ਈਸਾਈ ਵਿਅਕਤੀ ਆਰਿਫ ਗਿੱਲ ਦੀ 15 ਸਾਲਾਂ ਕੁੜੀ ਸਿਤਾਰਾ ਆਰਿਫ ਉਰਫ ਸਾਇਰਾ ਦੇ ਅਗਵਾ, ਉਸ ਦਾ ਧਰਮ ਪਰਿਵਰਤਣ ਕਰਕੇ ਕੁੜੀ ਤੋਂ ਚਾਰ ਗੁਣਾਂ ਜ਼ਿਆਦਾ ਉਮਰ ਦੇ ਮੁਸਲਿਮ ਵਿਅਕਤੀ ਨਾਲ ਨਿਕਾਹ ਕਰਨ ਅਤੇ ਪੁਲਸ ਵੱਲੋਂ ਪਰਿਵਾਰ ਦੀ ਦੋ ਮਹੀਨੇ ਬਾਅਦ ਸ਼ਿਕਾਇਤ ਦਰਜ ਕਰਨ ਮਾਮਲਾ ਸਾਹਮਣੇ ਆਇਆ ਹੈ। ਆਰਿਫ ਗਿੱਲ ਦੇ ਅਨੁਸਾਰ ਉਹ ਆਪਣੀ 15 ਸਾਲਾਂ ਕੁੜੀ ਸਾਇਰਾ ਦੇ ਹੁਣ ਫਿਰ ਮਿਲਣ ਦੀ ਉਮੀਦ ਗਵਾ ਬੈਠਾ ਹੈ। ਆਰਿਫ ਦੇ ਅਪਾਹਿਜ਼ ਹੋਣ ਦੇ ਕਾਰਨ ਉਸ ਦੀ ਪਤਨੀ, ਕੁੜੀ ਸਾਇਰਾ ਲੋਕਾਂ ਦੇ ਘਰਾਂ 'ਚ ਕੰਮ ਕਰਦੀਆਂ ਹਨ । ਸਾਇਰਾ ਵੀ ਇਕ ਵਿਅਕਤੀ ਰਾਣਾ ਤਾਇਬ ਦੇ ਘਰ ਵਿਚ ਘਰੇਲੂ ਕੰਮ ਕਰਦੀ ਸੀ। ਜਦਕਿ ਮੁਲਜਮ ਰਾਣਾ ਤਾਇਬ ਦੀ ਪਤਨੀ ਨਾਇਲਾ ਅੰਬਰੀਨ ਇਕ ਸਰਕਾਰੀ ਸਕੂਲ ਦੀ ਪ੍ਰਿੰਸੀਪਲ ਹੈ। ਆਰਿਫ ਗਿੱਲ ਦੇ ਅਨੁਸਾਰ ਉਸ ਦੀ ਕੁੜੀ 15 ਦਸੰਬਰ 2022 ਨੂੰ ਰਾਣਾ ਤਾਇਬ ਦੇ ਘਰ ਕੰਮਕਾਜ ਦੇ ਲਈ ਗਈ, ਪਰ ਵਾਪਸ ਨਹੀਂ ਆਈ। ਇਸ ਸਬੰਧੀ ਪੁੱਛਗਿਛ ਕਰਨ ਤੇ ਜਦ ਸਾਇਰਾ ਦਾ ਕੁਝ ਪਤਾ ਨਹੀਂ ਲੱਗਾ ਤਾਂ ਉਹ ਪੁਲਸ ਸਟੇਸ਼ਨ ਗਿਆ, ਪਰ ਪੁਲਸ ਨੇ ਧੱਕੇ ਮਾਰ ਕੇ ਉਸ ਨੂੰ ਬਾਹਰ ਕੱਢ ਦਿੱਤਾ। ਪੁਲਸ ਨੇ ਉਸ ਨੂੰ ਬੇਇੱਜ਼ਤ ਕੀਤਾ ਅਤੇ ਗੱਲ ਤੱਕ ਨਹੀਂ ਸੁਣੀ। ਅਖੀਰ ਉਸ ਨੇ ਇਕ ਈਸਾਈ ਵਕੀਲ ਦੀ ਮਦਦ ਲਈ। ਗਿੱਲ ਦੇ ਅਨੁਸਾਰ ਜਦ ਵਕੀਲ ਅਕਮਨ ਭੱਟੀ ਨੇ ਉੱਚ ਪੁਲਸ ਅਧਿਕਾਰੀਆਂ ਨੂੰ ਮਿਲ ਕੇ ਗੱਲ ਕੀਤੀ ਤਾਂ ਕੁਝ ਵੀ ਲਾਭ ਨਹੀਂ ਹੋਇਆ। ਪੁਲਸ ਨਾਂ ਤਾਂ ਕੁੜੀ ਅਤੇ ਨਾ ਹੀ ਮੁਲਜਮ ਨੂੰ ਤਾਲਾਸ਼ ਕਰਨਾ ਚਾਹੁੰਦੀ ਸੀ। ਜਿਸ 'ਤੇ ਵਕੀਲ ਨੇ ਅਦਾਲਤ ਵਿਚ ਪਟੀਸ਼ਨ ਦਾਇਰ ਕੀਤੀ। ਪਟੀਸ਼ਨ ਦੇ ਜਵਾਬ ਵਿਚ ਮੁਲਜਮ 60 ਸਾਲਾਂ ਰਾਣਾ ਤਾਇਬ ਦੀ ਪਤਨੀ ਨਾਇਲਾ ਅੰਬਰੀਨ ਅਦਾਲਤ ਵਿਚ ਪੇਸ਼ ਹੋਈ ਅਤੇ ਉਸ ਨੇ ਆਪਣੇ ਪਤੀ ਅਤੇ ਸਾਇਰਾ ਦੇ ਨਿਕਾਹ ਦਾ ਸਰਟੀਫਿਕੇਟ ਪੇਸ਼ ਕੀਤਾ, ਪਰ ਅਦਾਲਤ ਨੇ ਕੁੜੀ ਦੀ ਉਮਰ ਨੂੰ ਵੇਖਦੇ ਹੋਏ ਪੁਲਸ ਨੂੰ ਸਭ ਤੋਂ ਪਹਿਲਾਂ ਦੋਸ਼ੀ ਦੇ ਖ਼ਿਲਾਫ ਕੇਸ ਦਰਜ ਕਰਨ ਦਾ ਆਦੇਸ਼ ਦਿੱਤਾ। ਜਿਸ 'ਤੇ 12 ਫਰਵਰੀ ਨੂੰ ਮਦੀਨਾ ਪੁਲਸ ਸਟੇਸ਼ਨ ਵਿਚ ਕੇਸ ਦਰਜ ਕੀਤਾ ਗਿਆ, ਪਰ ਕੁੜੀ ਕਿੱਥੇ ਹੈ , ਕਿਸ ਹਾਲ ਵਿਚ ਹੈ, ਅਜੇ ਕਿਸੇ ਨੂੰ ਪਤਾ ਨਹੀਂ।

# ਪਿਛੜੇ ਆਦਿਵਾਸੀਆਂ ਲੋਕਾਂ ਦੀ ਕਿਸਮਤ ਨੂੰ ਬਦਲ ਰਹੀ ਮੁਨਾਫੇ ਵਾਲੀ ਫਸਲ

ਨਵੀਂ ਦਿੱਲੀ 7 ਜੂਨ। ਲਗਭਗ ਪੰਦਰਾਂ ਸਾਲ ਪਹਿਲਾਂ 'ਲਿਪੋਨੀ ਗੋਮਾਂਗੋ' ਵਿਆਹ ਤੋਂ ਬਾਅਦ ਆਪਣੇ ਪਤੀ ਦੇ



ਘਰ ਮਿੱਟੀ ਦੀ ਝੌਂਪੜੀ ਵਿਚ ਰਹਿਣ ਲੱਗੀ। ਉਸਦਾ ਪਤੀ ਬੇਰੁਜਗਾਰ ਸੀ। ਉਹ ਇੱਕ ਹੋਸਟਲ ਲਈ ਖਾਣਾ ਬਣਾ ਰਹੀ ਸੀ, ਦਿਨ ਵਿੱਚ ਲਗਭਗ 10 ਰੁਪਏ ਹੀ ਕਮਾ ਪਾਉਂਦੀ ਸੀ। ਜਿੰਨਾ ਉਹ ਕਮਾਉਂਦੀ ਸੀ ਪਰ ਉਸ ਦੇ ਰੋਜਾਨਾ ਖਰਚਿਆਂ ਲਈ ਪੂਰਾ ਨਹੀਂ ਪੈਂਦਾ ਸੀ। ਖੁਰਾਕ ਦੀ ਘਾਟ ਕਾਰਨ ਉਸ ਦਾ ਭਾਰ ਘਟਣਾ ਸ਼ੁਰੂ ਹੋ ਗਿਆ। ਕਮਜ਼ੋਰੀ ਕਾਰਨ ਉਸ ਦੇ ਪਹਿਲੇ ਬੱਚੇ ਦੀ ਸਮੇਂ ਤੋਂ ਪਹਿਲਾਂ ਪੈਦਾ ਹੋਣ ਕਾਰਨ ਮੌਤ ਹੋ ਗਈ। ਇਸ ਤੋਂ ਬਾਅਦ ਉਸ ਨੇ ਬਿਹਤਰ ਜ਼ਿੰਦਗੀ ਲਈ ਸਾਰੀ ਉਮੀਦ ਛੱਡ ਦਿੱਤੀ। ਲਿਪੋਨੀ ਗੋਮਾਂਗੋ ਸੋਰਾ ਭਾਈਚਾਰੇ ਤੋਂ ਹੈ, ਇੱਕ ਕਬੀਲਾ ਜੋ ਭੁਵਨੇਸਵਰ ਤੋਂ ਲਗਭਗ ਪੰਜ ਘੰਟੇ ਦੂਰ, ਓਡੀਸਾ ਦੇ ਗਜਪਤੀ ਜ਼ਿਲ੍ਹੇ ਵਿੱਚ ਕੇਂਦਰਿਤ ਹੈ। ਉਸ ਸਮੇਂ, ਇਸ ਖੇਤਰ ਵਿੱਚ ਬਹੁਤ ਸਾਰੇ ਕਬਾਇਲੀ ਅਤੇ ਦਲਿਤ ਬਹੁਤ ਗਰੀਬੀ ਵਿੱਚ ਰਹਿੰਦੇ ਸਨ। ਉਨ੍ਹਾਂ ਵਿੱਚੋਂ ਬਹੁਤ ਸਾਰੇ ਅਜੇ ਵੀ ਗਰੀਬੀ ਵਿਚ ਹੀ ਰਹਿ ਰਹੇ ਹਨ ਪਰ ਗੋਮਾਂਗੋਜ ਨਹੀਂ। ਉਹ ਕਰੋੜਪਤੀ ਬਣ ਗਈ ਹੈ। ਪਿਛਲੇ ਚਾਰ ਸਾਲਾਂ ਵਿੱਚ, ਉਹਨਾਂ ਨੇ ਅਕਤੂਬਰ 2022 ਤੱਕ ਲਗਭਗ ਹਰ ਮਹੀਨੇ 1 ਲੱਖ ਰੁਪਏ ਤੋਂ ਵੱਧ ਦੀ ਕਮਾਈ ਕੀਤੀ। ਹੁਣ ਗੋਮਾਂਗੋ ਕੋਲ ਬਹੁਤ ਸਾਰੇ ਨਵੇਂ ਕੱਪੜੇ ਅਤੇ ਸੈਂਡਲ ਹਨ। ਉਸਦੇ ਤਿੰਨ ਬੱਚੇ ਕੁਲੀਨ ਬੋਰਡਿੰਗ ਸੰਸਥਾਵਾਂ ਵਿੱਚ ਪੜ੍ਹਦੇ ਹਨ।

## ਨਾਜਾਇਜ ਸੰਬੰਧਾਂ ਨੇ ਉਜਾੜ ਕੇ ਰੱਖ ਦਿੱਤਾ ਪਰਿਵਾਰ, ਮੋਗਾ 'ਚ ਵਿਅਕਤੀ ਨੇ ਅੱਗ ਲਾ ਕੇ ਕੀਤੀ ਖੁਦਕੁਸ਼ੀ

ਨਿਹਾਲ ਸਿੰਘ ਵਾਲਾ 7 ਜੂਨ। ਆਪਣੀ ਪਤਨੀ ਦੇ ਨਾਜਾਇਜ਼ ਸੰਬੰਧਾਂ ਤੋਂ ਪ੍ਰੇਸ਼ਾਨ ਨਿਹਾਲ ਸਿੰਘ ਵਾਲਾ ਦੇ ਪਿੰਡ ਹਿੰਮਤਪੁਰਾ ਦੇ ਇਕ ਵਿਅਕਤੀ ਵੱਲੋਂ ਖੁਦ ਨੂੰ ਅੱਗ ਲਗਾ ਕੇ ਖੁਦਕੁਸ਼ੀ ਕਰ ਲੈਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਮੁਤਾਬਕ ਉਹ ਆਪਣੀ ਪਤਨੀ ਦੇ ਕਿਸੇ ਹੋਰ ਵਿਅਕਤੀ ਨਾਲ ਨਾਜਾਇਜ਼ ਸਬੰਧਾਂ ਕਾਰਨ ਪ੍ਰੇਸ਼ਾਨ ਸੀ ਅਤੇ ਇਸ ਦੇ ਚੱਲਦਿਆਂ ਅਕਸਰ ਘਰ ਵਿੱਚ ਲੜਾਈ-ਝਗੜਾ ਹੁੰਦਾ ਰਹਿੰਦਾ ਸੀ। ਅੱਜ ਉਸ ਨੇ ਦੁਖੀ ਹੋ ਕੇ ਖੁਦ ਨੂੰ ਅੱਗ ਲਗਾ ਲਈ, ਜਿਸ 'ਚ ਉਹ ਬੁਰੀ ਤਰ੍ਹਾਂ ਝੁਲਸ ਗਿਆ। ਪਰਿਵਾਰ ਵੱਲੋਂ ਉਸ ਨੂੰ ਗੰਭੀਰ ਹਾਲਤ 'ਚ ਦੀਪ ਹਸਪਤਾਲ, ਨਿਹਾਲ ਸਿੰਘ ਵਾਲਾ ਵਿੱਚ ਭਰਤੀ ਕਰਵਾਇਆ ਗਿਆ, ਜਿੱਥੇ ਉਹ ਜ਼ਖਮਾਂ ਦੀ ਤਾਬ ਨਾ ਝੱਲਦਿਆਂ ਦਮ ਤੋੜ ਦਿੱਤਾ। ਪੁਲਸ ਨੂੰ ਦਰਜ ਕਰਵਾਏ ਬਿਆਨਾਂ 'ਚ ਮ੍ਰਿਤਕ ਦੀ ਮਾਤਾ ਮਨਜੀਤ ਕੌਰ ਨੇ ਦੱਸਿਆ ਕਿ ਉਸ ਦੀ ਨੂੰਹ ਰਮਨਦੀਪ ਕੌਰ ਲੰਘੀ 12 ਫ਼ਰਵਰੀ ਨੂੰ ਬਿਨਾਂ ਦੱਸੇ ਆਪਣੇ ਪ੍ਰੇਮੀ ਬਾਜ ਸਿੰਘ ਨਾਲ ਕਿਤੇ ਚੱਲੀ ਗਈ। ਫਿਰ ਜਦੋਂ ਰਮਨਦੀਪ ਕੌਰ ਵਾਪਸ ਪਰਤੀ ਤਾਂ ਜਗਤਾਰ ਸਿੰਘ ਨੇ ਉਸ ਨੂੰ ਪੁੱਛਿਆ ਤਾਂ ਦੋਹਾਂ ਪਤੀ-ਪਤਨੀ ਦੀ ਲੜਾਈ ਹੋ ਗਈ। ਜਿਸ ਤੋਂ ਬਾਅਦ ਜਗਤਾਰ ਸਿੰਘ ਨੇ ਖੁਦ ਨੂੰ ਅੱਗ ਲਗਾ ਲਈ। ਚੌਂਕੀ ਇੰਚਾਰਜ ਜਸਵੰਤ ਸਿੰਘ ਸਰਾਂ ਨੇ ਦੱਸਿਆ ਕਿ ਮ੍ਰਿਤਕ ਜਗਤਾਰ ਸਿੰਘ ਦੀ ਮਾਤਾ ਦੇ ਬਿਆਨਾਂ 'ਤੇ ਰਮਨਦੀਪ ਕੌਰ ਸਪੁੱਤਰੀ ਠਾਣਾ ਸਿੰਘ ਅਤੇ ਬਾਜ ਸਿੰਘ ਪੁੱਤਰ ਹਰਨੇਕ ਸਿੰਘ ਵਾਸੀ ਉੱਗੋਕੇ ਬਰਨਾਲਾ ਖ਼ਿਲਾਫ਼ ਮਾਮਲਾ ਦਰਜ ਕਰਕੇ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਮ੍ਰਿਤਕ ਆਪਣੇ ਪਿੱਛੇ ਦੋ ਨਾਬਾਲਿਗ ਮੁੰਡਿਆਂ ਨੂੰ ਛੱਡ ਗਿਆ ਹੈ।

## ਸਭ ਤੋਂ ਵੱਡੀ ਚੋਰੀ ਨੂੰ ਟਰੇਸ ਨਹੀਂ ਕਰ ਸਕੀ ਕਮਿਸ਼ਨਰੇਟ ਪੁਲਸ, ਮਹੀਨੇ ਬਾਅਦ ਵੀ 1 ਕਰੋੜ ਦੀ ਚੋਰੀ ਅਨਟਰੇਸ

ਜਲੰਧਰ 7 ਜੂਨ। ਦੇਰ ਰਾਤ ਗੜ੍ਹਾ ਰੋਡ 'ਤੇ ਸਥਿਤ ਰਮਨ ਜਿਊਲਰਜ ਵਿਚ ਹੋਈ ਲਗਭਗ ਇਕ ਕਰੋੜ ਰੁਪਏ ਦੀ ਚੋਰੀ ਨੂੰ ਅਜੇ ਤੱਕ ਕਮਿਸ਼ਨਰੇਟ ਪੁਲਸ ਟਰੇਸ ਨਹੀਂ ਕਰ ਸਕੀ। ਇੰਨਾ ਸਮਾਂ ਬੀਤ ਜਾਣ ਤੋਂ ਬਾਅਦ ਹੁਣ ਇਕ ਮਹੀਨਾ ਪੁਰਾਣੀ ਸੀ. ਸੀ. ਟੀ. ਵੀ. ਫੁਟੇਜ ਮਿਲਣਾ ਹੀ ਮੁਸ਼ਕਲ ਹੋ ਗਿਆ ਹੈ। ਜੇਕਰ ਇਸ ਮਾਮਲੇ ਨੂੰ ਟਰੇਸ ਕਰਨ ਲਈ ਅਧਿਕਾਰੀ ਪਹਿਲਾਂ ਤੋਂ ਹੀ ਰੁਚੀ ਦਿਖਾਉਂਦੇ ਤਾਂ ਸ਼ਾਇਦ ਇਹ ਮਾਮਲਾ ਟਰੇਸ ਵੀ ਹੋ ਸਕਦਾ ਸੀ। 17 ਜਨਵਰੀ ਨੂੰ ਹੋਈ ਇਸ ਵਾਰਦਾਤ ਦਾ ਅਗਲੇ ਦਿਨ ਪਤਾ ਲੱਗਾ ਤਾਂ ਸਿਰਫ 5 ਦਿਨ ਹੀ ਪੁਲਸ ਜਾਂਚ ਵਿਚ ਜੁਟੀ ਰਹੀ ਪਰ ਬੱਸ ਸਟੈਂਡ ਪੁੱਜੇ ਮੁਲਜਮਾਂ ਦੀ ਆਖਰੀ ਫੁਟੇਜ ਮਿਲੀ। ਉਸ ਤੋਂ ਬਾਅਦ ਕੋਈ ਨਵੀਂ ਫੁਟੇਜ ਨਹੀਂ ਮਿਲ ਸਕੀ। ਉਸ ਤੋਂ ਬਾਅਦ ਪੁਲਸ ਹੋਰ ਕ੍ਰਾਈਮ ਦੇ ਮਾਮਲਿਆਂ ਨੂੰ ਟਰੇਸ ਕਰਨ ਵਿਚ ਜੁਟ ਗਈ ਅਤੇ ਫਿਰ 26 ਜਨਵਰੀ ਅਤੇ ਬਾਅਦ ਵਿਚ ਸੀ. ਐੱਮ. ਡਿਊਟੀ ਆਉਣ 'ਤੇ ਇਸ ਮਾਮਲੇ ਵੱਲ ਕਿਸੇ ਨੇ ਰੁਖ ਹੀ ਨਹੀਂ ਕੀਤਾ, ਹਾਲਾਂਕਿ ਟੈਕਨੀਕਲ ਢੰਗ ਨਾਲ ਇਸ ਮਾਮਲੇ ਦੀ ਜਾਂਚ ਚੱਲਦੀ ਰਹੀ ਪਰ ਉਸ ਵਿਚ ਵੀ ਕੋਈ ਸੁਰਾਗ ਨਹੀਂ ਮਿਲਿਆ। ਸਵਾਲ ਇਹ ਉੱਠਦਾ ਹੈ ਕਿ ਕਮਿਸ਼ਨਰੇਟ ਪੁਲਸ ਦੇ ਅਧਿਕਾਰੀਆਂ ਦੀ ਇੰਨੀ ਵੱਡੀ ਫੌਜ ਹੈ ਪਰ ਫਿਰ ਵੀ ਚੋਰੀ ਦੇ ਵੱਡੇ ਕੇਸ ਹੱਲ ਨਹੀਂ ਹੋ ਸਕੇ। ਹਾਲਾਂਕਿ ਕਮਿਸ਼ਨਰੇਟ ਪੁਲਸ ਨੇ ਹੱਤਿਆਵਾਂ, ਗੋਲੀਕਾਂਡ ਵਰਗੇ ਅਪਰਾਧਿਕ ਮਾਮਲਿਆਂ ਨੂੰ ਹੱਲ ਕਰਨ ਵਿਚ ਸਫਲਤਾ ਵੀ ਪ੍ਰਾਪਤ ਕੀਤੀ ਪਰ ਚੋਰੀ ਦੇ ਇਸ ਮਾਮਲੇ ਵਿਚ ਸ਼ੁਰੂ ਤੋਂ ਹੀ ਹੋਈ ਲਾਪ੍ਰਵਾਹੀ ਕੇਸ ਨੂੰ ਅਨਟਰੇਸ ਕਰਨ ਦੀ ਰਾਹ 'ਤੇ ਲੈ ਗਈ। ਜ਼ਿਕਰਯੋਗ ਹੈ ਕਿ ਚੋਰਾਂ ਨੇ ਕੰਧ ਨੂੰ ਸੰਨ੍ਹ ਲਾ ਕੇ ਰਮਨ ਜਿਊਲਰਜ ਵਿਚ ਦਾਖਲ ਹੋ ਕੇ ਡੇਢ ਕਿਲੋ ਸੋਨਾ, 20 ਕਿਲੋ ਚਾਂਦੀ ਅਤੇ ਢਾਈ ਲੱਖ ਰੁਪਏ ਦੀ ਨਕਦੀ ਚੋਰੀ ਕਰ ਲਈ ਸੀ। ਚੋਰਾਂ ਨੇ 15 ਦਿਨ ਪਹਿਲਾਂ ਹੀ ਦੁਕਾਨ ਦੇ ਪਿੱਛੇ ਲੱਗਦੇ ਖਾਲੀ ਪਲਾਟ ਨੂੰ ਕਿਰਾਏ 'ਤੇ ਲਿਆ ਸੀ ਅਤੇ ਉਥੋਂ ਸੰਨ੍ਹ ਲਾ ਕੇ ਵਾਰਦਾਤ ਨੂੰ ਅੰਜਾਮ ਦਿੱਤਾ। ਮੁਲਜਮ ਬੜੇ ਆਰਾਮ ਨਾਲ ਕਿਰਾਏ ਦਾ ਆਟੋ ਕਰ ਕੇ ਬੱਸ ਸਟੈਂਡ ਪੁੱਜੇ ਅਤੇ ਉਥੋਂ ਗਾਇਬ ਹੋ ਗਏ। ਪੁਲਸ ਨੇ ਆਟੋ ਵਾਲੇ ਨੂੰ ਵੀ ਹਿਰਾਸਤ ਵਿਚ ਲੈ ਲਿਆ ਸੀ ਪਰ ਉਸਦਾ ਕੋਈ ਕਸੂਰ ਨਾ ਹੋਣ ਕਾਰਨ ਪੁਲਸ ਵੱਲੋਂ ਉਸਨੂੰ ਛੱਡ ਦਿੱਤਾ ਗਿਆ ਸੀ। ਥਾਣਾ ਨੰਬਰ 7 ਵਿਚ ਅਣਪਛਾਤੇ ਲੋਕਾਂ 'ਤੇ ਕੇਸ ਦਰਜ ਕਰ ਕੇ ਥਾਣਾ ਨੰਬਰ 7 ਦੀ ਪੁਲਸ, ਐੱਸ. ਓ. ਯੂ. ਅਤੇ ਸੀ. ਆਈ. ਏ. ਸਟਾਫ ਦੀਆਂ ਟੀਮਾਂ ਮਾਮਲੇ ਨੂੰ ਹੱਲ ਕਰਨ ਵਿਚ ਜੁਟੀਆਂ ਸਨ।

# ਚੋਰੀ ਦੀਆਂ ਘਟਨਾਵਾਂ ਕਰਨ ਵਾਲਾ ਨੌਜਵਾਨ ਨਕਲੀ ਪਿਸਤੌਲ ਸਣੇ ਗ੍ਰਿਫਤਾਰ, ਪਹਿਲਾਂ ਵੀ ਸਨ ਕੇਸ ਦਰਜ

ਗੁਰਦਾਸਪੁਰ 7 ਜੂਨ। ਭੈਣੀ ਮੀਆਂ ਖਾਂ ਪੁਲਸ ਨੇ ਇਕ ਅਜਿਹੇ ਮੁਲਜਮ ਨੂੰ ਨਕਲੀ ਪਿਸਤੌਲ ਸਮੇਤ ਕਾਬੂ ਕੀਤਾ ਹੈ, ਜੋ ਪਹਿਲਾਂ ਹੀ 2 ਕੇਸਾਂ 'ਚ ਅਦਾਲਤ ਤੋਂ ਜਮਾਨਤ 'ਤੇ ਚੱਲ ਰਿਹਾ ਸੀ। ਇਸ ਸਬੰਧੀ ਭੈਣੀ ਮੀਆਂ ਖਾਂ ਪੁਲਸ ਸਟੇਸ਼ਨ ਦੇ ਇੰਚਾਰਜ ਸੁਦੇਸ਼ ਕੁਮਾਰ ਨੇ ਦੱਸਿਆ ਕਿ ਕਿਸੇ ਮੁਖਬਰ ਨੇ ਸੂਚਨਾ ਦਿੱਤੀ ਸੀ ਕਿ ਸੁਖਰਾਜ ਸਿੰਘ ਉਰਫ ਜੱਜੀ ਪੁੱਤਰ ਜੋਗਿੰਦਰ ਸਿੰਘ ਵਾਸੀ ਦਤਾਰਪੁਰ, ਜੋ ਜ਼ੁਰਮਪੇਸ਼ਾਂ ਵਿਅਕਤੀ ਹੈ, ਉਹ ਪਿਸਤੌਲ ਦੀ ਨੋਕ 'ਤੇ ਲੁੱਟਮਾਰ ਕਰ ਕੇ ਘਟਨਾਵਾਂ ਕਰਦਾ ਹੈ ਅਤੇ ਇਲਾਕੇ 'ਚ ਟਿਊਬਵੈੱਲ ਦੀਆਂ ਮੋਟਰਾਂ ਖੇਤਾਂ 'ਚੋਂ ਚੋਰੀ ਕਰਦਾ ਹੈ। ਪੁਲਸ ਅਧਿਕਾਰੀ ਨੇ ਦੱਸਿਆ ਕਿ ਇਸ ਸੂਚਨਾ ਦੇ ਆਧਾਰ 'ਤੇ ਮੁਲਜਮ ਨੂੰ ਕਾਬੂ ਕੀਤਾ ਗਿਆ ਅਤੇ ਉਸ ਤੋਂ ਇਕ ਨਕਲੀ ਪਿਸਤੌਲ ਬਰਾਮਦ ਹੋਈ। ਬਰਾਮਦ ਪਿਸਤੌਲ ਦੀ ਵਿਸ਼ੇਸ਼ਤਾਂ ਇਹ ਹੈ ਕਿ






ਪਿਸਤੌਲ ਨਾਲ ਜਿਸ ਵਿਅਕਤੀ 'ਤੇ ਫਾਇਰ ਕੀਤਾ ਜਾਵੇ ਤਾਂ 10-15 ਫੁੱਟ ਤੱਕ ਦੂਰੀ 'ਤੇ ਖੜ੍ਹੇ ਵਿਅਕਤੀ ਨੂੰ ਇਸ ਤੋਂ ਬਿਜਲੀ ਦੀ ਤਰ੍ਹਾਂ ਕਰੰਟ ਲੱਗਦਾ ਹੈ। ਪੁਲਸ ਅਧਿਕਾਰੀ ਨੇ ਦੱਸਿਆ ਕਿ ਮੁਲਜਮ ਖ਼ਿਲਾਫ ਕਾਹਨੂੰਵਾਨ ਅਤੇ ਭੈਣੀ ਮੀਆਂ ਖਾਂ ਪੁਲਸ ਸਟੇਸ਼ਨਾਂ 'ਚ ਪਹਿਲਾਂ ਹੀ ਲੜਾਈ ਝਗੜਿਆਂ ਦੇ ਕੇਸ ਦਰਜ ਹਨ ਅਤੇ ਦੋਵਾਂ ਹੀ ਕੇਸਾਂ 'ਚ ਉਹ ਅਦਾਲਤ ਤੋਂ ਜਮਾਨਤ 'ਤੇ ਹੈ, ਜਿਸਨੂੰ ਅਦਾਲਤ 'ਚ ਪੇਸ਼ ਕਰ ਕੇ ਰਿਮਾਂਡ ਲੈ ਕੇ ਪੁੱਛਗਿਛ ਕੀਤੀ ਜਾਵੇਗੀ।

## 3 ਮਹੀਨੇ ਪਹਿਲਾਂ ਵਿਆਹੀ ਕੁੜੀ ਨੇ ਕੀਤੀ ਖੁਦਕੁਸ਼ੀ, ਮਾਪਿਆਂ ਨੂੰ ਮਿਲਣ ਦੀ ਇੱਛਾ ਰਹਿ ਗਈ ਅਧੂਰੀ

ਫਤਿਹਗੜ੍ਹ ਸਾਹਿਬ 7 ਜੂਨ। ਨਵ-ਵਿਆਹੁਤਾ ਵੱਲੋਂ ਪੱਖੇ ਨਾਲ ਲਟਕ ਕੇ ਖੁਦਕੁਸ਼ੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਥਾਣਾ ਸਰਹਿੰਦ ਦੇ ਸਹਾਇਕ ਥਾਣੇਦਾਰ ਜਗਰੂਪ ਸਿੰਘ ਨੇ ਦੱਸਿਆ ਕਿ ਸਚਿਨ ਪੁੱਤਰ ਬੀਰਮ ਸਿੰਘ ਵਾਸੀ ਪਿੰਡ ਪੁੱਟੀ ਜ਼ਿਲ੍ਹਾ ਮੇਰਠ ਯੂ. ਪੀ. ਹਾਲ ਕਿਰਾਏਦਾਰ ਜੰਗ ਸਿੰਘ ਹਮਾਯੂੰਪੁਰ ਸਰਹਿੰਦ ਦਾ ਰਹਿਣ ਵਾਲਾ ਹੈ। ਉਸ ਦੇ ਪਿਤਾ ਬੀਰਮ ਸਿੰਘ ਆਪਣੇ ਪਰਿਵਾਰ ਸਣੇ ਲਗਭਗ 25 ਸਾਲ ਪਹਿਲਾਂ ਮਜਦੂਰੀ ਕਰਨ ਲਈ ਪੰਜਾਬ ਆ ਗਏ ਸੀ, ਉਦੋਂ ਤੋਂ ਹੀ ਉਹ ਪੰਜਾਬ 'ਚ ਰਹਿੰਦੇ ਹਨ। ਸਚਿਨ ਨੇ ਲਗਭਗ 3 ਮਹੀਨੇ ਪਹਿਲਾਂ ਵਰਸ਼ਾ ਰਾਣੀ ਪੁੱਤਰੀ ਗਰੀਸ ਚੰਦ ਵਾਸੀ ਬਹਿਸੂਮਾ ਜ਼ਿਲ੍ਹਾ ਮੇਰਠ ਯੂ. ਪੀ. ਨਾਲ ਕੋਰਟ ਮੈਰਿਜ ਕਰਵਾਈ ਸੀ। ਵਰਸ਼ਾ ਰਾਣੀ ਆਪਣੇ ਪਤੀ ਸਚਿਨ ਨੂੰ ਹਮੇਸ਼ਾ ਕਹਿੰਦੀ ਰਹਿੰਦੀ ਸੀ

NAME CHANGE
I hitherto known as SONIA D/o PARAMJIT, and W/o RAJESH KUMAR R/o Chak Hakim, Mehat, Kapurthala, Punjab-144402, have changed my name and shall hereafter be known as SONIA KAUR.

NAME CHANGE
I , Suman Kapoor w/o Late Darshan Lal Kapoor R/o House No. 123-A, UG Floor, Street No 5, Nirankari colony, Delhi - 110009 have changed my name and shall hereafter be Known As Suman Lata.

NAME CHANGE
I, ARMY NO-14669638L NK B. BALAJI KANNAN S/O BADMANABAN R/O VPO-VEERAPONDI, TEH-THIRUKOILUR, DISTT-VILLUPURAM, TAMIL NADU-605758, have changed my minor daughter's name from JANANI to B. JANANI for all future purposes.

NAME CHANGE
I, SHASHIKALA DAGA W/O VINOD NAHATA residing at 1002 TOWER 4 LOTUS ZING SECTOR 168 NOIDA GAUTAM BUDH NAGAR UP-201301 have changed my name to SHASHI NAHATA for all future purpose.

NAME CHANGE
I, ABDUL WASEED S/O MOHAMMAD ZALIL AHMAD residing at E-169, E-11, D-BLOCK, BULAND MASJID, SHASTRI PARK, SEELAMPUR, DELHI-110053 have changed my name to ABDUL WASID for all future purpose.

NAME CHANGE
I Samiya Rashid w/o Syed Khateeb Ali R/o 161/3 T/F Ashna Apartment Joga Bai Okhla New Delhi 110025 have changed my name from Samia to Samiya Rashid after marriage for all future purposes

NAME CHANGE
I, ALITA W/O OF NO 2809595X NK PATIL VITTAL GUNDU VILL-HAJGOLI POST - HAJGOLI TEH- CHANDGAD DIST KOLHAPUR STATE - MAHARASHTRA 416507 have a changed my name from ALITA to ALITA VITTAL PATIL for all future purposes vide Affidavit dated 15/12/2022 before Notary public, Delhi

NAME CHANGE
I SAPNA W/O SHRI SACHIN R/O H. NO.-519, GUBHANA (70), JHAJJAR, HARYANA-124507 HAVE CHANGED MY NAME FROM SAPNA TO SAPNA BIRHMAN FOR ALL FUTURE PURPOSES.

NAME CHANGE
I SACHIN S/O SHRI VINOD KUMAR R/O H. NO.-519, GUBHANA (70), JHAJJAR, HARYANA-124507 HAVE CHANGED MY NAME FROM SACHIN TO CHAUDHARY SACHIN BIRHMAN FOR ALL FUTURE PURPOSES.

NAME CHANGE
I, Suvarna W/O of No - 2803471M, Hav Badake Santosh Shivaji R/o VPO- Hole TEH- Pandharpur,DIST- Solapur, MAHARASHTRA, 413315, have changed my name from Suvrana to Suvarna Santosh Badake for all future purposes vide Affidavit dated 11/12/2022 before Notary Public, Delhi.

NAME CHANGE
I, DEEPALI W/O NO 2798487L.HAV KIRDAT ANKUSH JAYRAM. R/O VILL_KARANDI POST_KARANDI TEH_SATARA DIST_ SATARA MAHARASHTRA 415002 have changed my name from deepali to *DEEPALI* *ANKUSH* *KIRDAT*.for all future purpose vide Affidavit dated 20/12/2022 before notary public, Delhi

NAME CHANGE
I, Sonali W/O of JC-461887P NB/SUB Mohite Balkrishna Shivaji R/o Vill- Bijalinagar POST Chinchwadgaon ,TEH- pune DIST- pune MAHARASHTRA, 411019, have changed my name from Sonali to Sonali Balkrishna Mohite for all future purposes vide Affidavit dated 11/12/2022 before Notary Public, Delhi.

NAME CHANGE
I SHUJAUDDIN S/O RIYAZUDDIN R/O C-5/12, SAIDIYA MASJID ROAD, CHAUHAN BANGAR, JAFRABAD, NORTHEAST DELHI, DELHI - 110053. I HAVE CHANGED MY NAME SHUJAUDDIN FOR ALL FUTURE PURPOSE.

NAME CHANGE
I, RAFA D/O ZIKR UR REHMAN residing at H NO-2520, GROUND FLOOR, KAMARA BANGASH, SIR SYED AHMED ROAD, DARYA GANJ, DELHI-110002 have changed my name to RAFA NAAZ for all future purpose.

NAME CHANGE
I , RESHMA W/O of No- 2799016k HAV- GHADGE NANASAHEB BABURAO, R/O Vill- LALGUN POST- LALGUN TEH - KHATAV DIST- SATARA MAHARASTRA 415503, have changed my name from RESHMA to RESHMA NANASAHEB GHADGE for all future purposes vide Affidavit dated 21/12/2022 before Notary public, Delhi

NAME CHANGE
I, NAWIN KUMAR S/O MAHAVIR PRASHAD residing at C-43/6, GALI NO-1, NEAR BABU RAM CHOWK, MOHAN PURI, MAUJPUR, DELHI-110053 have changed my name to NAVEEN KUMAR DIXIT for all future purpose.

NAME CHANGE
I, PRIYANKA W/O of No 2807861M, HAV DESHMUKH AMOL SUBHASH, R/O VILL- DESHMUKHWADI PO- DESHMUKHWADI THE- ATPADI DIST- SANGLI STATE - MAHARASHTRA PIN - 415301 Have changed my name from PRIYANKA To PRIYANKA AMOL DESHMUKH for all future purposes vide Affidavit Dated 19/12/2022 before Notary public, Delhi.

NAME CHANGE
I, MAMTA DEVI W/o JC-422193Y SUB RAJINDER SINGH RANA, R/o VPO-KUTHAR BEET, TEH-HAROLI, DISTT-UNA, Chinchwadgaon ,TEH-pune DIST- pune MAHARASHTRA, 411019, HIMACHAL PRADESH-174503, in my husband's service records my date of birth wrongly mentioned as 23/03/1977 instead of my correct date of birth as 25/03/1977.

NAME CHANGE
I Anita W/O of No - 2802665 H HAV Shinde Prakash Sambhaji R/O village - Hanmantwadi Post - Hanmantwadi Tel - karveer Dist - Kolhapur Pin - 416010 State - Maharashtra Have changed my name from Anita To Anita Prakash Shinde for all future 19/12/2022 before notary public, Delhi

NAME CHANGE
I, POOJA DIXIT W/O NAVEEN KUMAR DIXIT residing at 20, SECOND FLOOR, KH NO-714/200/1, SHYAM GALI, MAUJPUR, DELHI-110053 have changed my name to POOJA for all future purpose.

NAME CHANGE
I, Savita W/O of No - 2799650M HAV Tare Bhalchandra khushalrao R/O village - Mandwa Post - Zotinga Tel - Lonar Dist - Buldhana Pin - 443202 State - Maharashtra Have changed my name from Savita To Savita Bhalchandra Tare for all future 19/12/2022 before notary public, Delhi

NAME CHANGE
I VIRENDRA KUMAR S/O LATE SH. GOPI CHAND R/OA29, MEERA BAGH, PASCHIM VIHAR, NEW DELHI 110087,HAVE CHANGE MY NAME TO VIRENDRA KUMAR CHHABRA FOR ALL FUTURE PURPOSE..

NAME CHANGE
I, NAWIN KUMAR S/O MAHAVIR PRASHAD residing at C-43/6, GALI NO-1, NEAR BABU RAM CHOWK, MOHAN PURI, MAUJPUR, DELHI-110053 have changed my name to NAVEEN KUMAR DIXIT for all future purpose.

NAME CHANGE
I, NAWIN KUMAR S/O MAHAVIR PRASHAD residing at C-43/6, GALI NO-1, NEAR BABU RAM CHOWK, MOHAN PURI, MAUJPUR, DELHI-110053 have changed my name to NAVEEN KUMAR DIXIT for all future purpose.

NAME CHANGE
I, POOJA DIXIT W/O NAVEEN KUMAR DIXIT residing at 20, SECOND FLOOR, KH NO-714/200/1, SHYAM GALI, MAUJPUR, DELHI-110053 have changed my name to POOJA for all future purpose.

NAME CHANGE
I, Suvarna W/O of No - 2803471M, Hav Badake Santosh Shivaji R/o VPO- Hole TEH- Pandharpur,DIST- Solapur, MAHARASHTRA, 413315, have changed my name from Suvrana to Suvarna Santosh Badake for all future purposes vide Affidavit dated 11/12/2022 before Notary Public, Delhi.

NAME CHANGE
I, DEEPALI W/O NO 2798487L.HAV KIRDAT ANKUSH JAYRAM. R/O VILL_KARANDI POST_KARANDI TEH_SATARA DIST_ SATARA MAHARASHTRA 415002 have changed my name from deepali to *DEEPALI* *ANKUSH* *KIRDAT*.for all future purpose vide Affidavit dated 20/12/2022 before notary public, Delhi

NAME CHANGE
I , RESHMA W/O of No- 2799016k HAV- GHADGE NANASAHEB BABURAO, R/O Vill- LALGUN POST- LALGUN TEH - KHATAV DIST- SATARA MAHARASTRA 415503, have changed my name from RESHMA to RESHMA NANASAHEB GHADGE for all future purposes vide Affidavit dated 21/12/2022 before Notary public, Delhi

NAME CHANGE
I Anita W/O of No - 2802665 H HAV Shinde Prakash Sambhaji R/O village - Hanmantwadi Post - Hanmantwadi Tel - karveer Dist - Kolhapur Pin - 416010 State - Maharashtra Have changed my name from Anita To Anita Prakash Shinde for all future 19/12/2022 before notary public, Delhi

# ਦੁਨੀਆਂ ਦਾ ਅਨੋਖਾ ਯੂਰਪੀਅਨ ਦੇਸ਼ 'ਆਸਟਰੀਆ'



- ਹਰਦੀਪ ਸਿੰਘ ਮਾਨ

ਆਓ ਇਕ ਅਜਿਹੇ ਦੇਸ਼ ਦੀ ਕਲਪਨਾ ਕਰੀਏ ਜਿਸ ਵਿਚ ਧਰਮ-ਨਿਰਪੱਖਤਾ, ਇਨਸਾਨੀ-ਬਰਾਬਰੀ, ਕਾਨੂੰਨ ਦੀ ਪਾਲਣਾਂ, ਮਨੁੱਖੀ ਅਜ਼ਾਦੀ ਅਤੇ ਹਰ ਅਦਾਰੇ ਤੇ ਨਿਯੰਤਰਣ ਹੋਵੇ, ਜਿੱਥੇ ਸਰਕਾਰੀ ਜਾਂ ਗ਼ੈਰ-ਸਰਕਾਰੀ ਅਦਾਰੇ ਰੰਗ, ਨਸਲ, ਮਜ਼੍ਹਬ ਅਤੇ ਵੱਖਰੀ ਦਿੱਖ ਦੇ ਆਧਾਰ ਤੋਂ ਬਿਨਾਂ ਕੰਮ ਕਰਨ। ਜੇ ਦੂਜੇ ਸ਼ਬਦਾਂ ਵਿਚ ਕਹੀਏ, ਇਕ ਆਮ ਨਾਗਰਿਕ ਆਪਣੇ ਦੇਸ਼ ਜਾਂ ਸ਼ਹਿਰ ਤੋਂ ਸ਼ੁੱਧ ਹਵਾ-ਪਾਣੀ, ਸੁਰੱਖਿਅਤ-ਜੀਵਨ, ਰੋਜ਼ਗਾਰ, ਸਰਕਾਰੀ ਸਹੂਲਤਾਂ, ਬੁਨਿਆਦੀ ਹੱਕ, ਸ਼ਾਂਤੀ ਅਤੇ ਇਨਸਾਫ਼ ਦੀ ਉਮੀਦ ਰੱਖਦਾ ਹੈ। ਹੁਣ ਦੇਖਦੇ ਹਾਂ, ਕੀ ਇਹ ਸਾਰੀਆਂ ਖ਼ੂਬੀਆਂ ਆਸਟਰੀਆ ਦੇਸ਼ ਵਿਚ ਹਨ ?

ਆਸਟਰੀਆ:

ਆਸਟਰੀਆ, ਸੰਸਾਰ ਦੇ ਨਕਸ਼ੇ ਉੱਪਰ ਇਕ ਛੋਟਾ ਜਿਹਾ ਦਿਸਣ ਵਾਲਾ ਦੇਸ਼ ਅੱਜ ਤੋਂ 92 ਸਾਲ ਪਹਿਲਾਂ ਬਹੁਤ ਵੱਡਾ ਹੁੰਦਾ ਸੀ। ਪੂਰੇ ਦੇ ਪੂਰੇ ਦੇਸ਼ ਚੈਕੋ, ਸਲਾਵਾਕੀਆ, ਹੰਗਰੀ, ਸਲਵੇਨੀਆ, ਲਿਖਤਨਸਟਾਈਨ ਅਤੇ ਕੁਝ ਇਲਾਕੇ ਰੁਮਾਨੀਆ, ਇਟਲੀ, ਪੋਲੈਂਡ ਅਤੇ ਯੂਕਰੇਨ ਦੇ ਆਸਟਰੀਆ ਵਿਚ ਸ਼ਾਮਲ ਸਨ। ਆਸਟਰੀਆ ਵਾਰੇ ਬਹੁਤੇ ਲੋਕਾਂ ਨੂੰ ਜਾਣਕਾਰੀ ਨਾ ਹੋਣ ਕਰਕੇ ਉਹ ਇਸ ਨੂੰ ਆਸਟਰੇਲੀਆ ਨਾਂਵ ਤੇ ਬਦਲ ਦਿੰਦੇ ਹਨ। ਆਸਟਰੀਆ ਦਾ ਖ਼ੇਤਰਫਲ 83,858 ਵਰਗ ਕਿਲੋਮੀਟਰ ਹੈ, ਭਾਵ ਭਾਰਤ ਦਾ ਇਕ ਰਾਜ 'ਅਰੁਣਾਚਲ ਪ੍ਰਦੇਸ਼' ਪੂਰੇ ਆਸਟਰੀਆ ਦੇ ਬਰਾਬਰ ਹੈ। ਆਸਟਰੀਆ ਦੇ 9 ਰਾਜ ਹਨ। 'ਵਿਆਨਾ' ਆਸਟਰੀਆ ਦੀ ਰਾਜਧਾਨੀ ਹੈ। ਆਸਟਰੀਆ ਦੇ ਅੱਠ ਗੁਆਢੀ ਦੇਸ਼ਾਂ ਦੇ ਨਾਮ ਜਰਮਨੀ, ਸਵਿਟਜ਼ਰਲੈਂਡ, ਲਿਖਤਨਸਟਾਈਨ, ਇਟਲੀ, ਸਲਵੇਨੀਆ, ਹੰਗਰੀ, ਸਲਾਵਾਕੀਆ ਅਤੇ ਚੈਕੋ ਹਨ। ਇਸ ਦੇਸ਼ ਦਾ ਕਾਨੂੰਨੀ ਕੋਈ ਧਰਮ ਨਹੀਂ। ਵੈਸੇ, ਆਸਟਰੀਆ ਵਿਚ 78% ਕੈਥੋਲਿਕ, 5% ਪ੍ਰੋਟੈਸਟੈਂਟ, 2% ਮੁਸਲਮ ਧਰਮ ਦੇ ਲੋਕ ਰਹਿੰਦੇ ਹਨ। ਇੱਥੋਂ ਦੀ ਬੋਲੀ ਨੂੰ ਅੰਗ੍ਰੇਜ਼ੀ ਵਿਚ 'ਜਰਮਨ' ਅਤੇ ਜਰਮਨ ਵਿਚ 'ਡੁਚ' ਕਹਿੰਦੇ ਹਨ, ਭਾਵ ਇਸ ਦੇਸ਼ ਨੂੰ ਅੰਗ੍ਰੇਜ਼ੀ ਵਿਚ 'ਆਸਟਰੀਆ' ਅਤੇ ਜਰਮਨ ਜਾਂ ਡੁਚ ਵਿਚ 'ਉਸਟਰਾਹੀਖ਼' ਕਹਿੰਦੇ ਹਨ, ਇਸੇ ਤਰ੍ਹਾਂ ਹੀ ਰਾਜਧਾਨੀ ਨੂੰ ਅੰਗ੍ਰੇਜ਼ੀ ਵਿਚ 'ਵਿਆਨਾ' ਅਤੇ ਜਰਮਨ ਜਾਂ ਡੁਚ ਵਿਚ 'ਵੀਨ' ਕਹਿੰਦੇ ਹਨ।

ਸਰਵੇਖਣਾਂ ਅਨੁਸਾਰ ਆਸਟਰੀਆ ਵਿਚ ਜ਼ਿਆਦਾਤਰ ਮਰਦ 75 ਸਾਲ ਅਤੇ ਔਰਤਾਂ 81 ਸਾਲ ਤੱਕ ਉਮਰ ਭੋਗਦੀਆਂ ਹਨ। ਆਸਟਰੀਆ ਵਿਚ ਸਿਰਫ਼ ਚਾਰ ਰਾਜਨੀਤਿਕ ਪਾਰਟੀਆਂ ਤਾਕਤ ਵਿਚ ਹਨ। ਆਸਟਰੀਅਨ ਨਾਗਰਿਕ ਨੂੰ ਆਮ ਤੌਰ ਤੇ 20% ਟੈਕਸ ਦੇਣਾਂ ਪੈਂਦਾ ਹੈ। ਆਸਟਰੀਆ ਦੀ ਤਰੱਕੀ ਦਾ ਰਾਜ ਇੱਥੇ ਵੱਡੀ ਗਿਣਤੀ ਵਿਚ ਸੈਲਾਨੀਆਂ ਦਾ ਆਉਣਾਂ ਹੈ। ਸਾਲ ਦੇ 1.5 ਮਿਲੀਅਨ ਸੈਲਾਨੀ ਇੱਕਲੇ ਵਿਆਨਾ ਨੂੰ ਦੇਖਣ ਆਉਂਦੇ ਹਨ ਅਤੇ ਇਹ ਗਿਣਤੀ ਹਰ ਸਾਲ ਵੱਧ ਵੀ ਜਾਂਦੀ ਹੈ। ਆਸਟਰੀਆ ਵੀ ਦੇਸ਼ ਬਾਰੇ ਮਸ਼ਹੂਰੀ ਅਤੇ ਸੈਲਾਨੀਆਂ ਦੀ ਮੰਗਾਂ ਨੂੰ ਪੂਰੀਆਂ ਕਰਨ ਵਿਚ ਕੋਈ ਕਸਰ ਨਹੀਂ ਛੱਡਦਾ। ਇਸ ਦੇਸ਼ ਨੇ ਹਰ ਤਰ੍ਹਾਂ ਦੇ ਮਹਾਨ ਵਿਅਕਤੀ ਪੈਦਾ ਕੀਤੇ ਜਿਵੇਂ ਅਭਿਨੇਤਾ, ਖਿਡਾਰੀ, ਲੇਖਕ, ਸੰਗੀਤਕਾਰ ਵਗੈਰਾ ਵਗੈਰਾ, ਜਿਨ੍ਹਾਂ ਨੇ ਸੰਸਾਰ ਭਰ ਵਿਚ ਆਸਟਰੀਆ ਦਾ ਨਾਮ ਉੱਚਾ ਕੀਤਾ ਅਤੇ ਕਰ ਰਹੇ ਹਨ। ਮਸ਼ਹੂਰ ਅਭਿਨੇਤਾ 'ਆਰਨੋਲਡ ਸਵਾਰਚੇਨੀਗਰ', ਜਿਸ ਨੇ 'ਕਮਾਡੋਂ' ਅਤੇ 'ਦਾ ਟਰਮੀਨੇਟਰ' ਵਰਗੀਆਂ




ਅੰਗ੍ਰੇਜ਼ੀ ਫਿਲਮਾਂ ਵਿਚ ਕੰਮ ਕੀਤਾ ਅਤੇ ਹੁਣ ਵੀ ਉਸ ਦੀਆਂ ਨਵੀਆਂ ਫਿਲਮਾਂ ਆ ਰਹੀਆਂ ਹਨ, ਉਸ ਦਾ ਜਨਮ ਆਸਟਰੀਆ ਦੇ ਇਕ ਸ਼ਹਿਰ 'ਗਰਾਸ' ਵਿਚ ਹੀ ਹੋਇਆ ਹੈ। ਆਸਟਰੀਆ ਦੇ ਇਕ ਸੰਸਾਰ ਪ੍ਰਸਿੱਧ ਖਿਡਾਰੀ ਦਾ ਨਾਮ 'ਹਰਮਨ ਮਾਅਰ' ਹੈ, ਜਿਸ ਨੇ ਸਰਦੀ-ਰੁੱਤ ਦੀਆਂ ਖੇਡਾਂ ਵਿਚ ਆਸਟਰੀਆ ਲਈ ਕਈ ਸੋਨੇ ਦੇ ਤਮਗੇ ਜਿੱਤੇ। ਜਿਸ ਤਰ੍ਹਾਂ ਆਰਨੋਲਡ ਨੂੰ ਲੋਕੀਂ ਪਿਆਰ ਨਾਲ 'ਟਰਮੀਨੇਟਰ' ਕਹਿੰਦੇ ਹਨ, ਉਸੇ ਤਰ੍ਹਾਂ ਹਰਮਨ ਨੂੰ 'ਹਰਮੀਨੇਟਰ' ਕਹਿੰਦੇ ਹਨ।

ਆਬਾਦੀ ਘੱਟ ਹੋਣ ਕਰਕੇ ਹਰ ਆਸਟਰੀਅਨ ਨਾਗਰਿਕਤਾ ਪ੍ਰਾਪਤ ਮਰਦ ਨੂੰ 18 ਤੋਂ 35 ਸਾਲ ਦੀ ਉਮਰ ਦੇ ਵਿਚ 8 ਮਹੀਨੇ ਫ਼ੌਜ ਦੀ ਸਿਖਲਾਈ ਲਈ ਜਾਣਾਂ ਪੈਂਦਾ ਹੈ, ਤਾਂਕਿ ਲੜਾਈ ਲੱਗਣ ਤੇ ਸਾਰੇ ਮਰਦ ਆਪਣੇ ਕੰਮ-ਕਾਰ ਛੱਡ ਕੇ ਦੇਸ਼ ਲਈ ਲੜਨ ਲਈ ਪਹਿਲਾਂ ਤੋਂ ਹੀ ਤਿਆਰ ਰਹਿਣ। ਔਰਤਾਂ ਫ਼ੌਜੀ ਸਿਖਲਾਈ ਜਾਂ ਫ਼ੌਜ ਵਿਚ ਭਰਤੀ ਹੋਣ ਲਈ ਸਵੈ-ਇਛੁਕ ਜਾ ਸਕਦੀਆਂ ਹਨ, ਪਰ ਸਰੀਰਕ ਅਤੇ ਮਾਨਸਿਕ ਤੌਰ ਤੇ ਸੰਪੂਰਨ ਮਰਦਾਂ ਨੂੰ ਕਾਨੂੰਨੀ ਜਾਣਾਂ ਪੈਂਦਾ ਹੈ। ਫ਼ੌਜੀ ਸਿਖਲਾਈ ਦੌਰਾਨ ਸਰਕਾਰੀ ਬਿੱਲ ਮਾਫ਼ ਕਰ ਦਿੱਤੇ ਜਾਂਦੇ ਹਨ ਅਤੇ ਫ਼ੌਜੀ ਦੇ ਖਰਚਿਆਂ ਅਨੁਸਾਰ ਮਾਲੀ ਮਦਦ ਵੀ ਦਿੱਤੀ ਜਾਂਦੀ ਹੈ। ਆਸਟਰੀਆ ਵਿਚ 6 ਤੋਂ 15 ਸਾਲ ਦੀ ਉਮਰ ਦੇ ਬੱਚਿਆਂ ਦਾ ਸਕੂਲੇ ਜਾਣਾਂ ਜ਼ਰੂਰੀ ਹੈ। ਇੱਥੇ ਸਰਕਾਰੀ ਸਕੂਲਾਂ ਦੀ ਪੜ੍ਹਾਈ ਮੁਫ਼ਤ ਹੈ, ਸਿਰਫ਼ ਕਿਤਾਬਾਂ ਦੀ 10% ਕੀਮਤ ਦੇਣੀ ਪੈਂਦੀ ਹੈ, ਪਰ ਉਨੀ ਕੁ ਸਰਕਾਰ ਵਲੋਂ ਵੀ ਮਾਲੀ ਮਦਦ ਮਿਲ ਜਾਂਦੀ ਹੈ। ਯੂਨੀਵਰਸਿਟੀ ਵਿਚ ਪੜ੍ਹਨਾਂ ਵੀ ਇਸੇ ਤਰ੍ਹਾਂ ਹੀ ਹੈ, ਸਰਕਾਰ ਪੜ੍ਹਾਈ ਦਾ ਖ਼ਰਚਾ ਇਕ ਹੱਥ ਦੇ ਕੇ ਦੂਜੇ ਹੱਥ ਲੈ ਲੈਂਦੀ ਹੈ। ਵਿਦਿਆਰਥੀਆਂ ਨੂੰ ਹੋਰ ਬਹੁਤ ਸਾਰੀਆਂ ਸਹੂਲਤਾਂ ਮਿਲਦੀਆਂ ਹਨ, ਜਿਵੇਂ ਜਨਤਕ ਗੱਡੀਆਂ ਦੇ ਪਾਸ ਵਿਚ ਛੋਟ।

ਆਸਟਰੀਆ ਵਿਚ ਪਿਛਲੇ ਕੁਝ ਸਾਲਾਂ ਤੋਂ ਬਹੁਤ ਘੱਟ ਬੱਚੇ ਪੈਦਾ ਕੀਤੇ ਜਾ ਰਹੇ ਹਨ, ਸਾਲ 2001 ਵਿਚ ਪਿਛਲੇ ਸਾਲ ਨਾਲੋਂ 3000 ਬੱਚੇ ਘੱਟ ਪੈਦਾ ਹੋਏ, ਇਸ ਲਈ ਸਰਕਾਰ ਦੇਸ਼ ਦੇ ਭਵਿੱਖ ਲਈ ਬਹੁਤ ਚਿੰਤਕ ਹੈ। ਕਿਉਂਕਿ ਜੇ ਦੇਸ਼ ਦੀ ਆਬਾਦੀ ਵਿਚ ਵਾਧਾ ਨਹੀਂ ਹੁੰਦਾ ਜਾਂ ਬਹੁਤ ਹੌਲੀ ਹੁੰਦਾ ਹੈ ਤਾਂ ਪੈਨਸ਼ਨਾਂ ਕੌਣ ਭਰੇਗਾ ? ਚਿੰਤਕਾਂ ਨੂੰ ਡਰ ਹੈ ਕਿ ਜੇ ਆਬਾਦੀ ਵਿਚ ਵਾਧਾ ਨਹੀਂ ਹੋਇਆ ਤਾਂ ਸਾਲ 2035 ਵਿਚ ਪੈਨਸ਼ਨਾਂ ਦੇਣੀਆਂ ਅਸੰਭਵ ਹੋ ਜਾਣਗੀਆਂ। ਇਸੇ ਕਰਕੇ ਵੱਧ ਤੋਂ ਵੱਧ ਬੱਚੇ ਪੈਦਾ ਕਰਨ ਦਾ ਲਾਲਚ ਦਿੱਤਾ ਜਾ ਰਿਹਾ ਹੈ, ਜਿਵੇਂ ਸਰਕਾਰ ਵਲੋਂ ਬੱਚਿਆਂ ਦੇ ਪਾਲਣ-ਪੋਸ਼ਣ ਲਈ ਮਾਲੀ ਮਦਦ ਦੇਣੀ, ਮਾਂ ਕੋਲੋਂ ਬੱਚੇ ਦੇ ਬਾਪ ਦਾ ਨਾਮ ਨਾ ਪੁੱਛਣਾਂ। ਹੋਰ ਵਿਕਸਿਤ ਦੇਸ਼ ਵਾਂਗ ਇੱਥੇ ਵੀ ਬੱਚਿਆਂ ਨੂੰ ਮਾਰਨਾ-ਕੁੱਟਣਾਂ ਕਾਨੂੰਨੀ ਜ਼ੁਲਮ ਹੈ। ਸਕੂਲਾਂ ਵਿਚ ਸਮੇਂ ਸਮੇਂ ਤੇ ਬੱਚਿਆਂ ਦੀ ਸਰੀਰਕ ਅਤੇ ਮਾਨਸਿਕ ਜਾਂਚ ਕੀਤੀ ਜਾਂਦੀ ਹੈ। ਮਾਂ-ਬਾਪ ਨੂੰ ਵੀ ਬੱਚੇ ਦੇ ਪਾਲਣ-ਪੋਸ਼ਣ ਲਈ ਸਰਕਾਰ ਵਲੋਂ ਵੀ ਮਾਲੀ ਮਦਦ ਦੇ ਨਾਲ ਨਾਲ ਸਖ਼ਤ ਹਦਾਇਤਾਂ ਵੀ ਦਿੱਤੀਆਂ ਜਾਂਦੀਆਂ ਹਨ। ਰਾਤਾਂ ਨੂੰ ਛੋਟੀ ਉਮਰ ਦੇ ਬੱਚਿਆਂ ਨੂੰ ਨਾਲ ਲੈ ਕੇ ਘੁੰਮਣਾਂ ਮਨ੍ਹਾਂ ਹੈ। ਹੋਰ ਜੋ ਸਭ ਕੁਝ ਬਾਕੀ ਵਿਕਸਿਤ ਦੇਸ਼ਾਂ ਵਿਚ ਹੁੰਦਾ ਹੈ, ਉਹ ਇੱਥੇ ਵੀ ਹੁੰਦਾ ਹੈ। ਇੱਥੇ ਵੀ ਜਵਾਨ ਮੁੰਡੇ-ਕੁੜੀਆਂ ਨੂੰ ਹੱਦੋਂ ਵੱਧ ਆਜ਼ਾਦੀ ਹੈ। ਸੜਕਾਂ ਤੇ ਨੰਗੇਜ਼ਵਾਦ ਅਤੇ ਮੁੰਡੇ-ਕੁੜੀਆਂ ਦੀਆਂ ਅਸ਼ਲੀਲ ਹਰਕਤਾਂ ਆਮ ਦੇਖਣ 'ਚ ਆਉਂਦੀਆਂ ਹਨ। ਕੁੜੀਆਂ 22 ਸਾਲਾਂ ਦੀਆਂ ਹੋ ਕੇ ਪਰਿਵਾਰ ਨਾਲੋਂ ਵੱਖ ਹੋ ਕੇ ਰਹਿਣ ਲੱਗ ਪੈਂਦੀਆਂ ਹਨ ਅਤੇ ਮੁੰਡੇ 24 ਸਾਲ ਦੇ। ਵਿਆਨਾ ਵਿਚ 44.5% ਲੋਕ ਇੱਕਲੇ ਰਹਿ ਰਹੇ ਹਨ। ਇੱਥੇ ਵੀ ਬੰਦੇ ਬੰਦਿਆਂ ਨਾਲ ਵਿਆਹ ਕਰਵਾਈ ਜਾ ਰਹੇ ਹਨ ਅਤੇ ਔਰਤਾਂ ਔਰਤਾਂ ਨਾਲ। ਅਣ-ਵਿਆਹੇ ਇੱਕਠਿਆਂ ਰਹਿਣ ਦਾ ਰੁਝਾਨ ਵੱਧ ਰਿਹਾ ਹੈ। ਆਸਟਰੀਆ ਵਿਚ ਸਾਲ 2001 ਪੈਦਾ ਹੋਏ ਹਰ ਤੀਜੇ ਬੱਚੇ ਦੇ ਮਾਂ-ਬਾਪ ਅਣ-ਵਿਆਹੇ ਹਨ।



ਆਬਾਦੀ: ਇਸ ਦੇਸ਼ ਦੀ ਜਨਸੰਖਿਆ ਸਾਲ 2001 ਦੇ ਸਰਕਾਰੀ ਅੰਕੜਿਆਂ ਅਨੁਸਾਰ 80,65,465 ਸੀ। ਹੈਰਾਨੀ ਦੀ ਗੱਲ ਹੈ ਕਿ ਇਸ ਦੇ ਸਾਰੇ ਹੀ ਰਾਜਾਂ ਵਿਚ ਔਰਤਾਂ ਦੀ ਗਿਣਤੀ ਜ਼ਿਆਦਾ ਹੈ। ਇਕੱਲੇ ਵਿਆਨਾ ਸ਼ਹਿਰ ਵਿਚ ਮਰਦਾਂ ਨਾਲੋਂ 86,000 ਜ਼ਿਆਦਾ ਔਰਤਾਂ ਰਹਿ ਰਹੀਆਂ ਹਨ, ਕੁਝ ਲੋਕਾਂ ਲਈ ਸ਼ਾਇਦ ਇਹ ਸਵਰਗ ਦੀ ਕਲਪਨਾ ਹੋਵੇਗੀ। ਮਰਦਾਂ ਅਤੇ ਔਰਤਾਂ ਦਾ ਵੱਡੀ ਗਿਣਤੀ ਵਿਚ ਇਹ ਅੰਤਰ ਸੰਸਾਰ ਯੁੱਧਾਂ ਵਿਚ ਬਹੁਤੇ ਮਰਦਾਂ ਦਾ ਮਾਰੇ ਜਾਣਾ ਅਤੇ ਵਿਕਸਿਤ ਸਮਾਜ ਵਿਚ ਧੀ-ਪੁੱਤਰ ਨੂੰ ਇਕ ਬਰਾਬਰ ਸਮਝਣਾਂ ਹੈ। ਪਿਛਲੇ ਦਸ ਸਾਲਾਂ ਵਿਚ ਆਸਟਰੀਆ ਦੀ ਆਬਾਦੀ 3.5% ਵਧੀ ਹੈ। ਸਾਰੇ ਆਸਟਰੀਆ ਵਿਚ 9.3% ਲੋਕਾਂ ਕੋਲ ਆਸਟਰੀਅਨ ਨਾਗਰਿਕਤਾ ਨਹੀਂ ਹੈ, ਜੋ ਕਿ ਯੂਰਪੀਅਨ ਯੂਨੀਅਨ ਦੇਸ਼ਾਂ ਨਾਲੋਂ ਸਭ ਤੋਂ ਵੱਧ ਹੈ। ਪ੍ਰਵਾਸੀਆਂ ਵਿਚ ਜ਼ਿਆਦਾ ਯੂਗੋ, ਸਲਾਵੀਅਨ, ਟੁਰਕੀ ਅਤੇ ਪੋਲੈਂਡੀਅਨ ਹਨ।

ਅਖ਼ਬਾਰਾਂ ਵੇਚਣ ਦੇ ਕੰਮ ਲਈ ਵਿਸ਼ੇਸ਼ ਵੀਜ਼ੇ ਖੁਲ੍ਹਣ ਕਰਕੇ ਸਾਲ 1980 ਵਿਚ ਭਾਰਤੀਆ ਨੇ ਆਸਟਰੀਆ ਆਉਣਾਂ ਸ਼ੁਰੂ ਕੀਤਾ। ਆਸਟਰੀਆ ਵਿਚ ਸਾਲ 2001 ਵਿਚ 5127 ਭਾਰਤੀ ਨਾਗਰਿਕਤਾ ਵਾਲੇ ਦਰਜ ਸਨ। ਪਿਛਲੇ ਸਾਲ 91 ਭਾਰਤੀ ਬੱਚਿਆਂ ਨੇ ਆਸਟਰੀਆ ਵਿਚ ਜਨਮ ਲਿਆ। 678 ਭਾਰਤੀਆਂ ਨੇ ਸਾਲ 2001 ਵਿਚ ਆਸਟਰੀਅਨ ਪਾਸਪੋਰਟ ਲਏ, ਜਿਨ੍ਹਾਂ ਵਿਚੋਂ ਜ਼ਿਆਦਾਤਰ ਔਰਤਾਂ ਅਤੇ ਬੱਚੇ ਸਨ। ਸਰਕਾਰੀ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਆਸਟਰੀਆ ਦੇ ਸਾਰੇ ਰਾਜਾਂ ਵਿਚ ਆਪਣੇ ਭਾਰਤੀ ਹਨ, ਪਰ ਵੱਡੀ ਗਿਣਤੀ, ਸਾਲ 2001 ਵਿਚ 3756 ਭਾਰਤੀ ਨਾਗਰਿਕਤਾ ਵਾਲੇ, ਵਿਆਨਾ ਵਿਚ ਹੀ ਹੈ। ਜੇ ਸਾਰੇ ਆਸਟਰੀਆ ਵਿਚ ਸਾਲ 1979 ਤੋਂ ਲੈ ਕੇ ਸਾਲ 2001 ਤੱਕ ਭਾਰਤੀ ਪਾਸਪੋਰਟਾਂ ਨੂੰ ਦੇ ਕੇ ਆਸਟਰੀਅਨ ਪਾਸਪੋਰਟ ਲੈਣ ਵਾਲਿਆਂ ਦੀ ਗਿਣਤੀ ਦਾ ਕੁਲ ਜੋੜ ਲਾਈਏ ਤਾਂ ਇਹ 5670 ਬਣਦੀ ਹੈ। ਜ਼ਿਆਦਾਤਰ ਪੰਜਾਬ ਅਤੇ ਕੇਰਲਾ ਤੋਂ ਭਾਰਤੀ ਆਸਟਰੀਆ ਵਿਚ ਹਨ। ਦੇਖਣ ਵਿਚ ਆਇਆ ਹੈ ਕਿ ਇੱਥੇ ਹੋਰ ਦੇਸ਼ਾਂ ਦੇ ਨਾਗਰਿਕਾਂ ਨਾਲੋਂ ਭਾਰਤੀਆਂ ਨੂੰ ਵੀਜ਼ੇ ਅਤੇ ਆਸਟਰੀਅਨ ਪਾਸਪੋਰਟ ਸੌਖੇ ਅਤੇ ਛੇਤੀ ਮਿਲ ਜਾਂਦੇ ਹਨ। ਸ਼ਾਇਦ ਇਨ੍ਹਾਂ ਨੂੰ ਭਾਰਤੀਆਂ ਦੇ ਮਿਹਨਤੀ, ਅਮਨਪਸੰਦ ਅਤੇ ਖੁਲ੍ਹੇ ਸੁਭਾਅ ਵਾਰੇ ਪਤਾ ਹੈ।

ਸਾਲ 2001 ਵਿਚ 429 ਭਾਰਤੀ ਆਸਟਰੀਆ ਛੱਡ ਕੇ ਚਲੇ ਗਏ। ਸਰਕਾਰੀ ਅੰਕੜਿਆਂ ਅਨੁਸਾਰ ਸਾਲ 1978 ਵਿਚ ਪਹਿਲੀ ਬਾਰ 8 ਭਾਰਤੀਆਂ ਨੇ ਆਸਟਰੀਅਨ ਸਿਆਸੀ-ਪਨਾਹ ਲਈ ਸੀ, ਪਰ ਸਾਲ 2000 ਵਿਚ ਇਹ ਵਧ ਕੇ 2441 ਹੋ ਗਈ। ਸਾਲ 2001 ਵਿਚ 1804 ਭਾਰਤੀ ਸਿਆਸੀ ਪਨਾਹਗੀਰ ਸਨ। ਸਭ ਤੋਂ ਵੱਧ ਇੱਥੇ ਅਫ਼ਗਾਨਿਸਤਾਨ ਅਤੇ ਇਰਾਨ ਤੋਂ ਲੋਕ ਸਿਆਸੀ ਪਨਾਹ ਲਈ ਆਉਂਦੇ ਹਨ।

ਵਿਆਨਾ: ਕਿਉਂਕਿ ਹਰ ਦੇਸ਼ ਦੀ ਰਾਜਧਾਨੀ ਉਸ ਦੇਸ਼ ਦਾ ਕੇਂਦਰੀ ਧੁਰਾ ਹੁੰਦਾ ਹੈ, ਇਸ ਕਰਕੇ 'ਵਿਆਨਾ' ਬਾਰੇ ਵਿਸਥਾਰਪੂਰਕ ਦੱਸਦੇ ਹਾਂ। ਵਿਆਨਾ ਵਿਚ ਰੋਜ਼ਗਾਰ ਦੇ ਸਾਧਨ ਜ਼ਿਆਦਾ ਹੋਣ ਕਰਕੇ ਇੱਥੇ ਸੰਸਾਰ ਦੇ ਸਾਰੇ ਦੇਸ਼ਾਂ ਦੇ ਲੋਕ ਰਹਿੰਦੇ ਹਨ। ਸਾਲ 2001 ਵਿਚ ਸਿਰਫ਼ 6.1% ਨਾਗਰਿਕ ਆਸਟਰੀਆ ਵਿਚ ਬੇਰੁਜ਼ਗਾਰ ਸਨ। ਭਾਵੇਂ ਵਿਆਨਾ ਆਸਟਰੀਆ ਦੇ ਬਾਕੀ ਰਾਜਾਂ ਨਾਲੋਂ ਸਭ ਤੋਂ ਛੋਟਾ ਹੈ, ਪਰ ਰਾਜਧਾਨੀ ਹੋਣ ਕਰਕੇ ਇਸ ਦੀ ਆਬਾਦੀ (15,62,482) ਬਾਕੀ ਰਾਜਾਂ ਨਾਲੋਂ ਜ਼ਿਆਦਾ ਹੈ, ਇਸੇ ਕਰਕੇ ਹੀ ਸਾਰੇ ਰਾਜਾਂ ਨਾਲੋਂ ਵੱਧ ਵਿਆਨਾ ਦੇ 17.7% ਲੋਕਾਂ ਕੋਲ ਆਸਟਰੀਅਨ ਨਾਗਰਿਕਤਾ ਨਹੀਂ ਹੈ।

ਵਿਆਨਾ ਵਿਚ ਜਗ੍ਹਾ ਥੋੜ੍ਹੀ ਅਤੇ ਆਬਾਦੀ ਜ਼ਿਆਦਾ ਹੋਣ ਕਰਕੇ ਜ਼ਿਆਦਾਤਰ ਲੋਕ ਫਲੈਟਾਂ (ਬਿਲਡਿੰਗਾਂ) ਵਿਚ ਰਹਿੰਦੇ ਹਨ, ਸਿਰਫ਼ 8.1% ਲੋਕ ਆਪਣੇ ਘਰਾਂ (ਹਾਊਸ) ਵਿਚ ਰਹਿੰਦੇ ਹਨ। ਵਿਆਨਾ ਦੇ ਫਲੈਟਾਂ ਦੀ ਕੀਮਤ ਲਗਪਗ ਇੰਗਲੈਂਡ ਦੇ ਘਰਾਂ ਜਿੰਨੀ ਹੈ। ਆਸਟਰੀਆ ਵਿਚ ਕੰਮ ਕਰਨ ਵਾਲਿਆਂ ਨੂੰ ਸਾਲ ਦੀਆਂ ਚੌਦਾਂ ਤਨਖ਼ਾਹਾਂ ਮਿਲਦੀਆਂ ਹਨ ਅਤੇ ਸਾਲ ਦੀਆਂ 15 ਸਰਕਾਰੀ ਛੁੱਟੀਆਂ ਹੁੰਦੀਆਂ ਹਨ। ਵਧੇਰੇ ਸਰਕਾਰੀ ਛੁੱਟੀਆਂ ਦੀ ਗਿਣਤੀ ਵਿਚ ਵੀ ਆਸਟਰੀਆ ਮੋਹਰੀ ਦੇਸ਼ਾਂ ਵਿਚ ਆਉਂਦਾ ਹੈ। ਇਸ ਤੋਂ ਇਲਾਵਾ ਕਾਮਾਂ ਤਨਖ਼ਾਹ ਤੇ ਸਾਲ ਵਿਚ ਪੰਜ ਹਫ਼ਤੇ ਦੀਆਂ ਛੁੱਟੀਆਂ ਲੈ ਸਕਦਾ ਹੈ। ਵਿਆਨਾ ਦੀ ਸਫ਼ਾਈ ਦੀ ਗੱਲ ਕਰੀਏ ਤਾਂ ਇੱਥੇ ਹਰ ਤਰ੍ਹਾਂ ਦੇ ਕੂੜੇ ਲਈ ਵੱਖਰਾ ਕੂੜੇਦਾਨ ਹੈ। ਜ਼ਿਆਦਾਤਰ ਬਹੁ-ਮੰਜ਼ਿਲੀ ਇਮਾਰਤਾਂ ਵਿਚ ਦੋ ਤਰ੍ਹਾਂ ਦੇ ਕੂੜੇਦਾਨ ਹੁੰਦੇ ਹਨ। ਇਕ ਵਿਚ ਕਾਗਜ਼ ਅਤੇ ਦੂਸਰੇ ਵਿਚ ਸਭ ਕੁਝ ਸੁੱਟ ਸਕਦੇ ਹੋ।

ਬਿਲਡਿੰਗਾਂ ਤੋਂ ਕੁਝ ਦੂਰੀ ਤੇ ਛੇ ਤਰ੍ਹਾਂ ਦੇ ਕੂੜੇਦਾਨ ਰੱਖੇ ਹੁੰਦੇ ਹਨ, ਜਿਨ੍ਹਾਂ ਵਿਚ ਪਲਾਸਟਿਕ, ਫੁੱਲ-ਬੂਟੇ, ਰੰਗੀਨ ਕੱਚ, ਚਿੱਟਾ ਕੱਚ, ਲੋਹਾ ਅਤੇ ਕੱਪੜੇ ਸੁੱਟੇ ਜਾਂਦੇ ਹਨ।

ਕਥਾ ਪ੍ਰਵਾਹ

## ਤਿੰਨ ਬਹਾਦਰ

-ਬਲਦੇਵ ਸਿੰਘ ਸਿੱਧੂ

ਜੇ ਅਸੀਂ ਵਿਸ਼ਵ ਦੇ ਇਤਿਹਾਸ ਦੇ ਪੰਨੇ ਵੇਖੀਏ-ਪੜ੍ਹੀਏ ਤਾਂ ਹਰੇਕ ਦੇਸ਼ ਅਤੇ ਕੌਮ ਦਾ ਇਤਿਹਾਸ ਵੀਰਾਂ-ਬਹਾਦਰਾਂ ਦੀਆਂ ਕਹਾਣੀਆਂ ਨਾਲ ਭਰਿਆ ਹੋਇਆ ਹੈ। ਹਰ ਕਾਲ ਤੇ ਯੁੱਗ ਵਿੱਚ ਅਜਿਹੇ ਸੂਰਮੇ ਹੋਏ ਹਨ ਜਿਨ੍ਹਾਂ ਨੇ ਆਪਣੇ ਸਾਹਸ ਭਰੇ ਕਾਰਨਾਮਿਆਂ ਨਾਲ ਲੋਕਾਂ 'ਚ ਉਤਸ਼ਾਹ ਪੈਦਾ ਕਰ ਕੇ ਉਨ੍ਹਾਂ ਨੂੰ ਪ੍ਰੇਰਨਾ ਦਿੱਤੀ। ਇਹ ਕਹਾਣੀ ਹਜ਼ਾਰਾਂ ਸਾਲ ਪੁਰਾਣੀ ਹੈ। ਕਹਿੰਦੇ ਹਨ ਕਿ ਰੋਮ 'ਤੇ ਟਾਰਕਿਵਨ ਨਾਂ ਦਾ ਰਾਜਾ ਰਾਜ ਕਰਦਾ ਸੀ। ਉਹ ਬਹੁਤ ਹੀ ਜ਼ਾਲਮ ਪ੍ਰਵਿਰਤੀ ਦਾ ਸ਼ਾਸਕ ਸੀ ਜੋ ਜਨਤਾ ਤੋਂ ਭਾਰੀ ਟੈਕਸ ਵਸੂਲ ਕਰਦਾ ਅਤੇ ਉਸ ਆਮਦਨ ਆਮਦਨ ਨੂੰ ਆਪਣੀ ਐਸ਼ੋ-ਇਸ਼ਰਤ 'ਤੇ ਅੰਨ੍ਹੇਵਾਹ ਖਰਚ ਕਰਦਾ ਸੀ। ਲੋਕ ਭਲਾਈ ਨਾਲ ਉਸ ਦਾ ਦੂਰ ਨੇੜੇ ਦਾ ਵਾਸਤਾ ਨਹੀਂ ਸੀ। ਇਸ ਕਰਕੇ ਪਰਜਾ ਉਸ ਦੇ ਤਾਨਾਸ਼ਾਹੀ ਰਵੱਈਏ ਤੋਂ ਪੂਰੀ ਤਰ੍ਹਾਂ ਤੰਗ ਹੋ ਗਈ। ਅੰਤ ਲੋਕਾਂ ਨੇ ਰਾਜੇ ਵਿਰੁੱਧ ਬਗ਼ਾਵਤ ਕਰ ਦਿੱਤੀ। ਰਾਜ ਪਲਟੇ ਤੋਂ ਬਾਅਦ ਪਰਜਾ ਨੇ ਫ਼ੈਸਲਾ ਕੀਤਾ ਕਿ ਦੇਸ਼ ਦਾ ਸ਼ਾਸਨ ਕਿਸੇ ਬਾਦਸ਼ਾਹ ਦੇ ਅਧੀਨ ਨਹੀਂ ਸਗੋਂ ਵਿਦਵਾਨ ਅਤੇ ਬੁੱਧੀਮਾਨ ਲੋਕਾਂ ਦੀ ਇੱਕ ਸਭਾ ਰਾਜ ਦਾ ਪ੍ਰਬੰਧ ਕਰੇਗੀ। ਬਾਦਸ਼ਾਹ ਟਾਰਕਿਵਨ ਦੇ ਮਨ 'ਚ ਰਾਜ ਦੇ ਖੋਹੇ ਜਾਣ ਦਾ ਬਹੁਤ ਦੁੱਖ ਸੀ ਪਰ ਉਹ ਐਨੀ ਆਸਾਨੀ ਨਾਲ ਹਾਰ ਮੰਨਣ ਵਾਲਾ ਨਹੀਂ ਸੀ। ਉਹ ਰਾਜਗੱਦੀ ਦਾ ਬਹੁਤ ਭੁੱਖਾ ਸੀ ਤੇ ਉਸ ਨੂੰ ਪ੍ਰਾਪਤ ਕਰਨ ਲਈ ਕਿਸੇ ਵੀ ਹੱਦ ਤਕ ਜਾ ਸਕਦਾ ਸੀ। ਉਸ ਨੇ ਗੁਆਂਢੀ ਰਾਜੇ ਲਾਰਸ ਪ੍ਰੋਸੇਨ ਤੋਂ ਸਹਾਇਤਾ ਮੰਗੀ। ਟਾਰਕਿਵਨ ਨੇ ਉਸ ਨੂੰ ਭੜਕਾਇਆ ਕਿ ਜਿਵੇਂ ਅੱਜ ਮੇਰਾ ਰਾਜ ਖੋਹ ਲਿਆ ਗਿਆ ਹੈ, ਉਸ ਪ੍ਰਕਾਰ ਹੀ ਦੇਸ਼ ਦੀ ਜਨਤਾ ਕੱਲ੍ਹ ਨੂੰ ਤੈਨੂੰ ਵੀ ਗੱਦੀ ਤੋਂ ਲਾਹ ਸਕਦੀ ਹੈ। ਇਸ ਪ੍ਰਵਿਰਤੀ ਨੂੰ ਰੋਕਣ ਲਈ ਜ਼ਰੂਰੀ ਹੈ ਕਿ ਰੋਮ ਦੀ ਜਨਤਾ ਨੂੰ ਸਬਕ ਸਿਖਾਇਆ ਜਾਵੇ। ਲਾਰਸ ਪ੍ਰੋਸੇਨ ਇਸ ਗੱਲ ਤੋਂ ਬਹੁਤ ਡਰ ਗਿਆ ਅਤੇ ਉਸ ਨੇ ਟਾਰਕਿਵਨ ਦੀ ਸਹਾਇਤਾ ਲਈ ਵਿਸ਼ਾਲ ਸੈਨਾ ਭੇਜ ਦਿੱਤੀ। ਸੈਨਿਕਾਂ ਦੇ ਹੱਥਾਂ 'ਚ ਤਲਵਾਰਾਂ ਅਤੇ ਬਰਛੇ ਚਮਕ ਰਹੇ ਸਨ ਤੇ ਉਨ੍ਹਾਂ ਦੇ ਕਦਮਾਂ ਦੀ ਧੂੜ ਅਸਮਾਨ ਵੱਲ ਉੱਡਦੀ ਸਾਫ਼ ਵਿਖਾਈ ਦੇ ਰਹੀ ਸੀ। ਉਹ ਰਸਤੇ 'ਚ ਆਉਂਦੇ ਪਿੰਡ ਨੂੰ ਲੁੱਟਣ ਤੋਂ ਬਾਅਦ ਅੱਗ ਲਾ ਦਿੰਦੇ ਸਨ। ਇਸ ਤਰ੍ਹਾਂ ਪਿੰਡਾਂ ਦੇ ਲੋਕ ਡਰਦੇ ਹੋਏ ਜਿੰਨਾ ਵੀ ਸਾਮਾਨ ਲਿਜਾ ਸਕਦੇ ਸਨ, ਉਸ ਨੂੰ ਲੈ ਕੇ ਰੋਮ ਵੱਲ ਭੱਜਣ ਲੱਗੇ। ਸਭ ਦੀਆਂ ਅੱਖਾਂ 'ਚ ਡਰ ਸਾਫ਼ ਦਿਖਾਈ ਦੇ ਰਿਹਾ ਸੀ। ਉਹ ਡਿੱਗਦੇ-ਢਹਿੰਦੇ ਰੋਮ ਵੱਲ ਭੱਜ ਰਹੇ ਸਨ। ਰੋਮ ਦਾ ਸੁੰਦਰ ਸ਼ਹਿਰ ਟਾਈਬਰ, ਟਾਈਬਰ ਨਦੀ ਦੇ ਕਿਨਾਰੇ ਵਸਿਆ ਹੋਇਆ ਸੀ ਅਤੇ ਸ਼ਹਿਰ ਵਿੱਚ ਪ੍ਰਵੇਸ਼ ਹੋਣ ਲਈ ਨਦੀ 'ਤੇ ਇੱਕ ਲੱਕੜ ਦਾ ਜ਼ਬਰਦਸਤ ਪੁਲ ਬਣਿਆ ਹੋਇਆ ਸੀ। ਉਹ ਪੁਲ ਆਪਣੇ ਸਮੇਂ ਦਾ ਕਲਾ ਦਾ ਉੱਤਮ ਨਮੂਨਾ ਸੀ ਤੇ ਲੋਕ ਦੂਰੋਂ-ਦੂਰੋਂ ਉਸ ਨੂੰ ਵੇਖਣ ਲਈ ਆਉਂਦੇ ਸਨ। ਉਸ ਪੁਲ ਦੀ ਇੱਕ ਖ਼ਾਸੀਅਤ ਇਹ ਸੀ ਕਿ ਉਹ ਐਨਾ ਤੰਗ ਸੀ ਕਿ ਉਸ ਉੱਤੇ ਇੱਕ ਵਾਰ ਜ਼ਿਆਦਾ ਤੋਂ ਜ਼ਿਆਦਾ ਤਿੰਨ ਆਦਮੀ 'ਕੱਠੇ ਖੜ੍ਹੇ ਹੋ ਸਕਦੇ ਸਨ। ਨਦੀ ਦੇ ਇੱਕ ਪਾਸੇ ਰੋਮ ਅਤੇ ਦੂਜੇ ਪਾਸੇ ਜੈਨਿਕੁਲਮ ਦਾ ਕਿਲ੍ਹਾ ਸੀ। ਉਹ ਕਿਲ੍ਹਾ ਵੈਰੀਆਂ ਨੂੰ ਰੋਕਣ ਲਈ ਬਣਾਇਆ ਗਿਆ ਸੀ। ਕਿਲ੍ਹੇ ਦੇ ਸੈਨਿਕਾਂ ਨੇ ਸ਼ੋਰ ਦੀ ਆਵਾਜ਼ ਸੁਣੀ ਤਾਂ ਉਹ ਬਾਹਰ ਆ ਗਏ। ਹਜ਼ਾਰਾਂ ਦੀ ਗਿਣਤੀ 'ਚ ਲੋਕਾਂ ਨੇ ਰੋ-ਰੋ ਕੇ ਸਾਰਾ ਹਾਲ ਸੁਣਾਇਆ ਕਿ ਕਿਸ ਤਰ੍ਹਾਂ ਉਨ੍ਹਾਂ ਨੂੰ ਲੁੱਟਿਆ ਗਿਆ ਤੇ ਸੰਪਤੀ ਮਚਾ ਦਿੱਤੀ ਗਈ। ਉਨ੍ਹਾਂ ਨੇ ਸੈਨਿਕਾਂ ਤੋਂ ਸੁਰੱਖਿਆ ਲਈ ਬੇਨਤੀ ਕੀਤੀ। ਇਹ ਸਾਰਾ ਹਾਲ ਸੁਣ ਕੇ ਕਿਲ੍ਹੇ ਦੇ ਸੈਨਾਪਤੀ ਨੇ ਕਿਹਾ, "ਹੁਣ ਤੁਹਾਨੂੰ ਡਰਨ ਦੀ ਕੋਈ ਲੋੜ ਨਹੀਂ ਹੈ। ਪੁਲ਼ ਨੂੰ ਪਾਰ ਕਰਦੇ ਹੋਏ ਸ਼ਹਿਰ 'ਚ ਚਲੇ ਜਾਓ। ਸ਼ਹਿਰ ਦੇ ਚਾਰੇ ਪਾਸੇ ਘੇਰਾਬੰਦੀ ਬਹੁਤ ਮਜ਼ਬੂਤ ਹੈ। ਤੁਸੀਂ ਲੋਕ ਅੰਦਰ ਜਾ ਕੇ ਪੂਰੀ ਤਰ੍ਹਾਂ ਸੁਰੱਖਿਅਤ ਰਹੋਗੇ। ਅਸੀਂ ਵੈਰੀਆਂ ਨਾਲ ਮੁਕਾਬਲਾ ਕਰਾਂਗੇ।"

ਇਸ ਤਰ੍ਹਾਂ ਪਿੰਡਾਂ ਦੇ ਲੋਕ ਬੇਫ਼ਿਕਰ ਹੋ ਕੇ ਪੁਅ ਰਾਹੀਂ ਰੋਮ ਦੀ ਮਜ਼ਬੂਤ ਬਣੀ ਹੋਈ ਚਾਰਦੀਵਾਰੀ 'ਚ ਪਹੁੰਚ ਗਏ ਤੇ ਉੱਥੋਂ ਦੇ ਲੋਕਾਂ ਨੂੰ ਹੱਡ-ਬੀਤੀ ਸੁਣਾਉਣ ਲੱਗੇ। ਇਸ ਦੇ ਦੂਜੇ ਪਾਸੇ ਜੈਨਿਕੁਲਮ ਕਿਲ੍ਹੇ ਦੇ ਸੈਨਿਕਾਂ ਨੇ ਜਦੋਂ ਦੁਸ਼ਮਣਾਂ ਦੇ ਕਦਮਾਂ ਨਾਲ ਆਸਮਾਨ ਵੱਲ ਉੱਡਦੀ ਹੋਈ ਧੂੜ ਵੇਖੀ ਤਾਂ ਖ਼ਤਰੇ ਦਾ ਅਲਾਰਮ ਵਜਾਉਂਦੇ ਹੋਏ ਸਭ ਨੂੰ ਸੁਚੇਤ ਰਹਿਣ ਦੇ ਨਿਰਦੇਸ਼ ਦੇ ਦਿੱਤੇ। ਰੋਮ ਦੇ ਨਿਵਾਸੀ ਆਪਣੀਆਂ ਛੱਤਾਂ ਉੱਪਰ ਖੜ੍ਹੇ ਹੋ ਕੇ ਦੁਸ਼ਮਣ ਦੀ ਸੈਨਾ ਨੂੰ ਵੇਖਣ ਲੱਗੇ। ਜ਼ਿਆਦਾਤਰ ਲੋਕਾਂ ਦੀਆਂ ਅੱਖਾਂ 'ਚ ਦਹਿਸ਼ਤ ਦੇ ਚਿੰਨ੍ਹ ਸਾਫ਼ ਦਿਖਾਈ ਦੇ ਰਹੇ ਸਨ ਤੇ ਕੁਝ ਕੁ ਪੂਰੇ ਜੋਸ਼ ਨਾਲ ਗੱਲਾਂ ਕਰਨ ਲੱਗੇ।

ਦੁਸ਼ਮਣ ਦੀ ਸੈਨਾ ਨਜ਼ਦੀਕ ਪਹੁੰਚਣ 'ਤੇ ਕਿਲ੍ਹੇ ਦੇ ਸੈਨਿਕਾਂ ਨੇ ਉਨ੍ਹਾਂ 'ਤੇ ਹਮਲਾ ਬੋਲ ਦਿੱਤਾ। ਦੋਵਾਂ ਵਿਚਕਾਰ ਘਮਸਾਨ ਯੁੱਧ ਛਿੜ ਪਿਆ। ਇਹ ਕਹਾਣੀ ਸੁਣ ਕੇ ਪ੍ਰਧਾਨ ਮੰਤਰੀ ਕੁਝ ਸਮਾਂ ਚਿੰਤਾ ਦੀ ਸਥਿਤੀ 'ਚ ਘੁੰਮਦੇ ਰਹੇ ਅਤੇ ਫਿਰ ਯਕਦਮ ਬੋਲ ਪਏ, "ਰੋਮ ਵਿੱਚ ਪ੍ਰਵੇਸ਼ ਹੋਣ ਲਈ ਇੱਕ ਹੀ ਰਸਤਾ ਹੈ ਤੇ ਉਹ ਲੱਕੜ ਦਾ ਪੁਲ਼ ਹੈ। ਜੇ ਉਸ ਪੁਲ਼ ਨੂੰ ਕਿਸੇ ਤਰੀਕੇ ਨਾਲ ਕੱਟ ਦਿੱਤਾ ਜਾਵੇ ਤਾਂ ਵੈਰੀ ਸ਼ਹਿਰ 'ਚ ਨਹੀਂ ਆ ਸਕਦਾ।" ਸਾਰੇ ਇਸ ਦਲੀਲ ਨਾਲ ਸਹਿਮਤ ਹੋ ਗਏ ਪਰ ਇਹ ਕੰਮ ਇੰਨਾ ਆਸਾਨ ਨਹੀਂ ਸੀ। ਸਿਰ 'ਤੇ ਕਫ਼ਨ ਬੰਨ੍ਹ ਕੇ ਹੀ ਇਹ ਕੰਮ ਹੋ ਸਕਦਾ ਸੀ। ਇਸ ਲਈ ਸਭ ਤੋਂ ਵੱਡੀ ਮੁਸ਼ਕਲ ਇਹ ਸੀ ਕਿ ਪੁਲ਼ ਨੂੰ ਕੱਟਦੇ ਸਮੇਂ ਵੈਰੀ ਸੈਨਾ ਨੂੰ ਬਾਹਰ ਰੋਕਣਾ ਬਹੁਤ ਜ਼ਰੂਰੀ ਸੀ ਅਤੇ ਇਹ ਕੰਮ ਕਹਿਣ ਨਾਲੋਂ ਕਰਨਾ ਬਹੁਤ ਔਖਾ ਸੀ। ਵੈਰੀ ਦੀ ਵਿਸ਼ਾਲ ਸੈਨਾ ਨੂੰ ਪੁਲ਼ ਕੱਟਣ ਤਕ ਬਾਹਰ ਰੋਕ ਕੇ ਕਿਵੇਂ ਰੱਖਿਆ ਜਾ ਸਕਦਾ ਹੈ ? ਇੱਕ ਤਰ੍ਹਾਂ ਇਹ ਸੂਲੀ ਦੀ ਉਹ ਛਾਲ ਸੀ ਜਿਸ ਨਾਲ ਕੁਰਬਾਨ ਹੋਣਾ ਬਿਲਕੁਲ ਤੈਅ ਸੀ।

ਉਸ ਸਮੇਂ ਹੀ ਅਚਾਨਕ ਸਭਾ 'ਚੋਂ ਇੱਕ ਸ਼ੇਰ ਵਾਂਗ ਗਰਜਵੀਂ ਆਵਾਜ਼ ਆਈ ਕਿ 'ਦੁਸ਼ਮਣਾਂ ਨੂੰ ਮੈਂ ਰੋਕਾਂਗਾ'। ਭੀੜ ਨੂੰ ਚੀਰ ਕੇ ਜੋ ਆਦਮੀ ਬਾਹਰ ਆਇਆ, ਉਸ ਦਾ ਨਾਂ ਹੋਰੇਸ਼ਸ ਸੀ। ਉਹ ਬਹੁਤ ਹੀ ਕੱਦਾਵਰ ਤੇ ਸੋਹਣਾ ਨੌਜਵਾਨ ਸੀ। ਉਸ ਨੇ ਕਈ ਲੜਾਈਆਂ ਵਿੱਚ ਬੜੀ ਬਹਾਦਰੀ ਵਿਖਾਈ ਸੀ ਤੇ ਭਾਰੀ ਤੋਂ ਭਾਰੀ ਆਫ਼ਤ ਆਉਣ 'ਤੇ ਵੀ ਨਹੀਂ ਸੀ ਘਬਰਾਉਂਦਾ। ਇਸ ਤਰ੍ਹਾਂ ਉਸ ਨੌਜਵਾਨ ਦਾ ਹੌਸਲਾ ਵੇਖਦੇ ਹੋਏ ਪ੍ਰਧਾਨ ਮੰਤਰੀ ਨੇ ਬੜੀ ਹੈਰਾਨੀ ਨਾਲ ਪੁੱਛਿਆ, "ਨੌਜਵਾਨ। ਤੁਸੀਂ ਇਹ ਕੰਮ ਇਕੱਲੇ ਕਿਵੇਂ ਕਰੋਗੇ ?"

"ਮੈਨੂੰ ਦੋ ਹੋਰ ਅਜਿਹੇ ਬਹਾਦਰਾਂ ਦੀ ਲੋੜ ਹੈ ਜਿਨ੍ਹਾਂ ਨੂੰ ਜ਼ਿੰਦਗੀ ਦੀ ਪਰਵਾਹ ਨਾ ਹੋਵੇ। ਇਸ ਲਈ ਕਿਉਂਕਿ ਪੁਲ਼ 'ਤੇ ਇੱਕ ਬਰਾਬਰ ਸਿਰਫ਼ ਤਿੰਨ ਹੀ ਸੈਨਿਕ ਖੜ੍ਹੇ ਹੋ ਸਕਦੇ ਹਨ। ਅਸੀਂ ਤਿੰਨ ਪੁਲ਼ ਦੇ ਕਿਨਾਰੇ 'ਤੇ ਖੜ੍ਹੇ ਹੋਏ ਵੈਰੀਆਂ ਨੂੰ ਰੋਕਾਂਗੇ ਅਤੇ ਇਧਰ ਆਪ ਪੁਲ਼ ਨੂੰ ਕੱਟਣਾ ਸ਼ੁਰੂ ਕਰ ਦੇਣਾ।" ਉਸ ਨੌਜਵਾਨ ਨੇ ਬੜੀ ਵਜ਼ਨਦਾਰ ਦਲੀਲ ਦਿੱਤੀ।

ਇਸ ਤੋਂ ਕੁਝ ਸਮੇਂ ਬਾਅਦ ਹੀ ਜੈਨਿਕੁਲਮ ਦਾ ਕਿਲ੍ਹਾ ਢਹਿ-ਢੇਰੀ ਹੋ ਗਿਆ ਅਤੇ ਵੈਰੀ ਦੀ ਸੈਨਾ ਰੋਮ ਵਿੱਚ ਦਾਖ਼ਲ ਹੋਣ ਲਈ ਅੱਗੇ ਵਧਣ ਲੱਗੀ। ਦੁਸ਼ਮਣ ਦੇ ਸੈਨਾਪਤੀ ਨੂੰ ਉਸ ਸਮੇਂ ਬੜੀ ਹੈਰਾਨੀ ਹੋਈ, ਜਦੋਂ ਉਸ ਨੇ ਵੇਖਿਆ ਕਿ ਸਿਰਫ਼ ਤਿੰਨ ਸੈਨਿਕ ਐਨੀ ਵਿਸ਼ਾਲ ਸੈਨਾ ਨੂੰ ਰੋਕਣ ਲਈ ਖੜ੍ਹੇ ਹਨ। ਥੋੜ੍ਹਾ ਜਿਹਾ ਅੱਗੇ ਵਧਣ 'ਤੇ ਉਸ ਨੂੰ ਅਸਲੀ ਗੱਲ ਸਮਝ ਆਈ ਕਿ ਹਜ਼ਾਰਾਂ ਰੋਮ ਵਾਸੀ ਪੁਲ਼ ਨੂੰ ਕੱਟਣ ਲੱਗੇ ਹੋਏ ਹਨ। ਉਸ ਨੇ ਆਪਣੇ ਸੈਨਿਕਾਂ ਨੂੰ ਆਦੇਸ਼ ਦਿੱਤਾ ਕਿ ਪੁਲ਼ 'ਤੇ ਖੜ੍ਹੇ ਤਿੰਨਾਂ ਸੈਨਿਕਾਂ ਨੂੰ ਛੇਤੀ ਤੋਂ ਛੇਤੀ ਮਾਰ ਕੇ ਪੁਲ਼ ਨੂੰ ਟੁੱਟਣ ਤੋਂ ਬਚਾਓ। ਉਨ੍ਹਾਂ ਦੇ ਤਿੰਨ ਸੈਨਿਕ ਅੱਗੇ ਵਧੇ। ਹੋਰੇਸ਼ਸ ਅਤੇ ਉਸ ਦੇ ਸਾਥੀਆਂ ਦੇ ਬਰਛੇ ਚਮਕੇ ਅਤੇ ਸੈਨਾ ਦੇ ਤਿੰਨ ਸੈਨਿਕ ਤੜਫਦੇ ਹੋਏ ਹੇਠਾਂ ਡਿੱਗ ਪਏ। ਲੋਕ ਛੱਤਾਂ 'ਤੇ ਦੂਰ ਖੜ੍ਹੇ ਸ਼ੋਰ ਮਚਾ-ਮਚਾ ਕੇ ਆਪਣੇ ਬਹਾਦਰਾਂ ਦਾ ਹੌਸਲਾ ਵਧਾ ਰਹੇ ਸਨ। ਇੱਕ ਵਾਰ ਫਿਰ ਵੈਰੀ ਦੀ ਸੈਨਾ ਦੇ ਤਿੰਨ ਸੈਨਿਕ ਅੱਗੇ ਆਏ ਅਤੇ ਹੋਰੇਸ਼ਸ ਨੇ ਜਾਨ ਦੀ ਬਾਜ਼ੀ ਲਾ ਕੇ ਇੱਕ ਨੂੰ ਨਦੀ ਵਿੱਚ ਸੁੱਟ ਦਿੱਤਾ ਅਤੇ ਬਾਕੀ ਦੋਵਾਂ ਨੂੰ ਮਾਰ ਮੁਕਾਇਆ। ਪੁਲ਼ ਦੇ ਕੱਟੇ ਜਾਣ ਕਾਰਨ ਪਿੱਛੇ ਭਾਰੀ ਸ਼ੋਰ ਸੁਣਾਈ ਦੇ ਰਿਹਾ ਸੀ। ਦੁਸ਼ਮਣ ਦੇ ਸੈਨਾਪਤੀ ਦੀ ਬੁਖਲਾਹਟ ਪਲ-ਪਲ ਵਧਦੀ ਜਾ ਰਹੀ ਸੀ ਕਿਉਂਕਿ ਤਦ ਤਕ ਪੁਲ਼ ਦਾ ਬਹੁਤ ਸਾਰਾ ਹਿੱਸਾ ਵੱਢਿਆ ਜਾ ਚੁੱਕਾ ਸੀ।

ਰੋਮ ਦੇ ਸੈਨਾਪਤੀ ਨੇ ਬਹਾਦਰ ਸੈਨਿਕਾਂ ਨੂੰ ਕਿਹਾ, "ਹੁਣ ਤੁਸੀਂ ਵਾਪਸ ਪਰਤ ਆਓ ਕਿਉਂਕਿ ਪੁਲ਼ ਟੁੱਟ ਕੇ ਡਿੱਗਣ ਵਾਲਾ ਹੈ।" ਇਹ ਆਵਾਜ਼ ਸੁਣਦੇ ਹੀ ਹਰਮੀ ਨਿਯਸ ਅਤੇ ਸਪੂ ਰਿਯਸ ਦੌੜ ਕੇ ਪੁਲ਼ ਦੇ ਦੂਜੇ ਪਾਸੇ ਪਹੁੰਚ ਗਏ। ਹੋਰੇਸ਼ਸ 'ਕੱਲਾ ਰਹਿ ਗਿਆ ਸੀ। ਲੋਕਾਂ ਨੇ ਸ਼ੋਰ ਮਚਾਉਂਦੇ ਹੋਏ ਕਿਹਾ, "ਹੋਰੇਸ਼ਸ! ਤੁਸੀਂ ਵੀ ਵਾਪਸ ਆ ਜਾਓ। ਹੁਣ ਅਸੀਂ ਖਤਰੇ ਤੋਂ ਬਾਹਰ ਹੋ ਗਏ ਹਾਂ।" ਹੋਰੇਸ਼ਸ ਕਿੱਥੇ ਮੰਨਣ ਵਾਲਾ ਸੀ ? ਉਸ ਨੇ ਜਵਾਬ ਦਿੰਦੇ ਹੋਏ ਕਿਹਾ, "ਜਦੋਂ ਤਕ ਪੁਲ਼ ਦਾ ਆਖ਼ਰੀ ਟੁੱਕੜਾ ਟੁੱਟ ਕੇ ਨਦੀ 'ਚ ਨਹੀਂ ਡਿੱਗਦਾ, ਤਦ ਤਕ ਮੈਂ ਪਿੱਛੇ ਨਹੀਂ ਹਟਾਂਗਾ।" ਹੁਣ ਉਹ ਇਕੱਲਾ ਹੀ ਤਿੰਨ-ਤਿੰਨ ਸੈਨਿਕਾਂ ਦਾ ਮੁਕਾਬਲਾ ਕਰ ਰਿਹਾ ਸੀ। ਦੁਸ਼ਮਣ ਦਾ ਸੈਨਾਪਤੀ ਹੋਰੇਸ਼ਸ ਦਾ ਇਹ ਬਹਾਦਰੀ ਭਰਿਆ ਕਾਰਨਾਮਾ ਵੇਖਦੇ ਹੋਏ ਦੰਦਾਂ ਹੇਠਾਂ ਉਂਗਲ ਦੇ ਕੇ ਖੜ੍ਹਾ ਸੀ। ਰੋਮ ਦੀ ਪਰਜਾ ਨਾਅਰੇ ਲਾ ਰਹੀ ਸੀ, "ਹੋਰੇਸ਼ਸ ਜ਼ਿੰਦਾਬਾਦ! ਹੋਰੇਸ਼ਸ ਜ਼ਿੰਦਾਬਾਦ!" ਤਦ ਉਸ ਸਮੇਂ ਭਾਰੀ ਹਿਲਜੁਲ ਨਾਲ ਪੁਲ਼ ਟੁੱਟ ਕੇ ਨਦੀ 'ਚ ਡਿੱਗ ਪਿਆ। ਇਹ ਵੇਖਦੇ ਹੋਏ ਹੋਰੇਸ਼ਸ ਨੇ ਨਦੀ ਵਿੱਚ ਛਾਲ ਮਾਰ ਦਿੱਤੀ।

ਰੋਮ ਦੇ ਨਿਵਾਸੀ ਅਸਮਾਨ ਵੱਲ ਨਜ਼ਰਾਂ ਕਰਕੇ ਹੋਰੇਸ਼ਸ ਦੀ ਜ਼ਿੰਦਗੀ ਦੀ ਸਲਾਮਤੀ ਲਈ ਪ੍ਰਾਰਥਨਾ ਕਰ ਰਹੇ ਸਨ। ਇੱਥੋਂ ਤਕ ਕਿ ਪ੍ਰਧਾਨ ਮੰਤਰੀ ਤੇ ਸੈਨਾਪਤੀ ਨੇ ਵੀ ਉਸ ਬਹਾਦਰ ਦੇ ਪ੍ਰਾਣ ਰੱਖਿਆ ਲਈ ਪ੍ਰਾਰਥਨਾ ਕੀਤੀ। ਹੋਰੇਸ਼ਸ ਨੇ ਸਰੀਰ 'ਤੇ ਲੋਹੇ ਦਾ ਭਾਰੀ ਕਵਚ ਪਹਿਨਿਆ ਹੋਇਆ ਸੀ। ਉਸ ਨੂੰ ਤੈਰਨ 'ਚ ਤਕਲੀਫ਼ ਹੋ ਰਹੀ ਸੀ। ਅਚਾਨਕ ਉਹ ਪਾਣੀ 'ਚ ਗੁੰਮ ਹੋ ਗਿਆ।

ਰੋਮਨ ਚਿੰਤਾ 'ਚ ਡੁੱਬ ਗਏ। ਕੀ ਟਾਈਬਰ ਨਦੀ ਨੇ ਰੋਮ ਦੇ ਬਹਾਦਰ ਯੋਧੇ ਦੀ ਕੀਮਤ ਵਸੂਲ ਕਰ ਲਈ ? ਕੀ ਦੇਸ਼ ਦੇ ਰੱਖਿਅਕ ਦੀ ਰੱਖਿਆ ਟਾਈਬਰ ਨਦੀ ਨਹੀਂ ਕਰੇਗੀ ?

ਤਦ ਸਭ ਨੇ ਵੇਖਿਆ ਕਿ ਅਚਾਨਕ ਹੋਰੇਸ਼ਸ ਨਦੀ ਦੇ ਕਿਨਾਰੇ 'ਤੇ ਬਾਹਰ ਆ ਗਿਆ। ਲੋਕਾਂ ਦੀਆਂ ਖ਼ੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਉਨ੍ਹਾਂ ਨੇ ਹੋਰੇਸ਼ਸ ਨੂੰ ਮੋਢਿਆਂ ਉੱਤੇ ਚੁੱਕ ਲਿਆ ਅਤੇ ਉਸ ਦੀ ਜੈ, ਜੈਕਾਰ ਕਰਨ ਲੱਗੇ।



## ਤੁਹਾਡੀ ਰਸੋਈ



### ਸ਼ਕਰਕੰਦੀ ਦੇ ਗੁਲਾਬ ਜਾਮੁਨ



**ਸਮੱਗਰੀ**

- ਸ਼ਕਰਕੰਦੀ ਅੱਧਾ ਕਿੱਲੋ
- ਖੰਡ 500 ਗ੍ਰਾਮ
- ਮੈਦਾ ਅੱਧਾ ਕੱਪ
- ਸੋਡਾ ਬਾਈਕਾਰਬ ਅੱਧਾ ਛੋਟਾ ਚੱਮਚ
- ਦੇਸੀ ਘਿਓ 1 ਵੱਡਾ ਚੱਮਚ
- ਸੌਗੀ (ਕਿਸ਼ਮਿਸ਼) ਥੋੜ੍ਹੀ ਜਿਹੀ
- ਤੇਲ ਤਲਣ ਲਈ

**ਵਿਧੀ**

ਸ਼ਕਰਕੰਦੀ ਨੂੰ ਘੱਟ ਪਾਣੀ ਪਾ ਕੇ ਪ੍ਰੈਸ਼ਰ ਕੁੱਕਰ 'ਚ ਉਬਾਲ ਕੇ ਛਿੱਲ ਲਓ। ਕਿਸੇ ਭਾਂਡੇ 'ਚ ਪਾਣੀ ਤੇ ਖੰਡ ਮਿਲਾ ਕੇ ਇਕ ਤਾਰ ਦੀ ਚਾਸ਼ਨੀ ਬਣਾਓ। ਸੋਡੇ ਤੇ ਮੈਦੇ ਨੂੰ ਇਕੱਠਿਆਂ ਛਾਣ ਲਓ ਤੇ ਥੋੜ੍ਹਾ ਜਿਹਾ ਘਿਓ ਪਾ ਕੇ ਉਸ ਨੂੰ ਉੱਬਲੀ ਸ਼ਕਰਕੰਦੀ ਨਾਲ ਗੁੰਨ੍ਹ ਲਓ। ਹੁਣ ਇਸ ਦੇ ਛੋਟੇ-ਛੋਟੇ ਪੇੜੇ ਬਣਾਓ ਤੇ ਹਰ ਪੇੜੇ 'ਚ ਇਕ-ਇਕ ਸੌਗੀ (ਕਿਸ਼ਮਿਸ਼) ਰੱਖ ਦਿਓ। ਕੜਾਹੀ 'ਚ ਤੇਲ ਗਰਮ ਕੇ ਇਨ੍ਹਾਂ ਨੂੰ ਸੁਨਹਿਰਾ ਭੂਰਾ ਹੋਣ ਤਕ ਤਲ ਲਓ ਤੇ ਇਕ ਤਾਰ ਦੀ ਚਾਸ਼ਨੀ 'ਚ ਪਾਉਂਦੇ ਜਾਓ। ਸ਼ਕਰਕੰਦੀ ਦੇ ਗੁਲਾਬ ਜਾਮੁਨ ਤਿਆਰ ਹਨ, ਤੁਸੀਂ ਇਨ੍ਹਾਂ ਨੂੰ ਗਰਮ ਤੇ ਠੰਡਾ ਦੋਵੇਂ ਤਰੀਕੇ ਨਾਲ ਪਰੋਸ ਸਕਦੇ ਹੋ।

### ਅਦਰਕ ਅਤੇ ਗਾਜਰ ਦਾ ਸੂਪ



**ਸਮੱਗਰੀ**

- 5 ਗਾਜਰਾਂ
- 2 ਇੰਚ ਲੰਬਾ ਅਦਰਕ ਦਾ ਟੁਕੜਾ
- 2 ਪਿਆਜ਼
- 1 ਕੱਪ ਸਬਜ਼ੀਆਂ ਦਾ ਸ਼ੋਰਬਾ
- ਇਕ ਤਿਹਾਈ ਕੱਪ ਸੰਤਰੇ ਦਾ ਰਸ
- ਨਮਕ ਸਵਾਦ ਅਨੁਸਾਰ
- 2 ਚਮਚ ਪੀਸੀ ਕਾਲੀ ਮਿਰਚ
- 2 ਚਮਚ ਆਲਿਵ ਆਇਲ

**ਵਿਧੀ**

ਪੈਨ ਲਓ ਅਤੇ ਉਸ 'ਚ ਤੇਲ ਗਰਮ ਕਰੋ। ਇਸ 'ਚ ਕੱਟੇ ਹੋਏ ਪਿਆਜ਼ ਅਤੇ ਪੀਸਿਆ ਅਦਰਕ ਪਾ ਕੇ ਦੋ ਮਿੰਟ ਦੇ ਲਈ ਮੱਧਮ ਅੱਗ 'ਤੇ ਪਕਾ ਲਓ। ਇਸ 'ਚ ਸਬਜ਼ੀਆਂ ਦਾ ਸ਼ੋਰਬਾ ਪਾਓ ਅਤੇ ਅੱਗ ਨੂੰ ਮੱਧਮ ਕਰ ਦਿਓ, ਇਸ ਨੂੰ 25-30 ਮਿੰਟ ਦੇ ਲਈ ਪੱਕਣ ਦਿਓ ਤਾਂ ਕਿ ਸੂਪ ਗਾੜ੍ਹਾ ਹੋ ਜਾਏ। ਇਸ ਦੇ ਬਾਅਦ ਇਸ 'ਚ ਸੰਤਰੇ ਦਾ ਰਸ ਪਾਓ ਅਤੇ 2-3 ਮਿੰਟ ਦੇ ਲਈ ਮੱਧਮ ਅੱਗ 'ਤੇ ਪਕਾਓ ਅਤੇ ਫਿਰ ਗੈਸ ਬੰਦ ਕਰ ਦਿਓ। ਹੁਣ ਇਸ ਤਿਆਰ ਸੂਪ ਨੂੰ ਇਕ ਬਾਊਲ 'ਚ ਪਾਓ ਅਤੇ ਉਸ 'ਚ ਨਮਕ ਅਤੇ ਕਾਲੀ ਮਿਰਚ ਛਿੜਕ ਕੇ ਪਰੋਸੋ।

**ਘਰੇਲੂ ਟਿਪਸ**

ਮਾਹਵਾਰੀ ਤਕਲੀਫ ਤੇ ਦਰਦ ਨਾਲ ਆਉਣੀ : 2 ਚਮਚ ਅਜਵਾਇਣ 2 ਕੱਪ ਪਾਣੀ ਵਿਚ ਪਾ ਕੇ ਉਬਾਲੋ। ਇਕ ਕੱਪ ਬਾਕੀ ਰੱਖ ਲਵੋ। ਇਸ ਵਿਚ ਗੁੜ ਮਿਲਾ ਕੇ ਸਵੇਰੇ ਖਾਲੀ ਪੇਟ ਚਾਹ ਵਾਂਗ ਪੀਓ। ਇਹ ਨੁਸਖਾ ਰੋਜ਼ਾਨਾ ਸਵੇਰੇ-ਸ਼ਾਮ 3 ਦਿਨ ਕਰੋ। ਆਮ ਤੌਰ 'ਤੇ 3 ਮਾਹਵਾਰੀਆਂ ਤਕ ਇਹ ਤਜਰਬਾ ਕਰਨਾ ਠੀਕ ਰਹਿੰਦਾ ਹੈ। ਮਾਹਵਾਰੀ ਆਉਣ ਤੋਂ 3 ਦਿਨ ਪਹਿਲਾਂ ਇਹ ਤਜਰਬਾ ਕਰਨ ਨਾਲ ਮਾਹਵਾਰੀ ਸਮੇਂ 'ਤੇ ਖੁੱਲ੍ਹ ਕੇ ਆਉਂਦੀ ਹੈ।

ਪੇਟ 'ਚ ਗੈਸ : ਅਜਵਾਇਣ ਦੇ ਨਾਲ ਹਰੜ ਤੇ ਕਾਲਾ ਲੂਣ ਲੈਣ ਨਾਲ ਪੇਟ ਫੁੱਲਣ, ਪੇਟ ਦਰਦ, ਡਕਾਰਾਂ ਆਦਿ ਤੋਂ ਤੁਰੰਤ ਆਰਾਮ ਮਿਲਦਾ ਹੈ।

**ਘਰੇਲੂ ਟਿਪਸ**

ਸਿਰ ਦੇ ਵਾਲ ਝੜਨੇ : ਬੋਹੜ ਦੇ ਪੱਤਿਆਂ ਨੂੰ ਪੀਸ ਲਵੋ ਅਤੇ ਅਲਸੀ ਦੇ ਤੇਲ ਵਿਚ ਪਕਾਓ। ਪੱਤਿਆਂ ਦੇ ਸੜ ਜਾਣ 'ਤੇ ਤੇਲ ਛਾਣ ਕੇ ਰੱਖ ਲਵੋ। ਇਸ ਤੇਲ ਦੀ ਮਾਲਿਸ਼ ਕਰਨ ਨਾਲ ਕੁਝ ਹੀ ਦਿਨਾਂ ਵਿਚ ਵਾਲ ਝੜਨੇ ਰੁਕ ਜਾਣਗੇ ਅਤੇ ਝੜੇ ਹੋਏ ਵਾਲਾਂ ਦੀ ਥਾਂ 'ਤੇ ਨਵੇਂ ਵਾਲ ਉੱਗਣ ਲੱਗਣਗੇ। ਦੇਸੀ ਘਿਓ ਵਿਚ ਬਾਦਾਮ ਦੀਆਂ 4-5 ਗਿਰੀਆਂ ਪੀਸ ਕੇ ਪਾਓ ਅਤੇ ਇੰਨੀਆਂ ਉਬਾਲੋ ਕਿ ਗਿਰੀਆਂ ਦੇ ਟੁਕੜੇ ਸੜ ਜਾਣ। ਹੁਣ ਘਿਓ ਨੂੰ ਛਾਣ ਕੇ ਸ਼ੀਸ਼ੀ ਵਿਚ ਭਰ ਲਵੋ। ਇਸ ਘਿਓ ਨੂੰ ਕੋਸਾ ਕਰਕੇ ਸਿਰ 'ਤੇ ਮਾਲਿਸ਼ ਕਰਨ ਨਾਲ ਵਾਲਾਂ ਦਾ ਝੜਨਾ ਰੁਕਦਾ ਹੈ ਅਤੇ ਦਿਮਾਗੀ ਕਮਜ਼ੋਰੀ ਵੀ ਦੂਰ ਹੁੰਦੀ ਹੈ।

## ਗੁੰਮ ਆਵਾਜ਼

ਵੇਖਦਾ ਹਾਂ ਕਿ ਆਤਮਾ ਨੇ ਮੈਨੂੰ ਹਵਾ ਵਿੱਚ ਚੁੱਕ ਕੇ ਇੱਕ ਉੱਚੇ ਪਹਾੜ 'ਤੇ ਲਿਆ ਖੜ੍ਹਾ ਕੀਤਾ। ਇਹ ਕੋਈ ਖਵਾਬ ਸੀ ਕਿ ਹਕੀਕਤ, ਮੈਂ ਕਹਿ ਨਹੀਂ ਸਕਦਾ। ਹੇਠਾਂ ਵਾਦੀ ਵਿੱਚ ਦੇ ਸ਼ੋਰ ਸ਼ਰਾਬੇ ਤੋਂ ਇੰਝ ਲਗਦਾ ਸੀ ਕਿ ਹਜ਼ਾਰਾਂ ਲੋਕਾਂ ਦੀ ਭੀੜ ਨਾਅਰੇ ਲਾ ਰਹੀ ਸੀ, ਹੈਲੀ ਲੂਈਆ - ਹੈਲੀ ਲੂਈਆ, ਧੰਨ ਹੋ ਧੰਨ ਹੋ, ਸਰਵ ਸ਼ਕਤੀਮਾਨ, ਸਰਵ ਵਿਆਪਕ, ਯਹੋਵਾ ਜੈਰਾ, ਯਹੂਵਾ ਐਲੋਹੀਮ, ਯਹੋਵਾ ਸ਼ਲੋਮ,



ਯਹੋਵਾ ਰਾਹ, ਹੇ ਪ੍ਰਮੇਸ਼ਵਰ! ਤੇਰੀ ਜੈ ਜੈ ਕਾਰ। ਇਸ ਦੇ ਨਾਲ ਸਨ ਡੱਫ, ਢੋਲ, ਖੰਜਰੀਆਂ, ਰਬਾਬ, ਦਸਤਾਰੇ ਦੀ ਕੰਨਾਂ ਨੂੰ ਚੀਰਦੀ ਵਾਦੀਆਂ ਨੂੰ ਪਾੜਦੀ, ਅਸਮਾਨਾਂ ਦੀਆਂ ਤਾਕੀਆਂ ਖੋਲ੍ਹ ਦੇਣ ਵਾਲੀਆਂ ਸੁਰਾਂ ਤੇ ਥਾਪ। ਅਲਿਫ਼ਾ ਓ ਉਮੇਗਾ, ਇਬਤਦਾ ਤੋਂ ਇਨਤਹਾ। ਏਸ ਭੀੜ ਦੇ ਨਾਅਰਿਆਂ ਤੇ ਯਸੂ ਮਸੀਹ ਦੇ ਜਾਪ ਤੋਂ ਪ੍ਰਗਟ ਹੁੰਦਾ ਸੀ ਕਿ ਇਹ ਅਣਗਿਣਤ ਲੋਕਾਂ ਦੀ ਭੀੜ ਕੋਈ ਮਸੀਹੀ ਅਤੇ ਯਹੂਦੀ ਲੋਕਾਂ ਦਾ ਲਸ਼ਕਰ ਸੀ। ਵੇਖਦਾ ਹਾਂ ਅੱਖ ਦੇ ਝਮਕਣ ਨਾਲ ਖੱਬੇ ਪਾਸਿਉਂ ਆਵਾਜ਼ ਗੂੰਜੀ, ਅੱਲਾ ਹੂ ਅਕਬਰ, ਅੱਲਾ ਹੂ ਅਕਬਰ, ਇੱਲ ਲਿੱਲਾ, ਮੁਹੰਮਦ ਉਲ ਰਸੂਲ ਅੱਲਾ, ਅੱਲਾ ਉੱਲ ਮੋਮਨੀਨ, ਰੱਬੁਲ ਅਫ਼ਵਾਜ, ਦੋਜ਼ਖ ਅਤੇ ਜੰਨਤ ਦੇ ਮਾਲਿਕ ਇਲਾਹੀ ਕਰੀਮ ਓ ਕਾਦਰ, ਅਸ਼ਰਫੁਲ ਮਖਲੂਕਾ ਖਾਤਿਮ ਉਲ ਨੱਬੀਨ। ਟਿੱਡੀ ਦਲ ਵਾਂਗਰ ਇਹ ਭੀੜ ਵਾਦੀ ਦੇ ਖੱਬੇ ਬੰਨੇ ਛਾ ਗਈ ਤੇ ਇੱਕ ਹੌਲਨਾਕ ਆਵਾਜ਼ ਆਈ, ਮੈਂ ਮਹਿਦੀ ਹਾਂ, ਇਸਲਾਮ ਦਾ ਰਾਜ ਬਹਾਲ ਕਰਨਾ ਮੇਰੀ ਆਖਰੀ ਨਿਸ਼ਾਨੀ ਹੈ।

ਮੈਂ ਵੇਖਿਆ ਕਰੋੜਾਂ ਦਾ ਹੜ੍ਹ ਸਾਹਮਣੇ ਪੱਛਮੀ ਉੱਤਰੀ ਤੱਟ ਤੋਂ ਹੜ੍ਹ ਵਾਂਗਰ ਚੜ੍ਹ ਆਇਆ। ਇਹ ਨਿਰਸਿੰਗੇ ਅਤੇ ਸੰਖਾਂ ਦੀ ਵੱਜ ਗੱਜ ਨਾਲ ਇਹ ਬਾਰਾਂ ਦਰਬਾਰਾਂ, ਮਹੀਨੇ, ਅਸਾਂ ਦੀਆਂ ਵਾਰਾਂ, ਰਾਹ ਰਾਸ ਦਾ ਸਿਮਰਣ ਕਰਨ ਵਿੱਚ ਮਗਨ ਸਨ। ਦੂਜੀ ਭੀੜ ਨਾਲੋਂ ਕਈ ਦਰਜੇ ਇਹ ਭੀੜ ਗਿਣਤੀ ਵਿੱਚ ਘੱਟ ਨਜ਼ਰ ਆਉਂਦੀ ਸੀ। ਇਹਨਾਂ ਦੇ ਸ਼ਬਦ ਕਿਸੇ ਸੁਰ ਤਾਲ ਵਿੱਚ ਹੋਣ ਕਰਕੇ ਮੇਰੀ ਸਮਝ ਵਿੱਚ ਬਖੂਬੀ ਆਉਂਦੇ ਸਨ। ਇੱਕ ਹੋਰ ਅਣਗਿਣਤ ਇਕੱਠ ਮੇਰੀ ਨਜ਼ਰੇ ਆਇਆ ਜੋ ਕੇਵਲ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਦਾ ਲਗਾਤਾਰ ਜਪ ਕਰੀ ਜਾ ਰਿਹਾ ਸੀ। ਏਹ ਸਾਰੀ ਗੂੰਜ ਭਰੀ ਆਵਾਜ਼ ਸੱਤਾਂ ਅਸਮਾਨਾਂ ਨੂੰ ਪਾੜਦੀ, ਲੀਰਾਂ ਕਰਦੇ ਮਹੌਲ ਵਿੱਚ ਇੰਝ ਲੱਗਾ ਕਿ ਮੈਂ ਇੱਕ ਬੇਹੋਸ਼ੀ ਦੀ ਹਾਲਤ ਵਿੱਚ ਪੁੱਜ ਗਿਆ ਹੋਵਾਂ। ਮੈਂ ਏਸ ਅਰਧ ਅਵਸਥਾ, ਬੇਸੁਰਤੀ ਦੀ ਹਾਲਤ ਵਿੱਚ ਇੱਕ ਗੂੰਗੀ ਬੇਲਫ਼ਜ਼ੀ, ਬੇ ਹਰਫ਼ੀ ਆਵਾਜ਼ ਵਿੱਚ ਪੁੱਛਿਆ ਇਹ ਸਭ ਕੁਝ ਕੀ ਹੈ, ਹੇ ਪ੍ਰਭੂ! ਤੇਰੇ ਬੱਚੇ ਤੇਰਾ ਜਾਪ ਕਰਦੇ ਆਪਣੇ ਦੁੱਖ ਦੱਸਣ, ਤੇਰੇ ਦਰਬਾਰ ਹਾਜ਼ਰ ਹਨ। ਦਇਆ ਕਰੋ ਪ੍ਰਭੂ, ਇਹਨਾਂ ਨਾਲ ਗੱਲ ਕਰੋ। ਇੱਕ ਨਰਮ ਜੇਹੀ ਆਵਾਜ਼ ਆਈ, ਇਹ ਆਪਣੇ ਰਾਮ ਰੌਲੇ ਵਿੱਚ ਹੀ ਮਸਤ ਹਨ। ਮੈਨੂੰ ਕਿੱਥੇ ਬੋਲਣ ਦੇਂਦੇ ਹਨ।

**-ਬੀ. ਐਸ. ਮੋਮੀ**

# ਅੰਮ੍ਰਿਤਸਰ ਦਾਦਰ ਐਕਸਪ੍ਰੈਸ

**ਕਹਾਣੀ**



ਲੈਫਟੀਨੈਂਟ ਤੇ ਉਸਦੇ ਸਿਪਾਹੀ ਵੀ ਜਾਗ ਚੁੱਕੇ ਸਨ, ਦੂਜੇ ਡੱਬਿਆਂ ਵਿੱਚੋਂ ਹੋਰ ਫੌਜੀ ਵੀ ਆਪਣੇ ਦੋਸਤਾਂ ਨੂੰ ਮਿਲਣ ਆਉਣ ਲੱਗ ਪਏ। ਚਿੱਟੀ ਟੋਪੀ ਵਾਲਾ ਮੁੰਡਾ ਜੇਬਾ ਵੀ ਜਾਗ ਪਏ ਸਨ, ਉਸੇ ਡੱਬੇ ਵਿੱਚ ਇੱਕ ਪੂਰੇ ਦਾ ਪੂਰਾ ਕੈਬਿਨ ਖਾਲੀ ਹੋ ਗਿਆ ਸੀ। ਜੇਬਾ, ਰੁਖਸਾਨਾ, ਚਿੱਟੀ ਟੋਪੀ ਵਾਲਾ ਮੁੰਡਾ ਅਤੇ ਲੀਡਰ ਮੁੰਡਾ ਸਾਰੇ ਸਬੱਬ ਨਾਲ ਇਕੋ ਕੈਬਿਨ ਵਿੱਚ ਇਕੱਠੇ ਹੋ ਗਏ। ਜਿਹੜੀਆਂ ਸੀਟਾਂ ਖਾਲੀ ਬਚੀਆਂ ਸਨ- ਉਹ ਫੌਜੀਆਂ ਨੇ ਮੱਲ ਲਈਆਂ। ਕਾਲੀ ਰਾਤ ਦੀ ਜਗ੍ਹਾ ਚਿੱਟੇ ਸਵੇਰੇ ਨੇ ਲੈ ਲਈ। ਸੜਕਾਂ 'ਤੇ ਥੋੜ੍ਹੀ ਥੋੜ੍ਹੀ ਅਵਾਜਾਈ ਸ਼ੁਰੂ ਹੋ ਗਈ ਸੀ। ਪਿੰਡਾਂ 'ਚ ਲੋਕਾਂ ਨੇ ਆਪਣੇ ਨਿੱਤ ਦੇ ਕਾਰ-ਵਿਹਾਰ ਕਰਨੇ ਸ਼ੁਰੂ ਕਰ ਦਿੱਤੇ ਸਨ। ਉਦਾਸ ਮਨ ਨਾਲ ਮੈਂ ਤਾਕੀ ਵਿੱਚੋਂ ਬਾਹਰ ਦੇਖ ਰਿਹਾ ਸੀ, ਭਾਂਵੇ ਸਾਰੀ ਰਾਤ ਸੁੱਤਾ ਨਹੀਂ ਸੀ। ਪਤਾ ਨਹੀਂ ਫਿਰ ਵੀ ਕਿਉਂ ਨੀਂਦ ਨਹੀਂ ਆ ਰਹੀ ਸੀ? ਨਾਲ ਬੈਠੇ ਫੌਜੀ ਨੇ ਚਾਹ ਲਈ ਸੁਲ੍ਹਾ ਮਾਰੀ। ਮੇਰੇ ਨਾਂਹ-ਨਾਂਹ ਕਰਨ 'ਤੇ ਵੀ ਧੱਕੇ ਨਾਲ ਹੀ ਚਾਹ ਦਾ ਕੱਪ ਫੜਾ ਦਿੱਤਾ।

ਅਣਮੰਨੇ ਜਿਹੇ ਮਨ ਨਾਲ ਚਾਹ ਪੀਣੀ ਸ਼ੁਰੂ ਕੀਤੀ ਪਰ ਮਨ ਅੰਦਰੋਂ ਕੁਝ ਹੋਰ ਸੀ। ਉਹ ਅਜੇ ਸੁੱਤੀ ਪਈ ਸੀ। ਆਲੇ-ਦੁਆਲੇ ਦੇਖਿਆ ਚਿੱਟੀ ਟੋਪੀ ਵਾਲਾ ਮੁੰਡਾ, ਜੇਬਾ, ਰੁਖਸਾਨਾ ਸਾਰੇ ਚਾਹ ਪੀ ਰਹੇ ਸਨ। ਉਸ ਦੀ ਗੈਰ-ਹਾਜ਼ਰੀ ਨੇ ਹੋਰ ਵੀ ਉਦਾਸ ਕਰ ਦਿੱਤਾ। ਫੌਜੀ ਨੇ ਆਪਣਾ ਬੈਗ ਖੋਲ੍ਹਿਆ ਵਿਚੋਂ ਪੰਜੀਰੀ ਖੋਆ ਕੱਢਣ ਲੱਗ ਪਿਆ ਤੇ ਸਾਰਾ ਖਾਣ ਪੀਣ ਦਾ ਸਮਾਨ ਮੇਰੇ ਮੂਹਰੇ ਰੱਖ ਦਿੱਤਾ, ਮਨ੍ਹਾ ਕਰਨ 'ਤੇ ਵੀ ਧੱਕੇ ਨਾਲ ਹੀ ਮੈਨੂੰ ਖੋਆ ਖਾਣ 'ਤੇ ਮਜ਼ਬੂਰ ਕਰ ਦਿੱਤਾ। ਉਹ ਰੋਹਤਕ ਜ਼ਿਲ੍ਹੇ ਦਾ ਰਹਿਣ ਵਾਲਾ ਸੀ। ਬੜਾ ਹਸਮੁਖ ਬੀ. ਐਸ. ਸੀ. ਬੀ. ਐਡ ਕਰਕੇ ਫੌਜ 'ਚ ਭਰਤੀ ਹੋਇਆ ਸੀ। "ਸਦੀਆਂ ਤੋਂ ਆਪਣੇ ਬਜ਼ੁਰਗ ਫੌਜ 'ਚ ਭਰਤੀ ਹੁੰਦੇ ਰਹੇ ਹਨ ਤੁਸੀਂ ਪਤਾ ਨਹੀਂ ਕਿਉਂ ਫੌਜ 'ਚ ਨਹੀਂ ਆਏ। "ਉਹ ਮੈਨੂੰ ਕਹਿ ਰਿਹਾ ਸੀ। "ਪਹਿਲਾਂ ਨਹੀ ਆਏ।" ਉਹ ਮੈਨੂੰ ਕਹਿ ਰਿਹਾ ਸੀ। "ਪਹਿਲਾਂ ਅੰਗਰੇਜ਼ਾਂ ਵੱਲੋਂ ਜਬਰਦਸਤੀ ਭਰਤੀ ਕੀਤੇ ਜਾਂਦੇ ਰਹੇ।" "ਹੁਣ ? " "ਮੈਂ ਤਾਂ ਆਪਣੀ ਮਰਜ਼ੀ ਨਾਲ ਹੀ ਆਇਆਂ।" ਉਹ ਐਜੂਕੇਸ਼ਨ ਕੋਰ 'ਚ ਸੀ। ਉਸ ਦਾ ਕੋਰਸ ਸ਼ੁਰੂ ਹੋ ਰਿਹਾ ਸੀ, ਐਨੇ ਨੂੰ ਕਾਲੇ ਕੱਪੜਿਆਂ ਵਾਲੀ ਕੁੜੀ ਵੀ ਨੀਂਦ ਤੋਂ ਜਾਗ ਪਈ ਤੇ ਸਾਡੇ ਆਲੇ ਕੈਬਿਨ 'ਚ ਬੈਠ ਗਈ। ਮੈਂ ਉਸਨੂੰ ਖੋਆ ਤੇ ਪੰਜੀਰੀ ਖਾਣ ਨੂੰ ਦਿੱਤੇ। ਜੋ ਉਸ ਨੇ ਖਾ ਲਏ। ਜ਼ੇਬਾ ਰੁਖਸਾਨਾ 'ਤੇ ਚਿੱਟੀ ਟੋਪੀ ਵਾਲਾ ਮੁੰਡਾ ਉਪਰ ਖਾਲੀ ਪਏ ਬਰਥਾਂ 'ਤੇ ਸੌਂ ਗਏ। ਉਨ੍ਹਾਂ ਦੁਆਰਾ ਖਾਲੀ ਕੀਤੀਆਂ ਸੀਟਾਂ 'ਤੇ ਹੋਰ ਫੌਜੀ ਆ ਕੇ ਬੈਠ ਗਏ। ਉਨ੍ਹਾਂ ਅਤੇ ਕੁੜੀ ਨਾਲ ਗੱਲਾਂ ਕਰਨ ਲੱਗ ਪਏ। ਕੁਝ ਕੁੜੀ ਦੀ ਜ਼ਿੰਦਗੀ ਬਾਰੇ ਪੁੱਛਦੇ। ਕੁੜੀ ਉਹਨਾਂ ਫੌਜੀਆਂ 'ਚ ਪੂਰੀ ਰਚ ਗਈ ਸੀ, ਆਪਣੀ ਦਰਦ ਕਹਾਣੀ ਵੀ ਉਨ੍ਹਾਂ ਫੌਜੀਆਂ ਨੂੰ ਸੁਣਾ ਦਿੱਤੀ। ਉਸ ਕੁੜੀ ਲਈ ਫੌਜੀਆਂ ਦੇ ਦਿਲ ਵਿੱਚ ਹਮਦਰਦੀ ਸੀ। ਕਈਆਂ ਨੇ ਸਲਾਹ ਮਸ਼ਵਰਾ ਵੀ ਦਿੱਤਾ- ਛੋਟੀ ਉਮਰ ਦੇ ਹੋਣ ਕਰਕੇ ਛੇਤੀ ਹੀ ਉਹ ਆਪਸ ਵਿੱਚ ਘੁਲ-ਮਿਲ ਗਏ। ਕੈਬਿਨ 'ਚ ਰੌਣਕਾਂ ਲੱਗ ਗਈਆਂ।

ਗਾਉਣ-ਵਜਾਉਣ ਦਾ ਪ੍ਰੋਗਰਾਮ ਸ਼ੁਰੂ ਹੋ ਗਿਆ- ਫੌਜੀਆਂ ਨੇ ਗੀਤ ਸੁਣਾਉਣੇ ਸ਼ੁਰੂ ਕਰ ਦਿੱਤੇ। ਕਿਸੇ ਨੇ ਬਾਂਗਰ ਇਲਾਕੇ ਦੇ ਗੀਤ ਸੁਣਾਏ। ਜਲੰਧਰ ਵਾਲੇ ਮੁੰਡੇ ਨੇ ਮਿਰਜ਼ਾ, ਰੋਹਤਕੀ ਨੇ ਰਾਗਨੀ ਸੁਣਾਈ। ਮੈਂ ਵੀ ਕੋਈ ਗੀਤ ਸੁਣਾਵਾਂ ਉਹ ਸਾਰੇ ਜਿੱਦ ਕਰਨ ਲੱਗੇ ਪਰ ਮੇਰਾ ਮਨ ਉਦਾਸ ਸੀ। ਮੈਂ ਉਨ੍ਹਾਂ ਦੇ ਗੀਤ ਸੁਣ ਤਾਂ ਸਕਦਾ ਸੀ ਪਰ ਗਾਣਾ ਕਿਤੇ............?

ਬਾਹਰ ਮੌਸਮ ਬੜਾ ਸੁਹਾਵਣਾ ਸੀ। ਮੱਧਮ ਕੋਸੀ ਕੋਸੀ ਧੁੱਪ ਬੜੀ ਚੰਗੀ ਲੱਗ ਰਹੀ ਸੀ। ਮੁਸਾਫਰਾਂ ਨੇ ਕੰਬਲ, ਲੋਈਆਂ, ਖੇਸੀਆਂ ਇੱਕ ਪਾਸੇ ਰੱਖ ਦਿੱਤੀਆਂ ਸਨ। ਕਈਆਂ ਨੇ ਤਹਿ ਕਰਕੇ ਆਪਣੇ ਬੈਗ ਜਾਂ ਸੂਟਕੇਸ ਵਿੱਚ ਪਾ ਲਈਆਂ ਸਨ। ਹੁਣ ਗਰਮ ਕੱਪੜਿਆਂ ਦੀ ਕੋਈ ਲੋੜ ਨਹੀਂ ਸੀ। ਕਾਲੇ ਕੱਪੜਿਆਂ ਵਾਲੀ ਕੁੜੀ ਨੇ ਵੀ ਕੋਟੀ ਉਤਾਰ ਦਿੱਤੀ। ਬੜਾ ਮਜਬੂਤ ਸਰੀਰ ਸੀ, ਉਹ ਹੋਰ ਵੀ ਜਵਾਨ ਦਿੱਸਣ ਲੱਗ ਪਈ ਪਰ ਅਜੇ ਚੁੱਪ ਸੀ। ਫੌਜੀਆਂ ਦੀਆਂ ਅੱਖਾਂ ਉਸ ਉਤੇ ਸਨ, ਜਿਉਂ-ਜਿਉਂ ਉਨ੍ਹਾਂ ਦਾ ਸਟੇਸ਼ਨ ਨੇੜੇ ਆ ਰਿਹਾ ਸੀ, ਤਿਉਂ ਤਿਉਂ ਉਹ ਕੁੜੀ ਦੇ ਨੇੜੇ ਆ ਰਹੇ ਸਨ। ਆਪੋ ਆਪਣੇ ਬੈਗਾਂ ਵਿੱਚੋਂ ਸਾਰਿਆਂ ਨੇ ਨੋਟ-ਬੁੱਕ ਕੱਢੀਆਂ ਤੇ ਕੁੜੀ ਦਾ ਸਿਰਨਾਵਾਂ ਨੋਟ ਕੀਤਾ ਫਿਰ ਇੱਕ-ਦੂਜੇ ਮੂਹਰੇ ਹੋ ਕੇ ਆਪਣਾ-ਆਪਣਾ ਪਤਾ ਕੁੜੀ ਨੂੰ ਲਿਖ ਕੇ ਦਿੱਤਾ। ਸੋਨੀਪਤ ਤੋਂ ਰਾਜਬੀਰ ਸਿੰਘ, ਝੱਜਰ ਤੋ ਸ਼ਾਮਬੀਰ ਸਿੰਘ, ਜਲੰਧਰ ਤੋ ਜਸਵਿੰਦਰ ਸਿੰਘ, ਹੁਸ਼ਿਆਰਪੁਰ ਤੋ ਗੁਰਪ੍ਰੀਤ ਸਿੰਘ ਪਤਾ ਨਹੀਂ ਕਿੰਨੇ ਕੁ ਹੋਰ। ਅੰਦਰੋ ਅੰਦਰੀ ਕੁੜੀ 'ਤੇ ਉਹ ਆਪਣਾ ਪੂਰਾ ਹੱਕ ਸਮਝਦੇ ਸਨ। ਨਮਾਣੀ ਜਿਹੀ ਬਣਕੇ ਉਹ ਉਨ੍ਹਾਂ ਫੌਜੀਆਂ ਦੇ ਸਿਰਨਾਵੇਂ ਕੱਠੇ ਕਰ ਰਹੀ ਸੀ। ਆਖਰ ਫੌਜੀਆਂ ਦਾ ਠਿਕਾਣਾ ਆ ਗਿਆ, ਥੋੜ੍ਹੀ ਦੂਰ ਰੇਲਵੇ ਸਟੇਸ਼ਨ ਦੇ ਬਾਹਰ ਫੌਜ ਦੀ ਬੱਸ ਖੜ੍ਹੀ ਸੀ- ਆਪੋ ਆਪਣਾ ਸਮਾਨ ਸਿਰਾਂ 'ਤੇ ਚੁੱਕੀ ਉਹ ਬੱਸ ਵੱਲ ਨੂੰ ਤੁਰੇ ਜਾ ਰਹੇ ਸਨ। ਤੁਰਦੇ ਤੁਰਦੇ ਪਿੱਛੇ ਨੂੰ ਮੂੰਹ ਮੋੜ ਕੇ ਕੁੜੀ ਵੱਲ ਹੱਥ ਹਿਲਾ ਦਿੰਦੇ। ਫੌਜੀਆਂ ਨੂੰ ਉਤਾਰ ਕੇ ਰੇਲ ਅਗਲੇ ਸਟੇਸ਼ਨ ਲਈ ਰਵਾਨਾ ਹੋ ਗਈ। ਬਾਹਰ ਧੁੱਪ ਚਮਕ ਰਹੀ ਸੀ। ਉੱਤਰੀ ਭਾਰਤ ਦੀ ਠੰਢ ਦੇ ਝੰਬੇ ਮੁਸਾਫਰ ਬੜੀ ਗੂੜ੍ਹੀ ਨੀਂਦ ਸੁੱਤੇ ਪਏ ਸਨ।

ਸ਼ਾਮ ਹੋ ਰਹੀ ਸੀ- ਗੱਡੀ ਭੁਸਾਵਲ ਸਟੇਸ਼ਨ 'ਤੇ ਜਾ ਪਹੁੰਚੀ। ਚੜ੍ਹਨ ਵਾਲੇ ਬਹੁਤੇ ਆ ਗਏ ਜਿੰਨ੍ਹਾਂ ਸੀਟਾਂ ਤੇ ਅਸੀ ਬੈਠੇ ਸੀ ਉਹ ਇਥੋਂ ਰਾਖਵੀਆਂ ਸਨ ਨਵੇਂ ਮੁਸਾਫਰਾਂ ਨੂੰ ਵੀ ਵਿੱਚ ਹੀ ਬਿਠਾ ਲਿਆ ਡੱਬੇ ਵਿੱਚ ਤਿਲ ਸੁੱਟਣ ਨੂੰ ਵੀ ਥਾਂ ਨਹੀਂ ਸੀ। ਸਾਨੂੰ ਸਾਰਿਆਂ ਨੂੰ ਜਿਹਨਾਂ ਦੀਆਂ ਸੀਟਾਂ ਰਾਖਵੀਆਂ ਨਹੀਂ ਸਨ ਬੜੀ ਔਖਿਆਈ ਹੋ ਰਹੀ ਸੀ। ਲੀਡਰ ਮੁੰਡੇ ਨੇ ਉਨ੍ਹਾਂ ਨਾਲ ਕੋਈ ਸਲਾਹ ਮਸ਼ਵਰਾ ਕੀਤਾ ਕਿ ਉਹ ਰਾਤ ਨੂੰ ਸੌਣਗੇ ਕਿੱਥੇ?

ਫਿਰ ਸਲਾਹ ਕਰਕੇ ਜਲਗਾਉ ਉਤਰਨ ਦਾ ਫੈਸਲਾ ਕਰ ਲਿਆ। ਮੈਨੂੰ ਭੁੱਖ ਲੱਗ ਆਈ ਸੀ ਕੁਝ ਫਲ-ਫਰੂਟ ਲੈਣ ਲਈ ਡੱਬੇ 'ਚੋਂ ਬਾਹਰ ਆ ਗਿਆ। ਜਦੋਂ ਮੁੜ ਕੇ ਸੀਟ 'ਤੇ ਆਇਆ ਤਾਂ ਉਹ ਇੱਥੇ ਨਹੀਂ ਸਨ। ਇਹ ਜਲਗਾਉਂ ਦਾ ਸਟੇਸ਼ਨ ਸੀ।

ਸਟੇਸ਼ਨ ਤੇ ਇੱਕ ਲੋਹੇ ਦੇ ਖੰਭੇ ਦਾ ਆਸਰਾ ਲੈ ਕੇ ਉਹ ਇਕੱਲੀ ਖੜ੍ਹੀ ਸੀ। ਮੈਂ ਡੱਬੇ ਤੋ ਹੇਠਾਂ ਉਤਰਿਆ, ਉਸਦੇ ਸਾਹਮਣੇ ਜਾ ਖੜਾ ਹੋਇਆ। ਮੈਨੂੰ ਦੇਖ ਕੇ ਉਹ ਹਲਕਾ ਜਿਹਾ ਮੁਸਕਰਾਈ ਤੇ ਮੇਰੇ ਚਿਹਰੇ ਵੱਲ ਬੜੀ ਗੌਰ ਨਾਲ ਦੇਖਿਆ- ਸ਼ਾਇਦ ਕੁਛ ਪੜ੍ਹ ਰਹੀ ਸੀ। ਮੈਨੂੰ ਉਸ 'ਤੇ ਤਰਸ ਆਇਆ "ਚੰਗਾ, ਕਦੇ ਫਿਰ ਮਿਲਾਂਗੇ।" ਹੌਲੀ ਜਿਹੀ ਅਵਾਜ 'ਚ ਮੈਂ ਬੋਲਿਆ। "ਜ਼ਰੂਰ।" ਉਹ ਵੀ ਉਸੇ ਤਰ੍ਹਾਂ ਹੀ ਬੋਲੀ। ਗਾਰਡ ਵੱਲੋਂ ਸੀਟੀ ਵਜਾਈ ਜਾ ਚੁੱਕੀ ਸੀ। ਰੇਲ ਨੇ ਹੌਲੀ-ਹੌਲੀ ਰੁੜਨਾ ਸ਼ੁਰੂ ਕੀਤਾ। ਸ਼ਾਇਦ ਮੁਲਾਕਾਤ ਦਾ ਟਾਈਮ ਪੂਰਾ ਹੋ ਚੁੱਕਿਆ ਸੀ। ਮੈਂ ਉਸ ਕੁੜੀ ਨਾਲ ਹੱਥ ਮਿਲਾਇਆ- ਇਸ ਵਾਰ ਉਸਦਾ ਹੱਥ ਮੈਨੂੰ ਠੰਢਾ ਜਿਹਾ ਲੱਗਿਆ- ਜੀਹਦੇ 'ਚ ਨਿੱਘ ਨਹੀਂ ਸੀ ਤੇ ਛੇਤੀ ਕਰਕੇ ਭੱਜ ਕੇ ਡੱਬੇ 'ਚ ਚੜ ਗਿਆ। ਦਰਵਾਜੇ 'ਚ ਖੜ ਕੇ ਦੁਬਾਰਾ ਉਸ ਵੱਲ ਦੇਖਿਆ ਉਹ ਉਵੇਂ ਖੰਭੇ ਦੇ ਸਹਾਰੇ ਖੜ੍ਹੀ ਸੀ, ਫਿਰ ਉਸਨੇ ਮੂੰਹ ਘੁੰਮਾ ਕੇ ਥੋੜ੍ਹਾ ਜਿਹਾ ਮੇਰੇ ਵੱਲ ਦੇਖਿਆ, ਫਿਰ ਦੂਜੇ ਪਾਸੇ ਦੇਖਣ ਲੱਗ ਪਈ। ਗੱਡੀ ਨੇ ਪੂਰੀ ਸਪੀਡ ਫੜ ਲਈ ਸੀ। ਮੈਂ ਦਰਵਾਜੇ 'ਚ ਉਦੋਂ ਤੱਕ ਖੜ੍ਹਾ ਰਿਹਾ ਜਦੋਂ ਤੱਕ ਉਹ ਦਿਸਣੋਂ ਨਾ ਹਟ ਗਈ। ਸਟੇਸ਼ਨ ਤੋਂ ਬਾਹਰ ਦੇਖਿਆ ਹਨੇਰਾ ਹੋ ਚੁੱਕਿਆ ਸੀ- ਮਨ ਅਜੇ ਵੀ ਇੱਥੇ ਹੀ ਖੜ੍ਹੇ ਰਹਿਣ ਨੂੰ ਕਰਦਾ ਸੀ, ਉਹ ਪੂਰੀ ਤਰ੍ਹਾਂ ਦਿਸਣੋਂ ਹਟ ਗਈ ਸੀ।

ਆਪਣੇ ਮਨ ਅੰਦਰ ਉਸ ਕੁੜੀ ਦੀ ਜ਼ਿੰਦਗੀ ਦਾ ਤੱਤ ਕੱਢਦਿਆਂ ਸੋਚਿਆ 'ਮਾਪੇ ਆਪਣੀਆਂ ਕੁੜੀਆਂ ਨੂੰ ਛੋਟੀ ਉਮਰੇ ਵਿਆਹ ਦਿੰਦੇ ਹਨ ਤਾਂ ਕਿ ਉਹ ਛੇਤੀ ਤੋਂ ਛੇਤੀ ਭਾਰ ਤੋਂ ਸੁਰਖ਼ਰੂ ਹੋ ਜਾਣ। ਸ਼ਾਇਦ ਉਹ ਇਹ ਨਹੀ ਜਾਣਦੇ ਕਿ ਇਹੀ ਭਾਰ ਉਨ੍ਹਾਂ ਬੱਚੀਆਂ ਨੂੰ ਸਾਰੀ ਉਮਰ ਚੁੱਕਣਾ ਪਵੇਗਾ ਜਿਸ ਨੂੰ ਚੱਕਣ ਦੇ ਅਜੇ ਉਹ ਕਾਬਲ ਵੀ ਨਹੀਂ ਹੁੰਦੀਆਂ। ਉਦਾਸੀ ਦੇ ਆਲਮ 'ਚ ਮਨ ਮੁੜ ਸੀਟ ਤੇ ਜਾਣ ਨੂੰ ਕੀਤਾ, ਜਿੱਥੇ ਉਹ, ਅਸੀ ਬੈਠੇ ਸੀ ਪਰ ਹੁਣ ਉਨ੍ਹਾਂ ਸੀਟਾਂ ਤੇ ਹੋਰ ਮੁਸਾਫਰ ਆ ਚੁੱਕੇ ਸਨ। ਉਨ੍ਹਾਂ ਸੀਟਾ ਨੂੰ ਬੁਲਾਉਣ ਨੂੰ ਦਿਲ ਨਾ ਕੀਤਾ। ਇੱਕ ਪਾਸੇ ਸੀਟ 'ਤੇ ਖਾਸੇ ਅਖਬਾਰ ਪਏ ਸੀ ਉਨ੍ਹਾਂ ਨੂੰ ਫਰਸ਼ ਤੇ ਵਿਛਾ ਕੇ ਸੌਣ ਜੋਗੀ ਥਾਂ ਬਣਾਉਣ ਲੱਗ ਪਿਆ। ਬੂਟ ਉਤਾਰ ਕੇ ਲੇਟਿਆ ਹੀ ਸੀ ਉਹ ਪਾਣੀਪਤ ਵਾਲਾ ਮੁੰਡਾ ਮੇਰਾ ਪੁਰਾਣਾ ਸਾਥੀ ਪਤਾ ਨਹੀਂ ਇੱਕਦਮ ਕਿਧਰੋਂ ਆ ਨਿਕਲਿਆ, ਉਹ ਵੀ ਮੇਰੇ ਨਾਲ ਹੀ ਲਿਟ ਗਿਆ। ਪਤਾ ਨਹੀਂ ਕਦੋਂ ਸਾਨੂੰ ਨੀਂਦ ਆ ਗਈ। ਪਹਿਲੀ ਰਾਤ ਦਾ ਉਨੀਂਦਰਾ ਹੋਣ ਕਰਕੇ ਪਤਾ ਹੀ ਨਾ ਲੱਗਿਆ ਕਿ ਫਰਸ਼ 'ਤੇ ਸੁੱਤਾ ਪਿਆ ਹਾਂ ਜਾ ਬਿਸਤਰੇ ਤੇ। ਸਵੇਰੇ ਸਾਝਰੇ ਮੁਸਾਫਰਾਂ 'ਤੇ ਕੁਲੀਆਂ ਦੇ 'ਦਾਦਰ ਆ ਗਿਆ ਦਾਦਰ ਆ ਗਿਆ ਬਈ" ਦੇ ਰੌਲੇ ਨੇ ਜਗਾ ਦਿੱਤਾ। ਭਾਵੇਂ ਅਜੇ ਮੇਰਾ ਦਿਲ ਹੋਰ ਸੌਣ ਨੂੰ ਕਰਦਾ ਸੀ, ਦਾਦਰ ਰੇਲਵੇ ਸਟੇਸ਼ਨ ਦੇ ਪਲੇਟਫਾਰਮ ਤੇ ਅਧਸੁੱਤਾ ਜਿਹਾ ਆਪਣਾ ਬੈਗ ਚੁੱਕ ਕੇ ਤੁਰਿਆ ਜਾ ਰਿਹਾ ਸੀ।

-ਸਰਬਜੀਤ ਸਿੰਘ ਸੰਧੂ

*# ਪਿੰਡ ਤੇ ਡਾਕ-ਬਰੜਵਾਲ,*
*ਤਹਿ ਧੂਰੀ, ਜ਼ਿਲ੍ਹਾ ਸੰਗਰੂਰ*

# ਸ਼ਰਧਾ ਦਾ ਪ੍ਰਤੀਕ ਹੈ ਗੁਰਦੁਆਰਾ ਪਹਿਲੀ ਪਾਤਸ਼ਾਹੀ

ਕੁਰੂਕਸ਼ੇਤਰ ਹਰਿਆਣੇ ਦਾ ਇੱਕਲਾ ਅਜਿਹਾ ਸ਼ਹਿਰ ਹੈ ਜਿੱਥੇ 8 ਸਿੱਖ ਗੁਰੂ ਸਾਹਿਬਾਨ ਨੇ ਆਪਣੇ ਚਰਨ ਪਾਏ ਹਨ। ਇਸ ਸ਼ਹਿਰ ਵਿਚ ਗੁਰੂ ਨਾਨਕ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮ ਦਾਸ ਜੀ, ਗੁਰੂ ਹਰਿਗੋਬਿੰਦ ਸਾਹਿਬ ਜੀ, ਗੁਰੂ ਹਰਿਰਾਇ ਸਾਹਿਬ ਜੀ, ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ, ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਮੁਬਾਰਕ ਚਰਨ ਪਾਏ ਹਨ। ਇਹ ਜਾਣਕਾਰੀ ਗੁਰਦੁਆਰਾ ਸੱਤਵੀਂ ਪਾਤਸ਼ਾਹੀ ਦੇ ਹੈਡ ਗ੍ਰੰਥੀ ਗਿਆਨੀ ਅਮਰੀਕ ਸਿੰਘ ਜੀ ਨੇ ਦਿੱਤੀ। ਗੁਰਦੁਆਰਾ ਪਹਿਲੀ ਪਾਤਸ਼ਾਹੀ ਦੇ ਇਤਿਹਾਸ ਬਾਰੇ ਦੱਸਦਿਆਂ ਗਿਆਨੀ ਅਮਰੀਕ ਸਿੰਘ ਜੀ ਨੇ ਕਿਹਾ ਕਿ ਜਗਤ ਗੁਰੂ ਸ਼੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਪਹਿਲੀ ਉਦਾਸੀ ਜੋ ਸੰਮਤ 1554 ਤੋਂ 1565 ਤੱਕ ਸੀ, ਦੇ ਦੌਰਾਨ ਸੰਮਤ 1558 ਵਿਸਾਖ ਦੀ ਅਮਾਵਸ ਸੂਰਜ ਗ੍ਰਹਿਣ ਦੇ ਸਮੇਂ ਕੁਰੂਕਸ਼ੇਤਰ ਪਧਾਰੇ। ਗੁਰੂ ਨਾਨਕ ਦੇਵ ਜੀ ਨੇ ਵਡੇ ਤਲਾਬ (ਬ੍ਰਹਮ ਸਰੋਵਰ) ਦੇ ਕਿਨਾਰੇ ਡੇਰਾ ਲਗਾਇਆ ਤੇ ਹਿੰਦੂ ਜਗਤ ਦੇ ਪ੍ਰਸਿਧ ਨਿਯਮ (ਸੂਰਜ ਗ੍ਰਹਿਣ ਸਮੇਂ ਅੱਗ ਨਾ ਬਾਲਣ) ਦਾ ਉਲੰਘਣਾ ਕਰਕੇ ਪ੍ਰਣ ਤੋੜਨ ਹਿੱਤ ਗੁਰੂ ਕਾ ਲੰਗਰ ਚਾਲੂ ਕੀਤਾ। ਮਹਾਰਾਜੇ ਦਾ ਭੇਟ ਕੀਤਾ ਹੋਇਆ ਮਿਰਗ ਦਾ ਮਾਸ ਇਕ ਦੇਗ ਵਿਚ ਰਿੰਨਿਆ। ਪਰ ਪੰਗਤ ਸਮੇਂ ਖੀਰ ਦਾ ਪ੍ਰਸ਼ਾਦਿ ਛਕਾ ਕੇ ਮਾਸ ਖਾਣ ਜਾਂ ਨਾ ਖਾਣ ਨੂੰ ਮੂਰਖਾਂ ਦੀ ਬਹਿਸ ਸਾਬਿਤ ਕੀਤਾ। ਗਿਆਨੀ ਅਮਰੀਕ ਸਿੰਘ ਜੀ ਨੇ ਦੱਸਿਆ ਕਿ ਇਤਿਹਾਸ ਮੁਤਾਬਿਕ ਇਸੇ ਹੀ ਸਮੇਂ ਇਕ ਪੰਡਿਤ ਜਿਸ ਦਾ ਨਾਮ ਨਾਨੂੰ ਦੱਸਿਆ ਜਾਂਦਾ ਹੈ, ਹਾਜ਼ਰ ਹੋਇਆ ਅਤੇ ਸਤਿਗੁਰ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਕੇ ਬਿਬੇਕ ਬੁੱਧੀ ਦਾ ਮਾਲਕ ਬਣਿਆ। ਉਸ ਨੇ ਵੇਦ ਵਿਆਸ ਦੇ ਭਵਿਸ਼ ਵਾਕ ਕਲਜੁਗ ਬੇਦੀ ਬੰਸੇਚ ਨਾਨਕੰ ਦੇ ਅਨੁਸਾਰ ਆਪ ਨੂੰ ਕਲਜੁਗ ਦਾ ਅਵਤਾਰ ਪ੍ਰਗਟ ਕੀਤਾ। ਇਸ ਜਗ੍ਹਾ ਤੇ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਯਾਦਗਾਰੀ ਗੁਰਦੁਆਰਾ ਵਿਸ਼ੇਸ਼ ਸੜਕ ਉੱਪਰ ਸਥਿਤ ਹੈ। ਇੱਥੇ ਹਰ ਰੋਜ਼ ਵੱਡੀ ਗਿਣਤੀ ਵਿਚ ਸ਼ਰਧਾਲੂ ਨਤਮਸਤਕ ਹੋ ਕੇ ਅਰਦਾਸਾਂ ਕਰਦੇ ਹਨ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਹਨ। ਇਸ ਗੁਰਦੁਆਰਾ ਸਾਹਿਬ ਦਾ



ਪ੍ਰਬੰਧ ਸ਼੍ਰੋਮਣੀ ਕਮੇਟੀ ਦੇ ਅਧੀਨ ਹੈ। ਗਿਆਨੀ ਅਮਰੀਕ ਸਿੰਘ ਜੀ ਨੇ ਦੱਸਿਆ ਕਿ ਕੁਰੂਕਸ਼ੇਤਰ ਸ਼ਹਿਰ ਵਿਚ ਅੱਠ ਇਤਿਹਾਸਕ ਗੁਰਦੁਆਰਾ ਸਾਹਿਬ ਹਨ, ਜਿਨ੍ਹਾਂ ਵਿਚੋਂ ਪੰਜ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਦੇ ਅਧੀਨ ਹੈ ਅਤੇ ਇਕ ਕਾਰ ਸੇਵਾ ਦੇ ਸੰਤਾਂ ਦੇ ਪ੍ਰਬੰਧ ਅਧੀਨ ਹੈ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸ਼ਹਿਰ ਵਿਚ ਦੋ ਗੁਰਦੁਆਰਾ ਸਾਹਿਬ ਹਨ, ਇਕ ਗੁਰਦੁਆਰਾ ਦਸਵੀਂ ਪਾਤਸ਼ਾਹੀ ਅਤੇ ਦੂਜਾ ਗੁਰਦੁਆਰਾ ਪਟਾ ਸਾਹਿਬ। ਇਨ੍ਹਾਂ ਸਾਰੇ ਗੁਰਦੁਆਰਾ ਸਾਹਿਬਾਨ ਦਾ ਮੁੱਖ ਦਫਤਰ ਗੁਰਦੁਆਰਾ ਛੇਂਵੀ ਪਾਤਸ਼ਾਹੀ ਵਿਖੇ ਹੈ। ਇਸੇ ਜਗ੍ਹਾ ਹੀ ਲੰਗਰ ਅਤੇ ਰਿਹਾਇਸ਼ ਦਾ ਪ੍ਰਬੰਧ ਹੈ। ਬਾਹਰੋਂ ਆਉਣ ਵਾਲੇ ਸ਼ਰਧਾਲੂਆਂ ਨੂੰ ਦੂਜੇ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਵਾਉਣ ਲਈ ਗੱਡੀ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।

**-ਨਿਸ਼ਾਨ ਸਿੰਘ ਰਾਠੌਰ**

# ਕਿਸਾਨੀ ਦੀਆਂ ਸਮੱਸਿਆਵਾਂ ਅਤੇ ਹੱਲ



ਅਸੀਂ ਬਚਪਨ ਤੋਂ ਇਹ ਸੁਣਦੇ ਅਤੇ ਪੜ੍ਹਦੇ ਆ ਰਹੇ ਹਾਂ ਕਿ ਭਾਰਤ ਇਕ ਖੇਤੀ ਪ੍ਰਧਾਨ ਦੇਸ਼ ਹੈ ਅਤੇ ਇਸ ਦੀ 80 ਫੀਸਦੀ ਆਬਾਦੀ ਪਿੰਡਾਂ ਵਿਚ ਰਹਿੰਦੀ ਹੈ ਜੋ ਕਿ ਸਿੱਧੇ-ਅਸਿੱਧੇ ਢੰਗ ਨਾਲ ਖੇਤੀ ਤੋਂ ਆਪਣਾ ਜੀਵਨ ਨਿਰਬਾਹ ਕਰਦੀ ਹੈ। ਬਿਨਾਂ ਸ਼ੱਕ ਸਾਡੇ ਦੇਸ਼ ਵਿਚ ਵੀ ਖੇਤੀ ਨੇ ਬਹੁਤ ਤਰੱਕੀ ਕੀਤੀ ਹੈ ਅਤੇ ਹਰੀ ਕ੍ਰਾਂਤੀ ਨੇ ਭਾਰਤ ਨੂੰ ਆਤਮ ਨਿਰਭਰ ਦੇਸ਼ ਬਣਾ ਦਿੱਤਾ ਹੈ, ਜਿਸ ਕਾਰਨ ਅੱਜ ਸਾਡੇ ਅਨਾਜ ਭੰਡਾਰ ਭਰੇ ਪਏ ਹਨ ਅਤੇ ਸਾਨੂੰ ਦੂਜਿਆਂ ਦੇਸ਼ਾਂ ਵੱਲ ਵੇਖਣ ਦੀ ਕੋਈ ਜ਼ਰੂਰਤ ਨਹੀਂ ਪੈਂਦੀ। ਕਿਸਾਨਾਂ ਕੋਲ ਬਲਦਾਂ ਦੀ ਜਗ੍ਹਾ ਤੇ ਟਰੈਕਟਰ, ਹਲਟਾਂ ਦੀ ਜਗ੍ਹਾ ਸਬਮਰਸੀਬਲ ਪੰਪ, ਪੱਠੇ ਢੋਣ ਲਈ ਗੱਡਿਆਂ ਦੀ ਜਗ੍ਹਾ ਜੀਪਾਂ ਅਤੇ ਟਾਂਗਿਆਂ, ਸਾਇਕਲਾਂ ਦੀ ਜਗ੍ਹਾ ਕਾਰਾਂ ਆ ਗਈਆਂ ਹਨ।

ਹੁਣ ਗੱਲ ਕਰਦੇ ਹਾਂ ਪੰਜਾਬ ਦੀ ਜੋ ਕਿ ਭਾਰਤ ਦਾ ਸਭ ਤੋਂ ਖੁਸ਼ਹਾਲ ਸੂਬਾ ਹੈ। ਬਿਨਾਂ ਸ਼ੱਕ ਮਿਹਨਤੀ ਪੰਜਾਬੀ ਕਿਸਾਨਾਂ ਨੇ ਭਾਰਤ ਵਾਸੀਆਂ ਦਾ ਢਿੱਡ ਭਰਨ ਲਈ ਕਣਕ, ਚੌਲ ਦੇ ਭੰਡਾਰ ਭਰ ਦਿੱਤੇ ਹਨ ਅਤੇ ਰੱਜ ਕੇ ਤਰੱਕੀ ਦਾ ਨਿੱਘ ਮਾਣਿਆ ਹੈ। ਇਹ ਤਰੱਕੀ ਵੇਖਣ ਨੂੰ ਤਾਂ ਬਹੁਤ ਸੋਹਣੀ ਲੱਗਦੀ ਹੈ ਪਰ ਕੀ ਇਹ ਅਸਲ ਤਰੱਕੀ ਹੈ? ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਇਹ ਸਿਰਫ ਅੱਖਾਂ ਦਾ ਧੋਖਾ ਹੈ, ਨਹੀਂ ਤਾਂ ਬਹੁਤ ਸਾਰੇ ਕਿਸਾਨ ਆਪਣੇ ਪਰਿਵਾਰਾਂ ਸਮੇਤ ਖੁਦਕੁਸ਼ੀਆਂ ਕਿਉਂ ਕਰਨ, ਕਿਉਂ ਕਿਸਾਨਾਂ ਨੂੰ ਆਪਣਾ ਸਿਰ ਚੜ੍ਹਿਆ ਕਰਜ਼ਾ ਰਾਤ ਦਿਨ ਸੌਣ ਨਹੀਂ ਦਿੰਦਾ, ਕਿਉਂ ਕਿਸਾਨ ਨੂੰ ਅਸਲੀ ਕਹਿ ਕੇ ਨਕਲੀ ਦਵਾਈਆਂ, ਖਾਦਾਂ ਵੇਚੀਆਂ ਜਾਂਦੀਆਂ ਹਨ, ਕਿਉਂ ਪਾਣੀ ਦੀ ਜ਼ਰੂਰਤ ਦੇ ਸਮੇਂ ਬਿਜਲੀ ਦੇ ਕੱਟ ਲਗਾਏ ਜਾਂਦੇ ਹਨ, ਕਿਉਂ ਕਿਸਾਨਾਂ ਦੀ ਫਸਲ ਕਈ ਕਈ ਦਿਨ ਮੰਡੀਆਂ ਵਿਚ ਰੁਲਦੀ ਹੈ, ਕਿਉਂ ਹਰ ਸਾਲ ਬੋਰ ਡੂੰਘੇ ਕਰਵਾਉਣੇ ਪੈਂਦੇ ਹਨ, ਕਿਉਂ ਬਿਜਲੀ ਵਾਲੇ ਫਿਊਜ਼ ਲਗਾਉਣ ਲਈ ਵੀ ਬੋਤਲ ਦੀ ਮੰਗ ਕਰਦੇ ਹਨ, ਕਿਉਂ ਕਿਸਾਨ ਵੀਰ ਲੋੜ ਤੋਂ ਵੱਧ ਖਰਚੇ ਕਰਦੇ ਹਨ ਅਤੇ ਕਿਉਂ ਉਹ ਮਿਹਨਤ ਕਰਨ ਤੋਂ ਕਤਰਾਉਣ ਲੱਗੇ ਹਨ। ਇਹਨਾਂ ਸਭ ਗੱਲਾਂ ਦੇ ਕਾਰਨ ਵੀ ਹਨ ਤੇ ਹੱਲ ਵੀ। ਲੋੜ ਹੈ ਇਹਨਾਂ ਕਾਰਨਾਂ ਨੂੰ ਘੋਖਣ ਦੀ, ਕੁਝ ਸੋਚਣ ਦੀ, ਕੁਝ ਕਰਨ ਦੀ, ਨਹੀਂ ਤਾਂ ਆਉਣ ਵਾਲੇ ਸਮੇਂ ਵਿਚ ਸਭ ਚੰਗਾ ਨਹੀਂ ਹੋਵੇਗਾ। ਆਓ ਇਹਨਾਂ ਸਭ ਗੱਲਾਂ ਵੱਲ ਜ਼ਰਾ ਨਿਗ੍ਹਾ ਮਾਰੀਏ



**ਕਿਸਾਨਾਂ ਦੀ ਜ਼ਿੰਮੇਵਾਰੀ**- ਭਾਰਤ ਦੇਸ਼ ਵਿਚ ਜ਼ਿਆਦਾਤਰ ਕਿਸਾਨ ਛੋਟੇ ਕਿਸਾਨ ਹਨ, ਜਿਹਨਾਂ ਕੋਲ 4-5 ਹੈਕਟੇਅਰ ਤੱਕ ਜ਼ਮੀਨ ਹੁੰਦੀ ਹੈ ਅਤੇ ਇਹ ਉਹ ਤਬਕਾ ਹੈ ਜੋ ਕਿ ਜ਼ਿਆਦਾ ਪਿਸਦਾ ਹੈ, ਕਹਿੰਦੇ ਹਨ ਤਕੜੇ ਦਾ ਸੱਤੀਂ ਵੀਹੀਂ ਸੌ ਤੇ ਮਾੜੇ ਨੂੰ ਤਾਂ ਸਰੇ ਹੀ ਦਬਾ ਲੈਂਦੇ ਹਨ। ਇਸ ਦਾ ਮੁੱਖ ਕਾਰਨ ਅਨਪੜ੍ਹਤਾ, ਅਗਿਆਨਤਾ ਤੇ ਰਲ-ਮਿਲ ਕੇ ਚੱਲਣ ਦੀ ਕਮੀ ਹੈ। ਕਿਸਾਨ ਲੱਗਭੱਗ ਹਰੇਕ ਕੰਮ ਲਈ ਸ਼ਾਹੂਕਾਰਾਂ, ਆੜ੍ਹਤੀਆਂ ਦੇ ਚੱਕਰ ਲਗਾਉਂਦੇ ਹਨ।

ਉਹਨਾਂ ਤੋਂ ਪੈਸੇ ਜਾਂ ਜਿਣਸਾਂ ਉਧਾਰ ਲੈਂਦੇ ਹਨ। ਜੇ ਆੜ੍ਹਤੀਆ 2000 ਦੀ ਜਗ੍ਹਾ 20 ਹਜ਼ਾਰ ਤੇ ਅੰਗੂਠਾ ਲਵਾ ਲਵੇ ਅਤੇ ਸਾਲ ਦੋ ਸਾਲ ਬਾਅਦ 2 ਲੱਖ ਬਣਾ ਦੇਵੇ ਤਾਂ ਕਿਸਾਨ ਕਿੱਧਰ ਨੂੰ ਜਾਵੇਗਾ। ਆਪਣੀ ਜਵਾਨ ਹੋਈ ਧੀ ਦੇ ਵਿਆਹ ਲਈ ਦਾਰਜ ਬਣਾਏਗਾ ਜਾਂ ਆੜ੍ਹਤੀਏ ਦਾ ਕਰਜ਼ਾ ਚੁਕਾਏਗਾ ਜਾਂ ਜ਼ਮੀਨ ਵੇਚੇਗਾ ਜਾਂ ਖੁਦਕੁਸ਼ੀ ਕਰੇਗਾ। ਜੇਕਰ ਕਿਸਾਨ ਨੂੰ ਨਕਲੀ ਦਵਾਈਆਂ ਵੇਚ ਦਿੱਤੀਆਂ ਜਾਣ ਤਾਂ ਉਸ ਵਿਚਾਰੇ ਨੂੰ ਕਿਵੇਂ ਪਤਾ ਲੱਗੇਗਾ। ਜੇਕਰ ਖਾਦਾਂ, ਬੀਜਾਂ ਦੀ ਬਲੈਕ ਸ਼ੁਰੂ ਹੋ ਜਾਵੇ ਤਾਂ ਕਿਸਾਨ ਕੀ ਕਰੇ, ਬੀਜ ਤਾਂ ਬੀਜਣਾ ਹੀ ਹੈ ਨਾ ਅਤੇ ਖਾਦਾਂ ਪਾਉਣੀਆਂ ਵੀ ਜ਼ਰੂਰੀ ਹਨ। ਪੈਸੇ ਜ਼ਿੰਨੇ ਮਰਜ਼ੀ ਸਿਰ ਚੜ੍ਹ ਜਾਣ। ਪਰ ਕੀ ਇਸ ਸਭ ਲਈ ਆੜ੍ਹਤੀਆ, ਸ਼ਾਹੂਕਾਰ ਜਾਂ ਦੁਕਾਨਦਾਰ ਹੀ ਜ਼ਿੰਮੇਵਾਰ ਹਨ। ਆਖਿਰ ਅੰਗੂਠਾ ਤਾਂ ਕਿਸਾਨ ਨੇ ਆਪਣੀ ਮਰਜ਼ੀ ਨਾਲ ਹੀ ਲਾਇਆ ਹੈ, ਨਾ ਕਿ ਜ਼ਬਰਦਸਤੀ ਲਗਵਾਇਆ ਗਿਆ ਹੈ। ਇਸ ਸਭ ਦਾ ਕਾਰਨ ਵੀ ਕਿਸਾਨ ਦੀ ਅਨਪੜ੍ਹਤਾ, ਅਗਿਆਨਤਾ ਹੈ ਅਤੇ ਸਰਕਾਰ ਵੀ ਬਰਾਬਰ ਦੀ ਜ਼ਿੰਮੇਵਾਰ ਹੈ, ਜਿਸ ਨੇ ਸਭ ਕੁਝ ਕਰਨ ਲਈ ਖੁੱਲ੍ਹੀ ਛੁੱਟੀ ਦੇ ਦਿੱਤੀ ਹੈ ਪਰ ਕਿਸਾਨ ਵੀਰੋ, ਅੱਜ ਲੋੜ ਹੈ ਤੁਹਾਨੂੰ ਆਪਣੀਆਂ ਅੱਖਾਂ ਖੁੱਲ੍ਹੀਆਂ ਰੱਖਣ ਦੀ ਅਤੇ ਰਲ-ਮਿਲ ਕੇ ਚੱਲਣ ਦੀ।

**ਲੋੜ ਤੋਂ ਵੱਧ ਖਰਚਾ**- ਕਿਸਾਨ ਵੀਰ ਮੰਨਣ ਜਾਂ ਨਾ ਮੰਨਣ, ਪਰ ਉਹਨਾਂ ਦੇ ਖਰਚੇ, ਆਮਦਨ ਤੋਂ ਕਿਤੇ ਵੱਧ ਹਨ। ਇਕ ਸਰਵੇ ਅਨੁਸਾਰ ਅੱਜ ਪੰਜਾਬ ਵਿਚ 405000 ਟਰੈਕਟਰ, 9350000 ਟਿਊਬਵੈੱਲ, 8150 ਕੰਬਾਇਨਾਂ ਆਦਿ ਮੌਜੂਦ ਹਨ ਜੋ ਕਿ ਲੋੜ ਤੋਂ ਤਕਰੀਬਨ 4 ਗੁਣਾ ਵਧੇਰੇ ਹਨ। ਜੇਕਰ 4-5 ਏਕੜ ਵਾਲਾ ਕਿਸਾਨ ਕਰਜ਼ੇ ਤੇ ਟਰੈਕਟਰ ਲੈ ਲਵੇ ਜਾਂ ਖੇਤਾਂ ਵਿਚ ਸਬਮਰਸੀਬਲ ਲਵਾ ਲਵੇ ਜਾਂ ਮਾਰੂਤੀ ਕਾਰ ਜਾਂ ਮਹਿੰਦਰ ਜੀਪ ਹਵੇਲੀ ਵਿਚ ਖੜ੍ਹੀ ਕਰ ਲਵੇ ਤਾਂ ਉਸ ਦਾ ਜ਼ਿੰਮੇਵਾਰ ਕੌਣ ਹੈ? ਕੀ ਅਸੀਂ ਆਪਣੀ ਥੋੜ੍ਹੀ ਜ਼ਮੀਨ ਦੂਜੇ ਦੇ ਟਰੈਕਟਰ ਤੋਂ ਨਹੀਂ ਵਹਾ ਸਕਦੇ ਜਾਂ ਪਾਣੀ ਮੁੱਲ ਨਹੀਂ ਲੈ ਸਕਦੇ, ਨਾਲ ਲੱਗਦੇ ਟਿਊਬਵੈਲ ਤੋਂ। ਇਸ ਸਭ ਦਾ ਜਵਾਬ ਹਾਂ ਹੈ ਪਰ ਫਿਰ ਟਰੈਕਟਰ, ਟਿਊਬਵੈਲ ਤੋਂ ਬਿਨਾਂ ਕਾਹਦੀ ਜ਼ਿੰਮੇਵਾਰੀ, ਇਹ ਹੈ ਜਵਾਬ ਕਿਸਾਨਾਂ ਦਾ। ਪੱਛਮੀ ਦੇਸ਼ਾਂ ਵਿਚ ਤੇ ਸਾਡੇ ਵਿਚ ਇਹੀ ਫਰਕ ਹੈ ਕਿ ਉਥੇ ਜ਼ਮੀਨਾਂ ਬਹੁਤ ਵੱਡੀਆਂ ਹਨ ਤੇ ਆਪਣੇ ਇੱਥੇ ਜ਼ਮੀਨਾਂ ਭਰਾਵਾਂ ਨੇ ਆਪਸ ਵਿਚ ਵੰਡੀਆਂ ਹੋਈਆਂ ਹਨ ਤੇ ਆਪਸ ਬਣਦੀ ਵੀ ਨਹੀਂ ਤੇ ਇਕ ਦੂਜੇ ਨੂੰ ਨੀਵਾਂ ਦਿਖਾਉਣ ਦੇ ਚੱਕਰ ਵਿਚ ਜਾਣੇ-ਅਣਜਾਣੇ ਅਸੀਂ ਆਪ ਨੀਵੇਂ ਹੁੰਦੇ ਜਾ ਰਹੇ ਹਾਂ। ਦੂਜੀ ਗੱਲ ਜੇ ਸਾਡੇ ਆਮਦਨ ਸੀਮਤ ਹੈ ਤਾਂ ਅਸੀਂ ਕਾਰਾਂ, ਜੀਪਾਂ ਦੀ ਜਗ੍ਹਾ ਮੋਟਰ ਸਾਈਕਲ ਵੀ ਤਾਂ ਵਰਤ ਸਕਦੇ ਹਾਂ। ਫਿਰ ਕਾਰਾਂ, ਜੀਪਾਂ ਵਿਚ ਜਾਂ ਟਰਾਲੀਆਂ ਵਿਚ ਪਿੰਡ ਵਾਸੀਆਂ ਨੂੰ ਲੱਦ ਦੇ ਮੇਲੇ ਹੀ ਤਾਂ ਲਿਜਾਣਾ ਹੁੰਦਾ ਹੈ। ਇਹ ਗੱਲ ਹੋਰ ਹੈ ਕਿਸਾਨ ਵੀਰ ਲੋੜ ਤੋਂ ਵੱਧ ਖਾਦਾਂ ਤੇ ਦਵਾਈਆਂ ਜ਼ਰੂਰਤ ਅਨੁਸਾਰ ਖੇਤੀ ਮਾਹਿਰਾਂ ਦੀ ਰਾਇ ਲੈ ਕੇ ਵਰਤੀਏ ਅਤੇ ਦੂਜਾ ਅਸੀਂ ਜੇਕਰ ਹੈਂਕੜਬਾਜੀ ਤਿਆਗ ਕੇ ਰਲ-ਮਿਲ ਕੇ ਖੇਤੀ ਕਰੀਏ ਤਾਂ ਖਰਚਾ ਜ਼ਰੂਰ ਅੱਧਾ ਰਹਿ ਜਾਵੇਗਾ।

**ਫੁਟਕਲ ਖਰਚੇ**- ਇਹਨਾਂ ਵਿਚ ਵਿਆਹਾਂ 'ਤੇ ਕੀਤੇ ਜਾਣ ਵਾਲੇ ਖਰਚੇ ਅਤੇ ਦਾਰੂ 'ਤੇ ਕੀਤੇ ਜਾਣ ਵਾਲੇ ਖਰਚੇ ਸ਼ਾਮਲ ਹਨ। ਵਿਆਹਾਂ ਤੇ ਬਹੁਤ ਜ਼ਿਆਦਾ ਖਰਚ ਕੀਤਾ ਜਾਂਦਾ ਹੈ ਤੇ ਇਹ ਖਰਚਾ ਜਾਂ ਤਾਂ ਕਰਜਾ ਲੈ ਕੇ ਜਾਂ ਆੜ੍ਹਤੀਏ ਤੋਂ ਫੜ ਕੇ ਜਾਂ ਜ਼ਮੀਨ ਗਹਿਣੇ ਤੇ ਦੇ ਕੇ ਹੀ ਕੀਤਾ ਜਾਂਦਾ ਹੈ। ਬਿਨਾਂ ਸ਼ੱਕ ਇਹ ਖਰਚੇ ਸ਼ਹਿਰੀ ਲੋਕ ਵੀ ਕਰਦੇ ਹਨ ਪਰ ਗੱਲ ਅਸੀਂ ਕਿਸਾਨੀ ਦੀ ਕਰ ਰਹੇ ਹਾਂ, ਜਿਸ ਦੀ ਕਮਰ ਇਨ੍ਹਾਂ ਖਰਚਿਆਂ ਨਾਲ ਟੁੱਟ ਜਾਂਦੀ ਹੈ। ਇਸ ਸਭ ਲਈ ਅਸੀਂ ਤੇ ਸਾਡਾ ਸਮਾਜ ਜ਼ਿੰਮੇਵਾਰ ਹੈ। ਜਿੱਥੇ ਫੋਕੇ ਟੌਹਰ ਦਿਖਾਵੇ ਕੀਤੇ ਜਾਂਦੇ ਹਨ, ਉਥੇ ਵਿਆਹਾਂ ਵਿਚ ਢੇਰ ਸਾਰਾ ਦਾਜ ਦਿੱਤਾ ਤੇ ਲਿਆ ਜਾਂਦਾ ਹੈ।

ਦੂਜਾ ਦਾਰੂ ਤਾਂ ਸਾਡੀ ਜ਼ਿੰਦਗੀ ਦਾ ਪ੍ਰਮੁੱਖ ਅੰਗ ਬਣ ਗਈ ਹੈ ਜੋ ਕਿ ਖਰਚਾ ਵਧਾਉਣ ਦੇ ਨਾਲ ਹੀ ਸਾਨੂੰ ਸਰੀਰਕ ਤੌਰ 'ਤੇ ਕਮਜ਼ੋਰ ਵੀ ਕਰ ਰਹੀ ਹੈ। ਇਸੇ ਲਈ ਤਾਂ ਕਿਸਾਨ ਵੀਰ ਹੁਣ ਹਰ ਗੱਲ ਲਈ ਪ੍ਰਵਾਸੀ ਮਜ਼ਦੂਰਾਂ 'ਤੇ ਨਿਰਭਰ ਹੋ ਗਏ ਹਨ। ਸਮੇਂ ਦੀ ਮੰਗ ਇਹ ਹੈ ਕਿ ਕਿਸਾਨਾਂ ਨੂੰ ਆਪਣੇ ਫਾਲਤੂ ਖਰਚੇ ਘਟਾਉਣੇ ਪੈਣਗੇ।

**ਸਰਕਾਰੀ ਕਰਮਚਾਰੀਆਂ ਦੀ ਅਣਗਹਿਲੀ**: ਇਹਨਾਂ ਸਰਕਾਰੀ ਕਰਮਚਾਰੀਆਂ ਵਿਚ ਆਉਂਦੇ ਹਨ ਖੇਤੀ ਮਾਹਿਰ, ਬਿਜਲੀ ਬੋਰਡ ਵਾਲੇ ਆਦਿ। ਖੇਤੀ ਮਾਹਿਰਾਂ ਵਿਚ ਖੇਤੀ ਅਫਸਰ, ਖੇਤੀ ਵਿਕਾਸ ਅਫਸਰ ਅਤੇ ਪਸਾਰ ਮਾਹਿਰ ਸ਼ਾਮਲ ਹਨ, ਜਿਹਨਾਂ ਦਾ ਕੰਮ ਹੈ ਕਿਸਾਨਾਂ ਨੂੰ ਨਵੀਆਂ ਖੋਜਾਂ ਬਾਰੇ ਦੱਸਣਾ। ਮੈਂ ਇਕ ਗੱਲ ਕਿਸਾਨਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਹਰ ਜ਼ਿਲ੍ਹੇ ਵਿਚ ਕਿਸਾਨਾਂ ਦੀ ਸਹਾਇਤਾ ਲਈ ਖੇਤੀ ਵਿਕਾਸ ਅਫਸਰ ਨਿਯੁਕਤ ਕੀਤੇ ਜਾਂਦੇ ਹਨ। ਇਸ ਤੋਂ ਬਿਨਾਂ ਕ੍ਰਿਸ਼ੀ ਵਿਗਿਆਨ ਕੇਂਦਰ, ਕਿਸਾਨ ਸੇਵਾ ਕੇਂਦਰ ਹਨ। ਕਿਸਾਨ ਵੀਰ ਖੁਦ ਜਾ ਕੇ ਉਹਨਾਂ ਨੂੰ ਤਾਂ ਮਿਲ ਹੀ ਸਕਦੇ ਹਨ ਅਤੇ ਆਪਣੀਆਂ ਸਮੱਸਿਆਵਾਂ ਬਾਰੇ ਦੱਸ ਸਕਦੇ ਹਨ। ਬਿਜਲੀ ਬੋਰਡ ਦੇ ਕਰਮਚਾਰੀ ਵੀ ਕਿਸਾਨਾਂ ਨੂੰ ਲੁੱਟਣ ਵਿਚ ਕੋਈ ਕਸਰ ਨਹੀਂ ਛੱਡਦੇ। ਬਹੁਤ ਸਾਰੀਆਂ ਪ੍ਰਾਈਵੇਟ ਕੰਪਨੀਆਂ ਸਿੱਧੇ-ਅਸਿੱਧੇ ਢੰਗ ਨਾਲ ਕਿਸਾਨਾਂ ਨੂੰ ਊਲ ਜਲੂਲ ਵੇਚ ਹੀ ਜਾਂਦੀਆਂ ਹਨ।

**ਸਰਕਾਰ ਦੀ ਜ਼ਿੰਮੇਵਾਰੀ**- ਕਿਸਾਨਾਂ ਦੀ ਮਾੜੀ ਦਸ਼ਾ ਲਈ ਸਰਕਾਰ ਵੀ ਘੱਟ ਜ਼ਿੰਮੇਵਾਰ ਨਹੀਂ। ਜਦੋਂ ਝੋਨੇ ਦੀ ਬਿਜਾਈ ਹੋਈ ਹੁੰਦੀ ਹੈ ਤਾਂ ਬਿਜਲੀ ਦੇ ਕੱਟ ਲਗਾਏ ਜਾਂਦੇ ਹਨ, ਡੀਜ਼ਲ ਦੇ ਰੇਟ ਵਧਾਏ ਜਾਂਦੇ ਹਨ ਅਤੇ ਜਦ ਕਿਸਾਨ ਪਾਣੀ ਦੀ ਕਮੀ ਕਾਰਨ ਝੋਨਾ ਵਾਹੁਣ ਦੀ ਤਿਆਰੀ ਕਰਨ ਲੱਗਦੇ ਹਨ ਤਾਂ ਬਿਜਲੀ ਦੀ ਖਰੀਦੋ-ਫਰੋਖਤ ਦੀਆਂ ਗੱਲਾਂ ਸ਼ੁਰੂ ਹੋ ਜਾਂਦੀਆਂ ਹਨ। ਕਈ-ਕਈ ਦਿਨ ਜੇ ਫਸਲ ਮੰਡੀਆਂ ਵਿਚ ਰੁਲੇ ਤਾਂ ਕਿਸਾਨ ਕੀ ਕਰਨ। ਫਸਲ ਦਾ ਮੁੱਲ ਨਿਰਧਾਰਿਤ ਕਰਨ ਲਈ ਬਹੁਤ ਸਮਾਂ ਕਿਉਂ ਲਗਾਇਆ ਜਾਂਦਾ ਹੈ। ਮੰਡੀਆਂ ਵਿਚ ਫਸਲ ਨੂੰ ਮੀਂਹ, ਹਨੇਰੀ ਤੋਂ ਬਚਾਉਣ ਦੇ ਅਗਾਊਂ ਪ੍ਰਬੰਧ ਕਿਉਂ ਨਹੀਂ ਕੀਤੇ ਜਾਂਦੇ। ਇਸ ਸਭ ਲਈ ਸਰਕਾਰ ਜ਼ਿੰਮੇਵਾਰ ਹੈ ਅੰਤ ਵਿਚ ਜੇ ਅਸੀਂ ਸਭ ਗੱਲਾਂ ਦਾ ਨਿਚੋੜ ਕੱਢੀਏ ਤਾਂ ਪਤਾ ਲੱਗਦਾ ਹੈ ਕਿ ਕੋਈ ਇਕ ਵਿਅਕਤੀ ਵਿਸ਼ੇਸ਼ ਕਿਸਾਨੀ ਦੇ ਨਿਘਾਰ ਦਾ ਜ਼ਿੰਮੇਵਾਰ ਨਹੀਂ ਸਗੋਂ ਕਿਸਾਨੀ ਨਾਲ ਜੁੜਿਆ ਹਰੇਕ ਇਨਸਾਨ, ਕਿਸਾਨ ਤੋਂ ਲੈ ਕੇ ਸਰਕਾਰ ਤੱਕ ਸਭ ਇਸ ਲਈ ਬਰਾਬਰ ਦੇ ਜ਼ਿੰਮੇਵਾਰ ਹਨ। ਇਸ ਸਭ ਤੋਂ ਬਚਣ ਲਈ ਇਹ ਜ਼ਰੂਰੀ ਹੈ ਕਿ ਅਸੀਂ ਆਪਣੀਆਂ ਜ਼ਿੰਮੇਵਾਰੀਆਂ ਦੂਜਿਆਂ 'ਤੇ ਨਾ ਸੁੱਟੀਏ ਅਤੇ ਸੁਚੇਤ ਹੋ ਕੇ ਆਪਣਾ ਫਰਜ਼ ਪਛਾਣੀਏ ਤੇ ਨਿਭਾਈਏ।

**-ਗੁਰਜੀਤ ਸਿੰਘ ਮਠਾੜੂ**

## ਸੰਪਾਦਕੀ

# ਪੰਜਾਬ ਵਿਚ ਮਿਲੀ ਰਲਵੀਂ-ਮਿਲਵੀਂ ਨੁਮਾਇੰਦਗੀ

ਪੰਜਾਬ ਦੀਆਂ 13 ਵਿੱਚੋਂ ਸੱਤ ਲੋਕ ਸਭਾ ਸੀਟਾਂ ਲੈ ਕੇ ਕਾਂਗਰਸ ਨੇ ਸਾਫ਼ ਤੌਰ 'ਤੇ ਰਾਜ ਵਿੱਚ ਆਪਣਾ ਦਬਦਬਾ ਕਾਇਮ ਰੱਖਿਆ ਹੈ ਅਤੇ 'ਆਪ' ਨੇ ਤਿੰਨ ਸੀਟਾਂ 'ਤੇ ਜਿੱਤ ਦਰਜ ਕਰ ਕੇ ਆਪਣੀ 2019 ਦੀ ਸਥਿਤੀ ਨੂੰ ਸੁਧਾਰਿਆ ਹੈ। ਹਾਲਾਂਕਿ ਕੁੱਲ ਮਿਲਾ ਕੇ ਇਨ੍ਹਾਂ ਨਤੀਜਿਆਂ 'ਚੋਂ ਕਈ ਹਿੱਸਿਆਂ 'ਚ ਵੰਡੇ ਪਰ ਜੀਵੰਤ ਲੋਕਤੰਤਰ ਦੀ ਝਲਕ ਦਿਸਦੀ ਹੈ। ਉਂਝ, ਪੰਜਾਬ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਸੱਜੇ ਪੱਖੀ ਭਾਰਤੀ ਜਨਤਾ ਪਾਰਟੀ ਨੂੰ ਲਗਭਗ ਪਾਸੇ ਹੀ ਕਰ ਦਿੱਤਾ ਹੈ। ਅਕਾਲੀ ਦਲ ਨੂੰ ਹਰਸਿਮਰਤ ਕੌਰ ਬਾਦਲ ਦੇ ਰੂਪ ਵਿੱਚ ਸਿਰਫ਼ ਇੱਕ ਸੀਟ ਮਿਲੀ ਹੈ ਜਦੋਂਕਿ ਭਾਜਪਾ ਦੇ ਪੱਲੇ ਰਾਜ ਨੇ ਕੁਝ ਵੀ ਨਹੀਂ ਪਾਇਆ। ਇਸ ਦਾ ਵੱਡਾ ਕਾਰਨ ਪੰਜਾਬ ਵੱਲੋਂ ਨਿਰੰਤਰ ਆਰਥਿਕ ਤੇ ਖੇਤੀ ਸੰਕਟ ਦਾ ਸਾਹਮਣਾ ਕਰਨਾ ਹੋ ਸਕਦਾ ਹੈ।

ਦੂਜੇ ਪਾਸੇ ਅੰਮ੍ਰਿਤਪਾਲ ਸਿੰਘ (ਜੇਲ੍ਹ 'ਚ ਬੰਦ 'ਵਾਰਿਸ ਪੰਜਾਬ ਦੇ' ਸੰਗਠਨ ਦਾ ਮੁਖੀ) ਅਤੇ ਸਰਬਜੀਤ ਸਿੰਘ ਖਾਲਸਾ (ਇੰਦਰਾ ਗਾਂਧੀ ਦੇ ਕਾਤਲ ਦਾ ਪੁੱਤਰ) ਜਿਨ੍ਹਾਂ ਨੂੰ ਕਥਿਤ ਤੌਰ 'ਤੇ ਆਜ਼ਾਦ ਖੜ੍ਹੇ ਕੱਟੜਵਾਦੀ ਮੰਨਿਆ ਜਾ ਰਿਹਾ ਸੀ, ਨੂੰ ਸੰਸਦ ਵਿੱਚ ਭੇਜ ਕੇ ਪੰਜਾਬ ਨੇ ਉੱਪਰ ਬੈਠੀਆਂ ਤਾਕਤਾਂ ਨੂੰ ਤਕੜਾ ਸੁਨੇਹਾ ਦਿੱਤਾ ਹੈ ਕਿ ਇਹ ਆਪਣੀ ਭੋਇੰ ਦੇ ਪੁੱਤਰਾਂ ਨਾਲ ਧੱਕੇਸ਼ਾਹੀ ਬਿਲਕੁਲ ਸਹਿਣ ਨਹੀਂ ਕਰੇਗਾ ਜਿਨ੍ਹਾਂ ਵਿੱਚੋਂ ਕਈ ਅਨਿਆਂਪੂਰਨ ਢੰਗ ਨਾਲ ਲੰਮੇ ਸਮੇਂ ਤੋਂ ਜੇਲ੍ਹਾਂ ਵਿੱਚ ਬੰਦ ਹਨ ਅਤੇ ਇਹ ਵੀ ਕਿ 1984 ਦਾ ਸਿੱਖ ਕਤਲੇਆਮ ਉਦੋਂ ਤੱਕ ਧਿਆਨ ਖਿੱਚਦਾ ਰਹੇਗਾ ਜਦੋਂ ਤੱਕ ਦੋਸ਼ੀ ਦੰਗਾਕਾਰੀਆਂ ਨੂੰ ਸਜ਼ਾ ਦੇ ਕੇ ਇਨਸਾਫ਼ ਨੂੰ ਅੰਜਾਮ ਤੱਕ ਨਹੀਂ ਪਹੁੰਚਾਇਆ ਜਾਂਦਾ। ਜ਼ਰੂਰੀ ਨਹੀਂ ਕਿ ਇਸ ਦਾ ਇਹ ਮਤਲਬ ਹੈ ਕਿ ਲੋਕ ਵੱਖਵਾਦ ਦਾ ਪੱਖ ਪੂਰ ਰਹੇ ਹਨ।

ਇਸ ਦੌਰਾਨ ਹਰਿਆਣਾ ਵਿੱਚ ਮੁਕਾਬਲਾ ਬਰਾਬਰ ਦਾ ਰਿਹਾ ਹੈ ਜਿੱਥੇ ਕਾਂਗਰਸ ਦਸ ਵਿੱਚੋਂ 5 ਸੀਟਾਂ 'ਤੇ ਕਬਜ਼ਾ ਕਰ ਕੇ ਸਿਆਸੀ ਭੂ-ਦ੍ਰਿਸ਼ 'ਚ ਮੁੜ ਪ੍ਰਮੁੱਖ ਧਿਰ ਵਜੋਂ ਉੱਭਰੀ ਹੈ ਤੇ ਭਾਰਤੀ ਜਨਤਾ ਪਾਰਟੀ ਨੂੰ ਝਟਕਾ ਲੱਗਿਆ ਹੈ। 2019 ਵਿਚ 'ਕਲੀਨ ਸਵੀਪ' ਕਰਨ ਵਾਲੀ ਭਾਰਤੀ ਜਨਤਾ ਪਾਰਟੀ ਨੂੰ ਰਾਜ ਵਿੱਚ ਇਸ ਵਾਰ ਪੰਜ ਸੀਟਾਂ ਨਾਲ ਹੀ ਸਬਰ ਕਰਨਾ ਪਿਆ ਹੈ। ਇਸ ਹਾਰ 'ਚੋਂ ਝਲਕਦਾ ਹੈ ਕਿ ਭਾਰਤੀ ਜਨਤਾ ਪਾਰਟੀ ਮਹਿੰਗਾਈ ਅਤੇ ਬੇਰੁਜ਼ਗਾਰੀ ਜਿਹੇ ਭਖਵੇਂ ਮੁੱਦਿਆਂ ਨੂੰ ਹੱਲ ਕਰਨ 'ਚ ਨਾਕਾਮ ਰਹੀ ਹੈ। ਦੂਜੇ ਪਾਸੇ ਹਿਮਾਚਲ ਪ੍ਰਦੇਸ਼ ਵਿਚ ਭਾਰਤੀ ਜਨਤਾ ਪਾਰਟੀ ਨੇ ਸਾਰੀਆਂ ਚਾਰ ਸੀਟਾਂ ਜਿੱਤ ਕੇ ਪਹਾੜੀ ਰਾਜ ਵਿਚ ਭਗਵਾ ਝੰਡਾ ਲਹਿਰਾ ਦਿੱਤਾ ਹੈ ਹਾਲਾਂਕਿ ਚੰਡੀਗੜ੍ਹ ਦੀ ਸੀਟ ਕਾਂਗਰਸ ਨੇ ਹਲਕੇ ਫ਼ਰਕ ਨਾਲ ਭਾਜਪਾ ਤੋਂ ਹਥਿਆ ਲਈ ਹੈ। ਨਤੀਜਿਆਂ ਵਿੱਚੋਂ ਨਿਕਲੀ ਠੋਸ ਵਿਰੋਧੀ ਧਿਰ ਕੇਂਦਰ ਵਿੱਚ ਜਮਹੂਰੀਅਤ ਦੀ ਮਜ਼ਬੂਤੀ 'ਚ ਸਹਾਈ ਸਿੱਧ ਹੋਵੇਗੀ।

# ਭਾਰਤ ਦਾ ਸੁਨੇਹਾ

ਭਾਰਤ ਦੇ ਵੋਟਰਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਬੁਲੰਦ ਅਤੇ ਸਪੱਸ਼ਟ ਸੁਨੇਹਾ ਦਿੱਤਾ ਹੈ: ਸਾਨੂੰ ਕਦੇ ਹਲਕੇ 'ਚ ਨਾ ਲੈਣਾ। 2024 ਦੀਆਂ ਆਮ ਚੋਣਾਂ ਵਿੱਚ ਭਾਜਪਾ ਦੀ ਅਗਵਾਈ ਵਾਲਾ ਐੱਨਡੀਏ ਬੇਸ਼ੱਕ 'ਇੰਡੀਆ' ਗੱਠਜੋੜ ਤੋਂ ਬਿਹਤਰ ਪ੍ਰਦਰਸ਼ਨ ਕਰਨ ਵਿੱਚ ਕਾਮਯਾਬ ਰਿਹਾ ਹੈ ਪਰ ਇਸ ਨੂੰ ਜ਼ੋਰਦਾਰ ਜਿੱਤ ਨਹੀਂ ਮੰਨਿਆ ਜਾ ਸਕਦਾ। ਐਗਜਿ ?ਟ ਪੋਲਾਂ (ਚੋਣ ਸਰਵੇਖਣਾਂ) ਵਿੱਚ ਵੱਡੀ ਜਿੱਤ ਦੇ ਕੀਤੇ ਦਾਅਵੇ ਅਸਲ 'ਚ ਕਿਤੇ ਨਜ਼ਰ ਨਹੀਂ ਆਏ; ਸੱਤਾਧਾਰੀ ਗੱਠਜੋੜ ਵੱਲੋਂ ਦਿੱਤਾ 'ਅਬਕੀ ਬਾਰ 400 ਪਾਰ' ਦਾ ਨਾਅਰਾ ਬਸ ਨਾਅਰਾ ਬਣ ਕੇ ਹੀ ਰਹਿ ਗਿਆ। ਵਿਰੋਧੀ ਧਿਰ ਨੂੰ ਦਬਾ ਕੇ ਗੋਡੇ ਟੇਕਣ ਲਈ ਮਜਬੂਰ ਕਰਨ ਦੀ ਭਾਜਪਾ ਵੱਲੋਂ ਕੀਤੀ ਗਈ ਹਰ ਸੰਭਵ ਕੋਸ਼ਿਸ਼ ਨਾਕਾਮ ਹੋ ਗਈ ਤੇ ਕਾਂਗਰਸ ਦੀ ਅਗਵਾਈ ਵਾਲੇ ਗੱਠਜੋੜ ਨੇ ਸੱਤਾਧਾਰੀਆਂ ਨੂੰ ਤਕੜੀ ਟੱਕਰ ਦਿੱਤੀ ਅਤੇ ਆਖਿ ?ਰਕਾਰ ਪ੍ਰਧਾਨ ਮੰਤਰੀ ਮੋਦੀ, ਬਦਲਾਓ ਦੇ ਤੌਰ 'ਤੇ ਮੁਕੰਮਲ ਰੂਪ 'ਚ ਓਨੇ ਸਮਰੱਥ ਨਹੀਂ ਰਹੇ, ਉਨ੍ਹਾਂ ਨੂੰ ਹੁਣ ਆਪਣੀ ਸਰਕਾਰ ਕਾਇਮ ਰੱਖਣ ਲਈ ਖੇਤਰੀ ਨੇਤਾਵਾਂ ਜਿਵੇਂ ਨਿਤੀਸ਼ ਕੁਮਾਰ ਅਤੇ ਐੱਨ ਚੰਦਰਬਾਬੂ ਨਾਇਡੂ ਦੇ ਸਹਾਰੇ ਦੀ ਲੋੜ ਪਏਗੀ।

ਭਾਜਪਾ ਅੰਦਰੋ-ਅੰਦਰੀ ਜਾਣਦੀ ਹੈ ਕਿ ਜਦ ਅੱਗੇ ਵਧਣਾ ਮੁਸ਼ਕਿਲ ਹੋਵੇ ਤਾਂ ਕੁਝ ਪ੍ਰਭਾਵਸ਼ਾਲੀ ਸਾਥੀ ਕੰਮ ਆ ਸਕਦੇ ਹਨ। ਕੋਈ ਹੈਰਾਨੀ ਦੀ ਗੱਲ ਨਹੀਂ ਕਿ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੀ ਪਾਰਟੀ ਜਨਤਾ ਦਲ (ਯੂਨਾਈਟਿਡ) ਜਨਵਰੀ ਵਿੱਚ ਐੱਨਡੀਏ ਵਿੱਚ ਪਰਤੀ ਜਦੋਂਕਿ ਨਾਇਡੂ ਦੀ ਅਗਵਾਈ ਵਾਲੀ ਤੈਲਗੂ ਦੇਸਮ ਪਾਰਟੀ ਨੇ ਮਾਰਚ ਵਿਚ ਭਾਜਪਾ ਨਾਲ ਨਾਤਾ ਜੋੜਿ ?ਆ। ਭਾਜਪਾ ਨੇ ਉੜੀਸਾ ਵਿੱਚ ਬੀਜੂ ਜਨਤਾ ਜਲ ਦਾ ਗੜ੍ਹ ਤੋੜ ਕੇ ਚੰਗਾ ਪ੍ਰਦਰਸ਼ਨ ਕੀਤਾ ਹੈ ਅਤੇ ਦੱਖਣ ਵਿੱਚ ਵੀ ਵੱਡੀ ਕਾਮਯਾਬੀ ਹਾਸਿਲ ਕੀਤੀ ਹੈ ਪਰ ਉੱਤਰ ਪ੍ਰਦੇਸ਼ ਵਿੱਚ ਪਏ ਘਾਟੇ ਨੇ ਪਾਰਟੀ ਨੂੰ ਵੱਡਾ ਝਟਕਾ ਦਿੱਤਾ ਹੈ। ਅਯੁੱਧਿਆ ਵਿੱਚ ਰਾਮ ਮੰਦਰ ਦੇ ਉਦਘਾਟਨ ਨੂੰ ਭਾਜਪਾ ਨੇ ਪ੍ਰਧਾਨ ਮੰਤਰੀ ਮੋਦੀ ਦੇ ਦੂਜੇ ਕਾਰਜਕਾਲ ਦੀ ਸਭ ਤੋਂ ਵੱਡੀ ਉਪਲਬਧੀ ਵਜੋਂ ਪੇਸ਼ ਕੀਤਾ ਸੀ ਪਰ ਇਹ ਵੱਡਾ ਕਾਰਜ ਵੀ ਭਗਵਾ ਪਾਰਟੀ ਲਈ ਯੂਪੀ ਵਿੱਚ ਕੋਈ ਕ੍ਰਿਸ਼ਮਾ ਨਹੀਂ ਕਰ ਸਕਿਆ ਜਦੋਂਕਿ ਚੁਣਾਵੀ ਤੇ ਸਿਆਸੀ ਸਮੀਕਰਨਾਂ ਦੇ ਪੱਖ ਤੋਂ ਇਹ ਦੇਸ਼ ਦਾ ਸਭ ਤੋਂ ਮਹੱਤਵਪੂਰਨ ਸੂਬਾ ਹੈ। ਸਮਾਜਵਾਦੀ ਪਾਰਟੀ-ਕਾਂਗਰਸ ਦੇ ਗੱਠਜੋੜ ਨੇ ਸ਼ਾਨਦਾਰ ਪ੍ਰਦਰਸ਼ਨ ਨਾਲ ਉੱਥੇ ਭਾਜਪਾ ਦੀਆਂ ਸਾਰੀਆਂ ਗਿਣਤੀਆਂ-ਮਿਣਤੀਆਂ ਫੇਲ੍ਹ ਕਰ ਦਿੱਤੀਆਂ। ਲੀਹੋਂ ਲੱਥੀ ਕਾਂਗਰਸ ਜਿਸ ਦਾ ਵੱਕਾਰ ਇਨ੍ਹਾਂ ਚੋਣਾਂ ਵਿਚ ਦਾਅ ਉੱਤੇ ਲੱਗਾ ਹੋਇਆ ਸੀ, ਨੇ 2019 ਨਾਲੋਂ ਕਰੀਬ ਦੁੱਗਣੀਆਂ ਸੀਟਾਂ ਜਿੱਤ ਕੇ ਨਿੱਗਰ ਵਾਪਸੀ ਕੀਤੀ ਹੈ।

ਭਾਰਤੀ ਲੋਕਤੰਤਰ ਲਈ ਚੰਗੀ ਖ਼ਬਰ ਇਹ ਹੈ ਕਿ ਦੇਸ਼ ਦੇ 'ਵਿਰੋਧੀ ਧਿਰ ਤੋਂ ਮੁਕਤ' ਹੋਣ ਦਾ ਹੁਣ ਕੋਈ ਖ਼ਤਰਾ ਨਹੀਂ ਹੈ। ਭਾਰਤੀ ਸੰਵਿਧਾਨ ਵਿਚ ਵੱਡੀਆਂ ਤਬਦੀਲੀਆਂ ਦੇ ਜਿਹੜੇ ਖ਼ਦਸ਼ੇ ਜ਼ਾਹਿਰ ਕੀਤੇ ਜਾ ਰਹੇ ਹਨ, ਉਨ੍ਹਾਂ ਨੂੰ ਠੱਲ੍ਹ ਪੈ ਜਾਵੇਗੀ; ਕਹਿਣ ਦਾ ਭਾਵ ਹੁਣ ਭਾਜਪਾ ਤਾਨਾਸ਼ਾਹੀ ਵਾਲਾ ਵਿਹਾਰ ਅਖ਼ਤਿਆਰ ਨਹੀਂ ਕਰ ਸਕੇਗੀ ਜਿਸ ਤਰ੍ਹਾਂ ਦਾ ਵਿਹਾਰ ਪਿਛਲੇ ਸਮੇਂ ਦੌਰਾਨ ਕੁਝ ਮਾਮਲਿਆਂ ਵਿੱਚ ਸਾਹਮਣੇ ਆਇਆ ਸੀ। ਹੁਣ ਪਾਰਟੀ ਪਹਿਲਾਂ ਵਾਂਗ ਮਨਮਰਜ਼ੀ ਨਹੀਂ ਕਰ ਸਕੇਗੀ। ਭਾਜਪਾ ਨੂੰ ਨਾ ਸਿਰਫ ਇਸ ਦੇ ਸਹਿਯੋਗੀ ਦਲ ਸਗੋਂ ਕਾਂਗਰਸ ਤੇ ਇਸ ਦੇ ਸਾਥੀ ਹੁਣ ਕਈ ਸਮਾਜਿਕ-ਆਰਥਿਕ ਮੁੱਦਿਆਂ ਉੱਤੇ ਪੱਬਾਂ ਭਾਰ ਰੱਖਣਗੇ।

ਇਨ੍ਹਾਂ ਮੁੱਦਿਆਂ 'ਚ ਬੇਰੁਜ਼ਗਾਰੀ, ਮਹਿੰਗਾਈ ਤੇ ਵਧਦੀ ਨਾ-ਬਰਾਬਰੀ ਸ਼ਾਮਿਲ ਹਨ ਜਿਨ੍ਹਾਂ ਵੋਟਰਾਂ ਦੀ ਚੋਣ ਨੂੰ ਕਾਫੀ ਪ੍ਰਭਾਵਿਤ ਕੀਤਾ ਹੈ।

ਨਵੀਂ ਸਰਕਾਰ ਨੂੰ ਇਨ੍ਹਾਂ ਦਾ ਹੱਲ ਤਰਜੀਹੀ ਆਧਾਰ ਉੱਤੇ ਕਰਨਾ ਪਏਗਾ। ਇਸ ਦੇ ਨਾਲ ਹੀ ਹੁਣ ਕਾਂਗਰਸ ਪਾਰਟੀ ਅਤੇ ਇਸ ਦੀਆਂ ਭਾਈਵਾਲ ਪਾਰਟੀ ਲਈ ਵੀ ਅਗਾਂਹ ਕੁਝ ਕਰ ਦਿਖਾਉਣ ਦਾ ਵੇਲਾ ਹੈ। ਭਾਰਤੀ ਜਨਤਾ ਪਾਰਟੀ ਉੱਤੇ ਪਿਛਲੇ ਦਸ ਸਾਲਾਂ ਦੌਰਾਨ ਜਮਹੂਰੀਅਤ ਨੂੰ ਖੋਰਾ ਲਾਉਣ ਦੇ ਜਿਹੜੇ ਦੋਸ਼ ਲਗਦੇ ਰਹੇ ਹਨ, ਉਸ ਪ੍ਰਸੰਗ ਵਿਚ ਹੁਣ ਵਿਰੋਧੀ ਧਿਰ ਉੱਤੇ ਇਸ ਨੂੰ ਡੱਕ ਕੇ ਰੱਖਣ ਦੀ ਵੱਡੀ ਜ਼ਿੰਮੇਵਾਰੀ ਆ ਗਈ ਹੈ।

# 2024 ਦੀਆਂ ਚੋਣਾਂ ਅਤੇ ਭਵਿੱਖ ਦੀ ਰਾਜਨੀਤੀ

**ਜਗਰੂਪ ਸਿੰਘ ਸੇਖੋਂ**




ਦੇਸ਼ ਦੀਆਂ 18ਵੀਆਂ ਲੋਕ ਸਭਾ ਚੋਣਾਂ ਸੱਤ ਪੜਾਵਾਂ ਵਿੱਚ 19 ਅਪਰੈਲ ਤੋਂ ਸ਼ੁਰੂ ਹੋ ਕੇ ਪਹਿਲੀ ਜੂਨ ਨੂੰ ਸਮਾਪਤ ਹੋਈਆਂ। ਪੰਜਾਬ ਵਿੱਚ ਵੋਟਾਂ ਸੱਤਵੇਂ ਪੜਾਅ ਦੌਰਾਨ ਪਈਆਂ। ਇਨ੍ਹਾਂ ਚੋਣਾਂ ਵਿੱਚ ਕੇਵਲ 62.80 ਫ਼ੀਸਦੀ ਲੋਕਾਂ ਨੇ ਹਿੱਸਾ ਲਿਆ ਜਿਹੜਾ 2019 ਵਿੱਚ 65.77 ਫ਼ੀਸਦੀ ਅਤੇ 2014 ਵਿੱਚ 70.60 ਫ਼ੀਸਦੀ ਸੀ। ਇਹ ਚੋਣਾਂ ਸਿਵਾਇ ਅਜਨਾਲੇ ਦੇ ਨੇੜੇ ਪਿੰਡ ਵਿੱਚ ਇਕ ਸ਼ਖ਼ਸ ਦੇ ਕਤਲ ਤੋਂ, ਆਮ ਤੌਰ 'ਤੇ ਸ਼ਾਂਤੀ ਨਾਲ ਸਮਾਪਤ ਹੋ ਗਈਆਂ। ਮੋਟੇ ਤੌਰ 'ਤੇ ਇਨ੍ਹਾਂ ਚੋਣਾਂ ਵਿੱਚ ਲੋਕਾਂ ਦਾ ਉਤਸ਼ਾਹ ਕਾਫ਼ੀ ਮੱਠਾ ਰਿਹਾ ਕਿਉਂਕਿ ਰਾਜਨੀਤਕ ਪਾਰਟੀਆਂ ਦੁਆਰਾ ਲੰਮੇ ਸਮੇਂ ਤੋਂ ਲੋਕਾਂ ਦੇ ਢਾਂਚਾਗਤ ਮੁੱਦੇ ਅਣਗੌਲੇ ਕੀਤੇ ਗਏ। ਪੰਜਾਬ ਉਨ੍ਹਾਂ ਰਾਜਾਂ ਵਿੱਚੋਂ ਇੱਕ ਹੈ ਜਿੱਥੇ ਚੋਣਾਂ ਵਿੱਚ ਲੋਕਾਂ ਦੀ ਭਾਗੀਦਾਰੀ ਦੇਸ਼ ਭਰ ਵਿੱਚੋਂ ਹਮੇਸ਼ਾ ਜਿ ?ਆਦਾ ਰਹਿੰਦੀ ਸੀ।

ਪੰਜਾਬ ਵਿੱਚ ਇਨ੍ਹਾਂ ਚੋਣਾਂ ਵਿੱਚ ਕੁਲ ਉਮੀਦਵਾਰਾਂ ਦੀ ਗਿਣਤੀ 329 ਸੀ; 2019 ਵਿੱਚ ਇਹ 266 ਸੀ। ਇਸ ਵਿੱਚੋਂ 'ਨੋਟਾ' ਵੀ ਇੱਕ ਉਮੀਦਵਾਰ ਦੇ ਤੌਰ 'ਤੇ ਗਿਣਿਆ ਜਾਂਦਾ ਹੈ। ਪੰਜਾਬ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਸੀ ਕਿ ਮੁਕਾਬਲਾ ਚਾਰ ਤੋਂ ਵੱਧ ਧਿਰਾਂ ਵਿਚਕਾਰ ਸੀ ਜਿਨ੍ਹਾਂ ਵਿੱਚ ਸ਼੍ਰੋਮਣੀ ਅਕਾਲੀ ਦਲ, ਭਾਜਪਾ, ਕਾਂਗਰਸ, ਆਮ ਆਦਮੀ ਪਾਰਟੀ, ਬੀਐੱਸਪੀ ਤੇ ਹੋਰ ਪਾਰਟੀਆਂ ਸ਼ਾਮਿਲ ਹਨ। ਇਸ ਤੋਂ ਇਲਾਵਾ ਖਡੂਰ ਸਾਹਿਬ ਅਤੇ ਫਰੀਦਕੋਟ ਤੋਂ ਦੋ ਆਜ਼ਾਦ ਉਮੀਦਵਾਰ ਸਨ ਜਿਨ੍ਹਾਂ ਨੂੰ ਗਰਮਖਿਆਲ ਲੋਕਾਂ ਜਾਂ ਜਥੇਬੰਦੀਆਂ ਦੀ ਹਮਾਇਤ ਪ੍ਰਾਪਤ ਹੈ। ਇਸ ਤਰੀਕੇ ਨਾਲ ਪੰਜਾਬ ਵਿੱਚ ਹੋਣ ਵਾਲੀਆਂ ਚੋਣਾਂ 'ਤੇ ਦੇਸ਼ ਅਤੇ ਦੁਨੀਆ ਭਰ ਦੇ ਲੋਕਾਂ ਦੀ ਨਜ਼ਰ ਰਹੀ। ਇਨ੍ਹਾਂ ਨਤੀਜਿਆਂ ਦਾ ਅਸਰ ਨਾ ਕੇਵਲ ਪੰਜਾਬ ਸਗੋਂ ਦੇਸ਼ ਦੀ ਰਾਜਨੀਤੀ 'ਤੇ ਪਵੇਗਾ।

ਇਹ ਚੋਣਾਂ ਪਿਛਲੀਆਂ ਚੋਣਾਂ ਵਾਂਗ ਹੀ ਕੇਂਦਰ ਵਿੱਚ ਬਣਨ ਵਾਲੀ ਸਰਕਾਰ ਦੇ ਹੱਕ ਵਿੱਚ ਦਿੱਤੇ ਫ਼ਤਵੇ ਦੇ ਖਿ ?ਲਾਫ਼ ਗਈਆਂ ਹਨ। 2019 ਵਿੱਚ ਮੁਲਕ ਵਿੱਚ ਨਰਿੰਦਰ ਮੋਦੀ ਦੀ ਲਹਿਰ ਹੋਣ ਦੇ ਬਾਵਜੂਦ ਕਾਂਗਰਸ ਪਾਰਟੀ ਨੂੰ ਪੰਜਾਬ ਦੀਆਂ ਕੁਲ 13 ਸੀਟਾਂ ਵਿੱਚੋਂ 8 ਮਿਲੀਆਂ ਸਨ; ਭਾਜਪਾ ਤੇ ਅਕਾਲੀ ਗੱਠਜੋੜ ਨੂੰ ਦੋ-ਦੋ ਅਤੇ ਆਮ ਆਦਮੀ ਪਾਰਟੀ ਨੂੰ ਇੱਕ ਸੀਟ ਮਿਲੀ ਸੀ। 2024 ਦੀਆਂ ਚੋਣਾਂ ਵਿੱਚ ਪੰਜਾਬ ਹੀ ਉੱਤਰ ਭਾਰਤ ਦਾ ਇਕੱਲਾ ਰਾਜ ਹੈ ਜਿੱਥੇ ਭਾਜਪਾ ਦਾ ਖਾਤਾ ਨਹੀਂ ਖੁੱਲ੍ਹਿਆ ਅਤੇ ਇਸ ਦੇ 5 ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋਈਆਂ ਹਨ ਭਾਵੇਂ ਇਸ ਨੇ ਹਰ ਹੀਲੇ ਆਪਣੇ ਸਾਧਨਾਂ ਅਤੇ ਤਾਕਤ ਦੀ ਵਰਤੋਂ ਕਰ ਕੇ ਲੋਕਾਂ, ਖ਼ਾਸ ਕਰ ਕੇ ਹਿੰਦੂ ਤੇ ਦਲਿਤ ਭਾਈਚਾਰੇ ਨੂੰ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕੀਤੀ। ਪ੍ਰਧਾਨ ਮੰਤਰੀ ਦੀਆਂ ਚਾਰ ਰੈਲੀਆਂ ਵੀ ਭਾਜਪਾ ਲਈ ਕੋਈ ਰਾਜਨੀਤਕ ਜ਼ਮੀਨ ਤਿਆਰ ਨਹੀਂ ਕਰ ਸਕੀਆਂ।

ਕਾਂਗਰਸ ਪਾਰਟੀ ਇਸ ਵਾਰ ਫਿਰ ਕੁੱਲ ਪਈਆਂ ਵੋਟਾਂ ਦਾ 26.3 ਫ਼ੀਸਦੀ ਲੈ ਕੇ ਸੱਤ ਸੀਟਾਂ ਜਿੱਤਣ ਵਿੱਚ ਕਾਮਯਾਬ ਹੋਈ ਹੈ। ਸੂਬੇ ਵਿੱਚ ਸੱਤਾਧਾਰੀ ਆਮ ਆਦਮੀ ਪਾਰਟੀ 26.02 ਫ਼ੀਸਦੀ ਵੋਟ ਲੈ ਕੇ ਕੇਵਲ 3 ਸੀਟਾਂ ਹੀ ਜਿੱਤ ਸਕੀ। ਕਾਂਗਰਸ ਪਾਰਟੀ ਨੇ 2019 ਵਿੱਚ 40 ਫ਼ੀਸਦੀ ਵੋਟਾਂ ਲੈ ਕੇ 8 ਸੀਟਾਂ ਜਿੱਤੀਆਂ ਸਨ। ਆਮ ਆਦਮੀ ਪਾਰਟੀ 7.4 ਫ਼ੀਸਦੀ ਵੋਟਾਂ ਲੈ ਕੇ ਕੇਵਲ ਸੰਗਰੂਰ ਦੀ ਸੀਟ ਹੀ ਜਿੱਤ ਸਕੀ ਸੀ। ਪਾਰਟੀ ਦੇ ਬਾਕੀ 12 ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ ਸਨ। ਅਕਾਲੀ-ਭਾਜਪਾ ਗੱਠਜੋੜ ਨੂੰ 2-2 ਸੀਟਾਂ 'ਤੇ ਜਿੱਤ ਪ੍ਰਾਪਤ ਹੋਈ ਸੀ ਅਤੇ ਇਨ੍ਹਾਂ ਦਾ ਕ੍ਰਮਵਾਰ ਵੋਟ ਸ਼ੇਅਰ 27.8 ਫ਼ੀਸਦੀ ਤੇ 9.7 ਫ਼ੀਸਦੀ ਸੀ। ਇਸ ਵਾਰ ਅਕਾਲੀ ਦਲ ਕੇਵਲ ਆਪਣੀ ਰਵਾਇਤੀ ਸੀਟ ਬਠਿੰਡਾ ਹੀ ਜਿੱਤ ਸਕਿਆ ਤੇ ਕੁਲ ਪਈਆਂ ਵੋਟਾਂ ਦਾ ਕੇਵਲ 13.42 ਫ਼ੀਸਦੀ ਹੀ ਲੈ ਸਕਿਆ ਜੋ 1996 ਤੋਂ ਬਾਅਦ ਹੋਈਆਂ ਚੋਣਾਂ ਵਿੱਚ ਸਭ ਤੋਂ ਘੱਟ ਹੈ। ਇਹ ਆਉਣ ਵਾਲੇ ਸਮੇਂ ਵਿੱਚ ਪਾਰਟੀ ਲਈ ਵੱਡੀ ਚੁਣੌਤੀ ਹੈ। ਭਾਜਪਾ 18.56 ਫ਼ੀਸਦੀ ਵੋਟਾਂ ਲੈ ਕੇ ਵੀ ਆਪਣਾ ਖਾਤਾ ਨਹੀਂ ਖੋਲ੍ਹ ਸਕੀ। ਇਨ੍ਹਾਂ ਚੋਣਾਂ ਵਿੱਚ ਦੋ ਆਜ਼ਾਦ ਉਮੀਦਵਾਰਾਂ- ਖਡੂਰ ਸਾਹਿਬ ਤੋਂ ਅੰਮ੍ਰਿਤਪਾਲ ਸਿੰਘ ਤੇ ਫਰੀਦਕੋਟ ਤੋਂ ਸਰਬਜੀਤ ਸਿੰਘ ਦਾ ਬਿਨਾਂ ਸਾਧਨਾਂ ਤੋਂ ਵੱਡੇ ਪੱਧਰ ਦੀ ਜਿੱਤ ਪ੍ਰਾਪਤ ਕਰਨਾ ਮੌਜੂਦਾ ਰਾਜਨੀਤਕ ਪਾਰਟੀਆਂ, ਖ਼ਾਸ ਕਰ ਕੇ ਰਾਜ ਕਰ ਰਹੀ ਧਿਰ ਲਈ ਵੱਡੇ ਸਵਾਲ ਹਨ।

ਇਨ੍ਹਾਂ ਚੋਣ ਨਤੀਜਿਆਂ ਨੇ ਸਭ ਤੋਂ ਵੱਡੇ ਸਵਾਲ ਪੰਜਾਬ ਵਿੱਚ ਰਾਜ ਕਰ ਰਹੀ ਧਿਰ ਲਈ ਖੜ੍ਹੇ ਕੀਤੇ ਹਨ। ਪਾਰਟੀ ਨੇ 2022 ਵਿੱਚ 44 ਫ਼ੀਸਦੀ ਵੋਟਾਂ ਲੈ ਕੇ ਕੁੱਲ 117 ਸੀਟਾਂ ਵਿੱਚੋਂ 92 ਉੱਤੇ ਇਤਿਹਾਸਕ ਜਿੱਤ ਪ੍ਰਾਪਤ ਕੀਤੀ ਸੀ। ਆਮ ਆਦਮੀ ਪਾਰਟੀ ਅਤੇ ਕਾਂਗਰਸ ਵਿਚਕਾਰ ਪੰਜਾਬ ਨੂੰ ਛੱਡ ਕੇ ਰਾਜਨੀਤਕ ਸਮਝੌਤਾ ਸੀ ਪਰ ਮੁੱਖ ਮੰਤਰੀ ਭਗਵੰਤ ਮਾਨ ਪੰਜਾਬ ਵਿੱਚ 2022 ਦਾ ਇਤਿਹਾਸ ਦੁਹਰਾਉਣਾ ਚਾਹੁੰਦੇ ਸਨ। ਉਨ੍ਹਾਂ ਚੋਣਾਂ ਸ਼ੁਰੂ ਹੋਣ ਤੋਂ ਪਹਿਲਾਂ ਪਾਰਟੀ ਲਈ 13 ਸੀਟਾਂ 'ਤੇ ਜਿੱਤ ਦਾ ਦਾਅਵਾ ਕੀਤਾ ਸੀ ਪਰ ਕੇਵਲ ਤਿੰਨ ਸੀਟਾਂ ਜਿੱਤਣ ਨਾਲ ਉਨ੍ਹਾਂ ਦੇ ਅਕਸ ਅਤੇ ਪ੍ਰਬੰਧਕੀ ਕਾਰਗੁਜ਼ਾਰੀ 'ਤੇ ਸਵਾਲ ਖੜ੍ਹੇ ਹੋ ਗਏ ਹਨ।

ਪਾਰਟੀ ਨੂੰ ਦੋ ਸਾਲ ਦੀ ਕਾਰਗੁਜ਼ਾਰੀ ਤੋਂ ਬਾਅਦ ਵੱਡੇ ਇਮਤਿਹਾਨ ਵਿਚੋਂ ਲੰਘਣਾ ਪਿਆ ਹੈ। ਜ਼ਮੀਨੀ ਹਾਲਾਤ ਦੱਸਦੇ ਹਨ ਕਿ ਉਹ 2022 ਵਿੱਚ ਲੋਕਾਂ ਦੁਆਰਾ ਦਿੱਤੇ ਵੱਡੇ ਫ਼ਤਵੇ 'ਤੇ ਖਰੇ ਉਤਰਨ ਵਿੱਚ ਕਾਫ਼ੀ ਹੱਦ ਤਕ ਨਾਕਾਮ ਹੋਏ ਲਗਦੇ ਹਨ। ਇਸ ਦਾ ਮੁੱਖ ਕਾਰਨ ਸਰਕਾਰ ਦਾ ਪੰਜਾਬ ਦੇ ਲੋਕਾਂ ਦੇ ਢਾਂਚਾਗਤ ਮੁੱਦਿਆਂ ਜਿਵੇਂ ਕਿਸਾਨੀ ਸੰਕਟ, ਨਸ਼ੇ, ਰਿਸ਼ਵਤਖੋਰੀ, ਕਾਨੂੰਨ ਵਿਵਸਥਾ ਤੇ ਰਾਜ ਪ੍ਰਬੰਧ ਵਿੱਚ ਸੁਧਾਰ ਕਰਨ ਦੇ ਮਾਮਲੇ ਵਿੱਚ ਜਿ ?ਆਦਾ ਕਾਮਯਾਬ ਨਹੀਂ ਹੋਏ। ਬਹੁਤ ਸਾਰੇ ਮੰਤਰੀਆਂ, ਵਿਧਾਇਕਾਂ ਅਤੇ ਹੋਰ ਪਾਰਟੀ ਤੋਂ ਆਏ ਨੇਤਾਵਾਂ ਨੂੰ ਚੋਣ ਲੜਾਉਣ ਨਾਲ ਵੀ ਪਾਰਟੀ ਦੇ ਅਕਸ ਨੂੰ ਫ਼ਰਕ ਪਿਆ ਹੈ। ਲੀਡਰ, ਪਾਰਟੀ ਅਤੇ ਦਿੱਲੀ ਦਰਬਾਰ ਦੇ ਅਹੁਦੇਦਾਰਾਂ ਦੀ ਪੰਜਾਬ ਦੇ ਲੋਕਾਂ ਦੇ ਮਨਾਂ ਵਿੱਚ ਪਹਿਲਾਂ ਜਿੰਨੀ ਚਾਹਤ ਨਹੀਂ ਰਹੀ ਹੈ। ਅਸਲ ਵਿੱਚ ਦੋ ਆਜ਼ਾਦ ਉਮੀਦਵਾਰਾਂ ਦੀ ਜਿੱਤ ਵੀ ਸਰਕਾਰ ਦੀਆਂ ਨਾਕਾਮੀਆਂ ਵਿੱਚੋਂ ਹੀ ਪੈਦਾ ਹੋਈਆਂ ਘਟਨਾਵਾਂ ਹਨ। ਜੇ ਪਾਰਟੀ ਅਤੇ ਸਰਕਾਰ ਦੇ ਕੰਮ-ਕਾਰ ਨੂੰ ਲੋਕ ਪੱਖੀ ਨਾ ਬਣਾਇਆ ਗਿਆ ਤਾਂ 2027 ਵਿੱਚ ਪਾਰਟੀ ਨੂੰ ਹੋਰ ਵੱਡੀ ਚੁਣੌਤੀ ਦਾ ਸਾਹਮਣਾ ਕਰਨਾ ਪਵੇਗਾ।

ਅਕਾਲੀ ਦਲ ਜਿਹੜਾ ਕਿਸੇ ਸਮੇਂ ਨਾ ਕੇਵਲ ਪੰਜਾਬ ਦੀ ਆਵਾਜ਼ ਬਣਦਾ ਸੀ ਸਗੋਂ ਕੇਂਦਰੀ ਪੱਧਰ 'ਤੇ ਰਾਜਾਂ ਦੇ ਅਧਿਕਾਰਾਂ ਦੀ ਵਕਾਲਤ ਕਰਦਾ ਹੁੰਦਾ ਸੀ, ਹੁਣ ਆਪਣੀ ਹੋਂਦ ਬਰਕਰਾਰ ਰੱਖਣ ਦੀ ਲੜਾਈ ਲੜ ਰਿਹਾ ਹੈ। 2014 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਪਾਰਟੀ ਵਿਧਾਨ ਸਭਾ ਅਤੇ ਲੋਕ ਸਭਾ ਚੋਣਾਂ ਵਿੱਚ ਲਗਾਤਾਰ ਪਛਾੜ ਖਾ ਰਹੀ ਹੈ। ਇਸ ਦੇ ਭਾਵੇਂ ਬਹੁਤ ਸਾਰੇ ਕਾਰਨ ਹਨ ਪਰ ਇਸ ਦੇ 2007-17 ਵਾਲੇ ਰਾਜ ਵਿਚ ਹੋਈਆਂ ਬਹੁਤ ਸਾਰੀਆਂ ਘਟਨਾਵਾਂ ਅਜੇ ਵੀ ਪਾਰਟੀ ਦੀ ਲੀਡਰਸ਼ਿਪ ਦਾ ਖਹਿੜਾ ਨਹੀਂ ਛੱਡ ਰਹੀਆਂ। ਪੰਜਾਬ ਦੇ ਬਹੁਤ ਸਾਰੇ ਲੋਕ ਅਜੇ ਵੀ ਪੰਜਾਬ ਦੇ ਵੱਡੇ ਮਸਲੇ ਕਿਸਾਨੀ ਸੰਕਟ, ਨਸ਼ਿਆਂ, ਰਿਸ਼ਵਤਖੋਰੀ, ਬਦਲਾਖੋਰੀ, ਧੱਕੇਸ਼ਾਹੀ ਆਦਿ ਲਈ ਦੂਜੀਆਂ ਪਾਰਟੀਆਂ ਦੇ ਨਾਲ-ਨਾਲ ਇਸ ਨੂੰ ਵੀ ਜਿ ?ਮੇਵਾਰ ਮੰਨਦੇ ਹਨ। ਅਕਾਲੀ ਦਲ ਦੀ ਭਾਜਪਾ ਨਾਲ ਭਾਈਵਾਲੀ ਨੇ ਵੀ ਇਸ ਦੇ ਅਕਸ ਨੂੰ ਸੱਟ ਮਾਰੀ ਹੈ ਤੇ ਇਹ ਆਪਣਾ ਰਵਾਇਤੀ ਰਾਜਨੀਤਕ ਆਧਾਰ, ਭਾਵ ਕਿਸਾਨੀ ਤੇ ਸਿੱਖ ਵੋਟਰ, ਕਾਫ਼ੀ ਹੱਦ ਤਕ ਗੁਆ ਚੁੱਕੀ ਹੈ। ਇਸ ਤੋਂ ਇਲਾਵਾ ਪਾਰਟੀ ਲੀਡਰਸ਼ਿਪ ਦੀ ਰਾਜਨੀਤਕ ਯੋਗਤਾ 'ਤੇ ਅਜੇ ਲੋਕਾਂ ਦਾ ਜਿ ?ਆਦਾ ਵਿਸ਼ਵਾਸ ਬਣਦਾ ਨਜ਼ਰ ਨਹੀਂ ਆ ਰਿਹਾ।


ਇਨ੍ਹਾਂ ਚੋਣਾਂ ਵਿੱਚ ਪੰਜਾਬ ਦੇ ਵੋਟਰਾਂ ਦਾ ਵੱਡਾ ਫ਼ਤਵਾ ਕਾਂਗਰਸ ਦੇ ਹੱਕ ਵਿੱਚ ਜਾਣ ਕਾਰਨ ਕਾਂਗਰਸ ਦਾ ਆਧਾਰ ਆਉਣ ਵਾਲੇ ਸਮੇਂ ਵਿੱਚ ਵਧੇਗਾ; ਲਗਦਾ ਹੈ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਮੁੱਖ ਮੁਕਾਬਲਾ ਆਮ ਆਦਮੀ ਪਾਰਟੀ ਅਤੇ ਕਾਂਗਰਸ ਵਿਚਕਾਰ ਹੋਵੇ। ਲੋਕਾਂ ਦਾ ਕਾਂਗਰਸ ਪਾਰਟੀ ਪ੍ਰਤੀ ਮੋਹ ਪਾਰਟੀ ਦੇ ਵੱਡੇ ਲੀਡਰਾਂ ਦਾ ਹੋਰ ਪਾਰਟੀਆਂ ਵਿੱਚ ਚਲੇ ਜਾਣ ਦੇ ਬਾਅਦ ਵੀ ਕਾਇਮ ਰਿਹਾ ਹੈ। ਮੌਜੂਦਾ ਸਮੇਂ ਵਿੱਚ ਇਸ ਦਾ ਮੁੱਖ ਕਾਰਨ ਕੇਂਦਰ ਸਰਕਾਰ ਖਿਲਾਫ ਕਾਂਗਰਸ ਆਗੂ ਰਾਹੁਲ ਗਾਂਧੀ ਦੀਆਂ ਭਾਰਤ ਜੋੜੋ ਯਾਤਰਾਵਾਂ ਤੋਂ ਬਾਅਦ 'ਰਾਜਨੀਤਕ ਮਨੁੱਖ' ਦੇ ਤੌਰ 'ਤੇ ਉਭਰ ਕੇ ਆਉਣਾ ਤੇ ਆਮ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਕਾਂਗਰਸ ਦੇ ਕੇਂਦਰੀ ਬਿੰਦੂ ਵਿੱਚ ਲਿਆਉਣਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੰਜਾਬ ਵਿੱਚ ਫਿਰਕੂ ਭਾਸ਼ਨਾਂ ਦੇ ਬਾਵਜੂਦ ਸਿੱਖ ਭਾਈਚਾਰੇ ਅਤੇ ਹੋਰਨਾਂ ਦਾ ਕਾਂਗਰਸ ਵਿੱਚ ਵਿਸ਼ਵਾਸ ਪੰਜਾਬ ਦੇ ਲੋਕਾਂ ਦੀ ਸਦਾ ਅਗਾਂਹ ਵਧਣ ਵਾਲੀ ਪ੍ਰਤੀਬੱਧਤਾ ਨੂੰ ਦਰਸਾਉਂਦਾ ਹੈ।

ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਚੋਣਾਂ ਦੇ ਨਤੀਜੇ ਪੰਜਾਬ ਦੀ ਰਾਜਨੀਤੀ 'ਤੇ ਵੱਡਾ ਅਸਰ ਕਰਨਗੇ। ਕਿਸਾਨੀ ਅੰਦੋਲਨ ਤੋਂ ਬਾਅਦ ਪੰਜਾਬ ਦੇ ਆਮ ਲੋਕ ਆਪਣੇ ਮੁੱਦੇ ਬਿਨਾਂ ਕਿਸੇ ਝਿਜਕ ਅਤੇ ਭੈਅ ਤੋਂ ਸਿਆਸਤਦਾਨਾਂ ਅੱਗੇ ਉਠਾ ਰਹੇ ਹਨ। ਇਹ ਗੱਲ ਵੀ ਦੇਖਣ ਨੂੰ ਮਿਲੀ ਕਿ ਰਾਜਨੀਤਕ ਜਮਾਤਾਂ ਦੇ ਵਿਹਾਰ ਵਿੱਚ ਕੋਈ ਤਬਦੀਲੀ ਨਹੀਂ ਆਈ, ਇਸੇ ਕਰ ਕੇ ਇਨ੍ਹਾਂ ਚੋਣਾਂ ਵਿੱਚ ਲੋਕਾਂ ਦੁਆਰਾ ਉਠਾਏ ਮੁੱਦੇ 2014 ਦੀਆਂ ਚੋਣਾਂ ਵਾਲੇ ਹੀ ਹਨ। ਇਹ ਉਹ ਮੁੱਦੇ ਸਨ ਜਿਸ ਕਰ ਕੇ ਪੰਜਾਬ ਵਿੱਚ ਬਿਨਾਂ ਕਿਸੇ ਢਾਂਚੇ ਅਤੇ ਪੈਸੇ ਨਾਲ ਉਸ ਸਮੇਂ ਆਮ ਆਦਮੀ ਪਾਰਟੀ ਨੇ 4 ਸੀਟਾਂ ਜਿੱਤੀਆਂ ਸਨ।

ਮੁੱਦਿਆਂ ਦੀ ਡੂੰਘਾਈ ਨਾਲ ਪੁਣ-ਛਾਣ ਤੋਂ ਬਾਅਦ ਪਤਾ ਲਗਦਾ ਹੈ ਕਿ ਮੁੱਦੇ ਤਾਂ ਉਹੀ ਹਨ ਪਰ ਰਾਜ ਕਰਨ ਵਾਲੀਆਂ ਧਿਰਾਂ ਬਦਲ ਜਾਂਦੀਆਂ ਹਨ। ਉਂਝ, ਇਹ ਵਰਤਾਰਾ ਵੀ ਲੋਕ ਜਿ ?ਆਦਾ ਦੇਰ ਸਹਿਣ ਨਹੀਂ ਕਰਨਗੇ ਅਤੇ ਖਡੂਰ ਸਾਹਿਬ ਤੇ ਫਰੀਦਕੋਟ ਵਰਗੇ ਨਵੇਂ ਵਰਤਾਰੇ ਰਾਜਨੀਤਕ ਪਾਰਟੀਆਂ ਲਈ ਸਵਾਲ ਪੈਦਾ ਕਰਦੇ ਰਹਿਣਗੇ।

***ਸਾਬਕਾ ਅਧਿਆਪਕ, ਰਾਜਨੀਤੀ ਸ਼ਾਸਤਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।**

# ਯੂਪੀ 'ਚ ਕਾਂਗਰਸ ਦਾ ਸ਼ਾਨਦਾਰ ਪ੍ਰਦਰਸ਼ਨ



ਕਾਂਗਰਸੀ ਉਮੀਦਵਾਰ ਕਿਸ਼ੋਰੀ ਲਾਲ ਜਿੱਤ ਦਾ ਜਸ਼ਨ ਮਨਾਉਂਦੇ ਹੋਏ।

**ਲਖਨਊ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਉੱਤਰ ਪ੍ਰਦੇਸ਼ ਵਿੱਚ ਪਿਛਲੇ ਤਿੰਨ ਦਹਾਕਿਆਂ ਤੋਂ ਸਿਆਸੀ ਜ਼ਮੀਨ ਤਲਾਸ਼ ਰਹੀ ਕਾਂਗਰਸ ਲਈ ਮੌਜੂਦਾ ਲੋਕ ਸਭਾ ਚੋਣਾਂ ਕਿਸੇ ਸੰਜੀਵਨੀ ਤੋਂ ਘੱਟ ਨਹੀਂ ਸਨ। ਕਾਂਗਰਸ ਸੂਬੇ ਵਿੱਚ 17 ਵਿੱਚੋਂ ਛੇ ਸੀਟਾਂ 'ਚੁੱਕੀ ਹੈ। ਸਾਲ 2019 ਵਿੱਚ ਹੋਈਆਂ ਪਿਛਲੀਆਂ ਲੋਕ ਸਭਾ ਚੋਣਾਂ ਅਤੇ ਉਸ ਤੋਂ ਬਾਅਦ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਯੂਪੀ ਵਿੱਚ ਆਪਣਾ ਸਭ ਤੋਂ ਖ਼ਰਾਬ ਪ੍ਰਦਰਸ਼ਨ ਕਰਨ ਵਾਲੀ ਕਾਂਗਰਸ ਨੇ ਇਸ ਵਾਰ ਆਮ ਚੋਣਾਂ ਵਿੱਚ ਸਮਾਜਵਾਦੀ ਪਾਰਟੀ ਨਾਲ ਮਿਲ ਕੇ ਸੂਬੇ ਦੀਆਂ 80 ਵਿੱਚੋਂ 17 ਸੀਟਾਂ 'ਤੇ ਚੋਣਾਂ ਲੜੀਆਂ ਹਨ।

ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਰਾਏਬਰੇਲੀ ਸੀਟ ਤੋਂ ਤਿੰਨ ਲੱਖ 90 ਹਜ਼ਾਰ 30 ਵੋਟਾਂ ਨਾਲ ਜਿੱਤ ਦਰਜ ਕੀਤੀ ਹੈ। ਇਸ ਤੋਂ ਇਲਾਵਾ ਨਹਿਰੂ-ਗਾਂਧੀ ਪਰਿਵਾਰ ਦੇ ਇੱਕ ਹੋਰ ਅਹਿਮ ਸਿਆਸੀ ਗੜ੍ਹ ਅਮੇਠੀ 'ਚ ਵੀ ਪਾਰਟੀ ਉਮੀਦਵਾਰ ਕਿਸ਼ੋਰੀ ਲਾਲ ਸ਼ਰਮਾ ਨੇ ਕੇਂਦਰੀ ਮੰਤਰੀ ਸਮ੍ਰਿਤੀ ਇਰਾਨੀ ਨੂੰ 1,67,196 ਵੋਟਾਂ ਨਾਲ ਹਰਾਇਆ ਹੈ। ਕਾਂਗਰਸੀ ਉਮੀਦਵਾਰ ਉੱਜਵਲ ਰਮਨ ਸਿੰਘ ਨੇ ਅਲਾਹਾਬਾਦ ਲੋਕ ਸਭਾ ਸੀਟ ਜਿੱਤ ਲਈ ਹੈ। ਜਦਕਿ ਇਸ ਤੋਂ ਪਹਿਲਾਂ ਅਮਿਤਾਭ ਬੱਚਨ ਨੇ 40 ਸਾਲ ਪਹਿਲਾਂ ਇਹ ਸੀਟ ਜਿੱਤੀ ਸੀ।

# ਪਟਿਆਲਾ 'ਚ ਲਗਾਤਾਰ ਛੇਵੀਂ ਚੋਣ ਹਾਰਿਆ ਅਕਾਲੀ ਦਲ

**ਪਟਿਆਲਾ, 7 ਜੂਨ -**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਨੇ ਭਾਵੇਂ ਪਟਿਆਲਾ ਸੰਸਦੀ ਸੀਟ 'ਤੇ ਚਾਰ ਵਾਰ ਸ਼ਾਨਦਾਰ ਜਿੱਤਾਂ ਵੀ ਦਰਜ ਕੀਤੀਆਂ ਹਨ, ਇਥੋਂ ਤੱਕ ਲਗਾਤਾਰ ਦੋ ਵਾਰ ਵੀ ਜਿੱਤ ਪਾਪਤ ਕੀਤੀ ਹੈ ਪਰ ਹੁਣ ਅਕਾਲੀ ਦਲ ਢਾਈ ਦਹਾਕਿਆਂ ਤੋਂ ਇਥੇ ਲਗਾਤਾਰ ਹਾਰਦਾ ਆ ਰਿਹਾ ਹੈ। ਅੱਜ ਦੇ ਨਤੀਜਿਆਂ ਦੌਰਾਨ ਪਟਿਆਲਾ 'ਚ ਅਕਾਲੀ ਦਲ ਦੀ ਲਗਾਤਾਰ ਹੋਈ ਇਹ ਛੇਵੀਂ ਹਾਰ ਹੈ। ਜਿਸ ਨੂੰ ਲੈ ਕੇ ਅਕਾਲੀ ਕਾਰਕੁਨ ਪਾਰਟੀ ਨੂੰ ਮੰਥਨ ਦੀ ਸਲਾਹ ਦੇਣ ਲੱਗੇ ਹਨ। ਯੂਥ ਅਕਾਲੀ ਆਗੂ ਕੁਲਵਿੰਦਰ ਲਵਲੀ ਨੇ ਬਿਆਨ ਜਾਰੀ ਕਰਕੇ ਪਾਰਟੀ ਹਾਈਕਮਾਨ ਨੂੰ ਕਿਹਾ ਹੈ ਕਿ ਢੁਕਵੇਂ ਉਮੀਦਵਾਰਾਂ ਅਤੇ ਸਖ਼ਤ ਮਿਹਨਤ ਦੇ ਬਾਵਜੂਦ ਵੀ ਐਤਕੀਂ ਫੇਰ ਅਕਾਲੀ ਨੂੰ ਹਾਰ ਦਾ ਸਾਹਮਣਾ ਕਰਨ ਦੇ ਮੱਦੇਨਜ਼ਰ ਪਾਰਟੀ ਨੂੰ ਮੰਥਨ ਕਰਨ ਦੀ ਲੋੜ ਹੈ। ਜ਼ਿਕਰਯੋਗ ਹੈ ਕਿ ਪਟਿਆਲਾ 'ਚ 1977 'ਚ ਅਕਾਲੀ ਦਲ ਦੇ ਗੁਰਚਰਨ ਸਿੰਘ ਟੌਹੜਾ, 1985 'ਚ ਚਰਨਜੀਤ ਵਾਲੀਆ ਸਮੇਤ 1996 ਅਤੇ 98 'ਚ ਲਗਾਤਾਰ ਦੋ ਵਾਰ ਪ੍ਰੋ. ਪ੍ਰੇਮ ਸਿੰਘ ਚੰਦੂਮਜਾਰਾ ਸੰਸਦ ਮੈਂਬਰ ਬਣ ਚੁੱਕੇ ਹਨ। ਪਰ 1999 ਤੋਂ ਬਾਅਦ ਅਕਾਲੀ ਦਲ ਲਗਾਤਾਰ ਹਾਰਦਾ ਹੀ ਆ ਰਿਹਾ ਹੈ ਤੇ ਐਤਕੀ ਅਕਾਲੀ ਉਮੀਦਵਾਰ ਐੱਨਕੇ ਸ਼ਰਮਾ ਦੇ ਰੂਪ 'ਚ ਪਾਰਟੀ ਲਗਾਤਾਰ ਛੇਵੀਂ ਵਾਰ ਹਾਰੀ ਹੈ। ਇਸ ਦੌਰਾਨ 1999 'ਚ ਸੁਰਜੀਤ ਰੱਖੜਾ, 2004 'ਚ ਕੈਪਟਨ ਕੰਵਲਜੀਤ ਸਿੰਘ, 2009 'ਚ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, 2014 'ਚ ਦੀਪਿੰਦਰ ਢਿੱਲੋਂ ਅਤੇ 2019 'ਚ ਫੇਰ ਸੁਰਜੀਤ ਰੱਖੜਾ ਅਕਾਲੀ ਉਮੀਦਵਾਰਾਂ ਵਜੋਂ ਚੋਣਾ ਹਾਰ ਚੁੱਕੇ ਹਨ।

ਐਤਕੀਂ ਪਹਿਲੀ ਵਾਰ ਸੀ ਕਿ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਨੇ ਆਪਣੀ ਮਰਜ਼ੀ ਮੁਤਾਬਕ ਕੇ ਸ਼ਰਮਾ ਦੇ ਰੂਪ 'ਚ ਪਹਿਲੀ ਵਾਰ ਹਿੰਦੂ ਚਿਹਰੇ ਨੂੰ ਚੋਣ ਮੈਦਾਨ 'ਚ ਉਤਾਰਿਆ ਸੀ। ਹਾਲਾਂਕਿ ਸ਼ਰਮਾ ਵੱਲੋਂ ਆਪਣੀ ਚੋਣ ਮੁਹਿੰਮ ਵੀ ਸ਼ਾਨਦਾਰ ਅਤੇ ਨਿਵੇਕਲੇ ਢੰਗ ਨਾਲ ਚਲਾਈ ਗਈ। ਬਾਵਜੂਦ ਇਸ ਦੇ ਉਹ ਚੌਥੇ ਨੰਬਰ 'ਤੇ ਆਏ ਹਨ, ਜਿਸ ਕਰ ਕੇ ਪਾਰਟੀ ਕਾਰਕੁਨਾ ਦਾ ਕਹਿਣਾ ਹੈ ਕਿ ਪਾਰਟੀ ਪ੍ਰਧਾਨ ਨੂੰ ਇਸ ਮਾਮਲੇ 'ਤੇ ਗੌਰ ਕਰਨੀ ਚਾਹੀਦੀ ਹੈ।

# ਪੰਜਾਬ ਵਿੱਚ 'ਹੱਥ' ਨੇ ਬਦਲੇ 'ਹਾਲਾਤ'

## ➤ ਕਾਂਗਰਸ ਨੇ ਸੱਤ ਸੀਟਾਂ ਜਿੱਤੀਆਂ, 'ਆਪ' ਦੇ ਹਿੱਸੇ ਤਿੰਨ ਸੀਟਾਂ ਆਈਆਂ ➤ ਹਰਸਿਮਰਤ ਬਠਿੰਡਾ ਤੋਂ ਜਿੱਤੀ, ਪਰ ਅਕਾਲੀ ਦਲ ਤੇ ਭਾਜਪਾ ਨੇ ਅੱਡੋ-ਅੱਡ ਚੋਣ ਲੜਨ ਦਾ ਭੁਗਤਿਆ ਖ਼ਮਿਆਜ਼ਾ



ਗੁਰਮੀਤ ਮੀਤ ਹੇਅਰ
ਸੰਗਰੂਰ



ਚਰਨਜੀਤ ਚੰਨੀ
ਜਲੰਧਰ



ਹਰਸਿਮਰਤ ਬਾਦਲ
ਬਠਿੰਡਾ



ਅੰਮ੍ਰਿਤਪਾਲ ਸਿੰਘ
ਖਡੂਰ ਸਾਹਿਬ

**ਚੰਡੀਗੜ੍ਹ, 7 ਜੂਨ -**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਚੋਣਾਂ 'ਚ ਪੰਜਾਬ ਨੇ ਕਾਂਗਰਸ ਦਾ 'ਹੱਥ' ਫੜਿਆ ਹੈ। ਪੰਜਾਬੀਆਂ ਨੇ ਇਨ੍ਹਾਂ ਚੋਣਾਂ ਵਿਚ ਸੱਤਾਧਾਰੀਆਂ ਦੇ ਉਲਟ ਭੁਗਤਣ ਦੀ ਆਪਣੀ ਰਵਾਇਤ ਨੂੰ ਵੀ ਕਾਇਮ ਰੱਖਿਆ। ਕਾਂਗਰਸ ਨੂੰ ਪੰਜਾਬ ਦੀਆਂ 13 ਸੀਟਾਂ 'ਚੋਂ ਸੱਤ ਸੀਟਾਂ ਮਿਲੀਆਂ ਹਨ ਜਦੋਂ ਕਿ 'ਆਪ' ਦੇ ਹਿੱਸੇ ਤਿੰਨ ਸੀਟਾਂ ਆਈਆਂ ਹਨ। ਸ਼੍ਰੋਮਣੀ ਅਕਾਲੀ ਦਲ ਬਠਿੰਡਾ ਸੀਟ ਜਿੱਤ ਕੇ ਆਪਣਾ ਗੜ੍ਹ ਬਚਾਉਣ ਵਿਚ ਸਫਲ ਰਿਹਾ ਹੈ ਜਦੋਂ ਕਿ ਭਾਜਪਾ ਨੂੰ ਪੰਜਾਬੀਆਂ ਨੇ ਕੋਈ ਬਹੁਤਾ ਹੁੰਗਾਰਾ ਨਹੀਂ ਦਿੱਤਾ ਹੈ। ਉਂਜ, ਕਿਸਾਨ ਜਥੇਬੰਦੀਆਂ ਦੇ ਵਿਰੋਧ ਦੇ ਬਾਵਜੂਦ ਭਾਜਪਾ ਆਪਣਾ ਵੋਟ ਸ਼ੇਅਰ ਵਧਾ ਸਕੀ ਹੈ, ਪਰ ਵੋਟ ਫੀਸਦ ਦੁੱਗਣਾ ਕਰਨ ਵਿਚ ਫ਼ੇਲ੍ਹ ਰਹੀ ਹੈ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਸਾਕਾ ਨੀਲਾ ਤਾਰਾ ਦੇ ਬਰਸੀ ਦਿਹਾੜੇ ਦੇ ਹਵਾਲੇ ਨਾਲ ਜਿੱਤ ਦੇ ਜਸ਼ਨ ਮਨਾਉਣ ਤੋਂ ਗੁਰੇਜ਼ ਕਰਨ ਦੀ ਕੀਤੀ ਅਪੀਲ ਕਰਕੇ ਬਹੁਤੇ ਉਮੀਦਵਾਰਾਂ ਨੇ ਜਥੇਦਾਰ ਦੇ ਹੁਕਮਾਂ 'ਤੇ ਫੁੱਲ ਚੜ੍ਹਾਏ। 'ਇੰਡੀਆ ਗੱਠਜੋੜ' ਵਿਚ ਮੁੱਖ ਹਿੱਸੇਦਾਰ ਹੋਣ ਦੇ ਬਾਵਜੂਦ ਪੰਜਾਬ ਵਿਚ 'ਆਪ' ਅਤੇ ਕਾਂਗਰਸ ਨੇ ਵੱਖੋ-ਵੱਖ ਹੋ ਕੇ ਚੋਣਾਂ ਲੜੀਆਂ, ਪਰ ਗੱਠਜੋੜ ਦੀ ਝੋਲੀ ਪੰਜਾਬ 'ਚੋਂ 10 ਸੀਟਾਂ ਪੈ ਗਈਆਂ ਹਨ। 'ਆਪ' ਨੇ ਚੋਣ ਮੈਦਾਨ ਵਿਚ ਪੰਜ ਕੈਬਨਿਟ ਮੰਤਰੀ ਉਤਾਰੇ ਸਨ ਜਿਨ੍ਹਾਂ 'ਚੋਂ ਸਿਰਫ਼ ਸੰਗਰੂਰ ਤੋਂ ਗੁਰਮੀਤ ਸਿੰਘ ਮੀਤ ਹੇਅਰ ਹੀ ਜਿੱਤ ਸਕੇ। ਇਸੇ ਤਰ੍ਹਾਂ ਚੋਣ ਲੜ ਰਹੇ 'ਆਪ' ਦੇ ਤਿੰਨ ਵਿਧਾਇਕਾਂ ਨੂੰ ਵੀ ਸਫਲਤਾ ਨਹੀਂ ਮਿਲੀ। ਪੰਜਾਬ ਵਿਚ ਸਭ ਤੋਂ ਵੱਡੀ ਜਿੱਤ ਹਲਕਾ ਖਡੂਰ ਸਾਹਿਬ ਤੋਂ ਆਜ਼ਾਦ ਉਮੀਦਵਾਰ ਅਤੇ 'ਵਾਰਸ ਪੰਜਾਬ ਦੇ' ਜਥੇਬੰਦੀ ਦੇ ਆਗੂ ਅੰਮ੍ਰਿਤਪਾਲ ਸਿੰਘ ਨੇ ਦਰਜ ਕੀਤੀ। ਇਸ ਵੇਲੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਐੱਨਐੱਸਏ ਤਹਿਤ ਬੰਦ ਅੰਮ੍ਰਿਤਪਾਲ ਸਿੰਘ ਨੇ ਆਪਣੇ ਵਿਰੋਧੀ ਕਾਂਗਰਸੀ ਉਮੀਦਵਾਰ ਕੁਲਵੀਰ ਸਿੰਘ ਜ਼ੀਰਾ ਨੂੰ 1,97,120 ਵੋਟਾਂ ਦੇ ਫ਼ਰਕ ਨਾਲ ਹਰਾਇਆ। ਖਡੂਰ ਸਾਹਿਬ ਹਲਕੇ (ਪੁਰਾਣਾ ਤਰਨ ਤਾਰਨ) ਨੇ ਜੇਲ੍ਹ 'ਚ ਬੰਦ ਕਿਸੇ ਉਮੀਦਵਾਰ ਨੂੰ ਦੂਜੀ ਵਾਰ ਜਿਤਾਇਆ ਹੈ। ਇਸ ਤੋਂ ਪਹਿਲਾਂ ਜੇਲ੍ਹ 'ਚ ਬੰਦ ਸਿਮਰਨਜੀਤ ਸਿੰਘ ਮਾਨ ਨੂੰ 1989 ਦੀਆਂ ਚੋਣਾਂ ਵਿਚ ਜਿਤਾਇਆ ਸੀ।

ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਲਈ ਜ਼ਿੰਮੇਵਾਰ ਸ਼ਹੀਦ ਬੇਅੰਤ ਸਿੰਘ ਦੇ ਲੜਕੇ ਸਰਬਜੀਤ ਸਿੰਘ ਖ਼ਾਲਸਾ ਨੇ ਹਲਕਾ ਫ਼ਰੀਦਕੋਟ ਤੋਂ ਵਿਰੋਧੀ 'ਆਪ' ਉਮੀਦਵਾਰ ਕਰਮਜੀਤ ਅਨਮੋਲ ਨੂੰ 70,053 ਵੋਟਾਂ ਦੇ ਫ਼ਰਕ ਨਾਲ ਹਰਾਇਆ ਹੈ। ਖਡੂਰ ਸਾਹਿਬ ਅਤੇ ਫ਼ਰੀਦਕੋਟ ਹਲਕੇ ਵਿਚ ਬੰਦੀ ਸਿੰਘਾਂ ਦੀ ਰਿਹਾਈ, ਕਿਸਾਨੀ ਮੁੱਦੇ ਅਤੇ ਨਸ਼ਿਆਂ ਦੇ ਮੁੱਦੇ ਭਾਰੂ ਰਹੇ। ਉਧਰ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਨੂੰ ਆਪੋ ਆਪਣੇ ਰਾਹ ਵੱਖ ਕੀਤੇ ਜਾਣ ਦਾ ਖ਼ਮਿਆਜ਼ਾ ਭੁਗਤਣਾ ਪਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਆਪਣਾ ਸੰਗਰੂਰ ਵਿਚਲਾ ਕਿਲ੍ਹਾ ਬਚਾਉਣ ਵਿਚ ਸਫਲ ਰਹੇ ਹਨ ਜਿੱਥੇ 'ਆਪ' ਉਮੀਦਵਾਰ ਗੁਰਮੀਤ ਸਿੰਘ ਮੀਤ ਹੇਅਰ ਨੇ ਆਪਣੇ ਵਿਰੋਧੀ ਕਾਂਗਰਸੀ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਨੂੰ 1,72,560 ਵੋਟਾਂ ਦੇ ਫ਼ਰਕ ਨਾਲ ਹਰਾਇਆ ਹੈ। ਸਿਮਰਨਜੀਤ ਸਿੰਘ ਮਾਨ ਨੂੰ ਤੀਜੇ ਨੰਬਰ 'ਤੇ ਸਬਰ ਕਰਨਾ ਪਿਆ ਹੈ। ਸ਼੍ਰੋਮਣੀ ਅਕਾਲੀ ਦਲ ਇਸ ਸੀਟ 'ਤੇ ਪੰਜਵੇਂ ਨੰਬਰ 'ਤੇ ਆਇਆ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਤੇ ਗਿੱਦੜਬਾਹਾ ਤੋਂ ਵਿਧਾਇਕ ਅਮਰਿੰਦਰ ਰਾਜਾ ਵੜਿੰਗ ਨੇ ਲੁਧਿਆਣਾ ਤੋਂ ਭਾਜਪਾ ਉਮੀਦਵਾਰ ਰਵਨੀਤ ਬਿੱਟੂ ਨੂੰ 20,942 ਵੋਟਾਂ ਦੇ ਫ਼ਰਕ ਨਾਲ ਹਰਾਇਆ। ਵੜਿੰਗ ਨੂੰ 3,22,224 ਵੋਟਾਂ ਜਦੋਂਕਿ ਬਿੱਟੂ ਨੂੰ 3,01,282 ਵੋਟਾਂ ਪਈਆਂ।

ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਨੇ ਜਲੰਧਰ ਹਲਕੇ ਤੋਂ ਆਪਣੇ ਵਿਰੋਧੀ ਭਾਜਪਾ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਨੂੰ 1,75,993 ਵੋਟਾਂ ਦੇ ਫ਼ਰਕ ਨਾਲ ਹਰਾਇਆ ਹੈ। ਇਸ ਵੱਡੀ ਜਿੱਤ ਨੇ ਸਾਬਕਾ ਮੁੱਖ ਮੰਤਰੀ ਚੰਨੀ ਦੀ ਸਿਆਸੀ ਗੱਡੀ ਨੂੰ ਮੁੜ ਲੀਹ 'ਤੇ ਚਾੜ੍ਹ ਦਿੱਤਾ ਹੈ। ਗੁਰਦਾਸਪੁਰ ਤੋਂ ਸਾਬਕਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਵਿਰੋਧੀ ਭਾਜਪਾ ਉਮੀਦਵਾਰ ਦਿਨੇਸ਼ ਬੱਬੂ ਨੂੰ 82,861 ਵੋਟਾਂ ਦੇ ਫ਼ਰਕ ਨਾਲ ਹਰਾ ਕੇ ਆਪਣੇ ਸਿਆਸੀ ਕੱਦ ਨੂੰ ਹੋਰ ਉੱਚਾ ਕੀਤਾ ਹੈ। ਪੰਜਾਬ ਦੇ ਨਤੀਜੇ 'ਐਗਜ਼ਿਟ ਪੋਲ' ਦੇ ਐਨ ਉਲਟ ਰਹੇ ਹਨ। ਕਾਂਗਰਸ ਪਾਰਟੀ ਲਈ ਸੱਤ ਸੀਟਾਂ ਤੋਂ ਜਿੱਤ ਪੰਜਾਬ ਵਿਚ ਮੁੜ ਪੈਰ ਲਾਉਣ ਲਈ ਸਹਾਈ ਹੋਵੇਗੀ। 'ਆਪ' ਲਈ ਇਹ ਚੋਣ ਨਤੀਜੇ ਚੁਣੌਤੀ ਤੋਂ ਘੱਟ ਨਹੀਂ ਹਨ ਕਿਉਂਕਿ 'ਆਪ' ਦੇ ਜ਼ੀਰੋ ਬਿੱਲ, ਨਹਿਰੀ ਪਾਣੀ, ਬਿਜਲੀ ਸਪਲਾਈ ਤੇ ਸਰਕਾਰੀ ਨੌਕਰੀਆਂ ਦੇ ਮੁੱਦੇ ਬਹੁਤਾ ਰੰਗ ਨਹੀਂ ਦਿਖਾ ਸਕੇ।

'ਆਪ' ਦੇ ਅਨੰਦਪੁਰ ਸਾਹਿਬ ਤੋਂ ਮਲਵਿੰਦਰ ਸਿੰਘ ਕੰਗ ਨੇ ਵਿਰੋਧੀ ਕਾਂਗਰਸੀ ਉਮੀਦਵਾਰ ਵਿਜੇ ਇੰਦਰ ਸਿੰਗਲਾ ਨੂੰ 10,846 ਵੋਟਾਂ ਦੇ ਫ਼ਰਕ ਨਾਲ ਹਰਾਇਆ ਹੈ ਅਤੇ ਹੁਸ਼ਿਆਰਪੁਰ ਤੋਂ ਡਾ.ਰਾਜ ਕੁਮਾਰ ਚੱਬੇਵਾਲ ਨੇ ਵਿਰੋਧੀ ਕਾਂਗਰਸੀ ਉਮੀਦਵਾਰ ਯਾਮਿਨੀ ਗੋਮਰ ਨੂੰ 44,111 ਵੋਟਾਂ ਦੇ ਫ਼ਰਕ ਨਾਲ ਹਰਾਇਆ ਹੈ। ਸ਼੍ਰੋਮਣੀ ਅਕਾਲੀ ਦਲ ਨੂੰ ਇਨ੍ਹਾਂ ਚੋਣਾਂ ਵਿਚ ਕਰਾਰੀ ਹਾਰ ਮਿਲੀ ਹੈ ਅਤੇ ਬਠਿੰਡਾ ਸੀਟ ਤੋਂ ਹਰਸਿਮਰਤ ਕੌਰ ਬਾਦਲ ਨੇ 'ਆਪ' ਉਮੀਦਵਾਰ ਗੁਰਮੀਤ ਸਿੰਘ ਖੁੱਡੀਆਂ ਨੂੰ 49,656 ਵੋਟਾਂ ਦੇ ਫ਼ਰਕ ਨਾਲ ਮਾਤ ਦਿੱਤੀ।

ਬਾਦਲ ਪਰਿਵਾਰ ਆਪਣਾ ਕਿਲ੍ਹਾ ਬਚਾਉਣ ਵਿਚ ਤਾਂ ਸਫਲ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਦਾ ਵੋਟ ਫੀਸਦ ਇਨ੍ਹਾਂ ਚੋਣਾਂ ਵਿਚ 13.42 ਫ਼ੀਸਦੀ ਰਹਿ ਗਿਆ ਹੈ ਜੋ ਕਿ 2019 ਦੀਆਂ ਚੋਣਾਂ ਵਿਚ 27.8 ਫ਼ੀਸਦੀ ਸੀ। ਭਾਜਪਾ ਇਕੱਲੇ ਤੌਰ 'ਤੇ ਚੋਣ ਲੜ ਕੇ ਆਪਣਾ ਖਾਤਾ ਨਹੀਂ ਖੋਲ੍ਹ ਸਕੀ ਹੈ ਅਤੇ ਭਾਜਪਾ ਨੂੰ 18.56 ਫ਼ੀਸਦੀ ਵੋਟ ਮਿਲੇ ਹਨ ਜਦੋਂ ਕਿ 2019 ਵਿਚ ਭਾਜਪਾ ਨੇ ਦੋ ਸੀਟਾਂ ਜਿੱਤ ਕੇ 9.7 ਫ਼ੀਸਦੀ ਵੋਟ ਪ੍ਰਾਪਤ ਕੀਤੇ ਸਨ। ਕਿਸਾਨ ਜਥੇਬੰਦੀਆਂ ਦੇ ਵਿਰੋਧ ਕਾਰਨ ਭਾਜਪਾ ਆਪਣੀਆਂ ਉਮੀਦਾਂ ਮੁਤਾਬਿਕ ਵੋਟ ਸ਼ੇਅਰ ਦੁੱਗਣਾ ਕਰਨ ਵਿਚ ਵੀ ਅਸਫਲ ਰਹੀ ਹੈ। ਭਾਜਪਾ ਦੀ ਕੌਮੀ ਲੀਡਰਸ਼ਿਪ ਦਾ ਚੋਣ ਪ੍ਰਚਾਰ ਵੀ ਬਹੁਤਾ ਇਜ਼ਾਫਾ ਨਹੀਂ ਕਰ ਸਕਿਆ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਨੂੰ ਵੱਖੋ ਵੱਖ ਮੈਦਾਨ ਵਿਚ ਉਤਰਨ ਨਾਲ ਆਪੋ ਆਪਣੇ ਸਿਆਸੀ ਵਜ਼ਨ ਦਾ ਇਲਮ ਹੋ ਗਿਆ ਹੈ। ਇਨ੍ਹਾਂ ਚੋਣਾਂ ਵਿਚ ਬਸਪਾ ਉਮੀਦਵਾਰ ਜਸਵੀਰ ਸਿੰਘ ਗੜ੍ਹੀ ਵੀ ਅਨੰਦਪੁਰ ਸਾਹਿਬ ਤੋਂ ਚੋਣ ਹਾਰ ਗਏ ਹਨ ਅਤੇ ਉਨ੍ਹਾਂ ਨੂੰ 90,157 ਵੋਟਾਂ ਮਿਲੀਆਂ ਹਨ। ਬਸਪਾ ਦਾ ਇਨ੍ਹਾਂ ਚੋਣਾਂ ਵਿਚ ਵੋਟ ਸ਼ੇਅਰ 2.49 ਫ਼ੀਸਦੀ ਰਿਹਾ ਹੈ। ਪਟਿਆਲਾ ਤੋਂ ਕਾਂਗਰਸੀ ਉਮੀਦਵਾਰ ਡਾ. ਧਰਮਵੀਰ ਗਾਂਧੀ ਦੀ ਜਿੱਤ ਵਿਚ ਉਨ੍ਹਾਂ ਦੇ ਨਿੱਜੀ ਅਕਸ ਦੀ ਭੂਮਿਕਾ ਰਹੀ ਹੈ।

**ਪੰਜ ਸੀਟਾਂ 'ਤੇ ਹੋਵੇਗੀ ਜ਼ਿਮਨੀ ਚੋਣ**

ਇਨ੍ਹਾਂ ਚੋਣਾਂ ਵਿਚ ਪੰਜਾਬ ਦੇ ਚਾਰ ਵਿਧਾਇਕ ਸੰਸਦੀ ਚੋਣ ਜਿੱਤ ਗਏ ਹਨ ਜਿਸ ਕਰਕੇ ਉਨ੍ਹਾਂ ਦੇ ਅਸੈਂਬਲੀ ਹਲਕਿਆਂ ਦੀਆਂ ਸੀਟਾਂ ਖ਼ਾਲੀ ਹੋ ਗਈਆਂ ਹਨ ਜਿਸ 'ਤੇ ਹੁਣ ਜ਼ਿਮਨੀ ਚੋਣ ਹੋਵੇਗੀ। ਜਿਨ੍ਹਾਂ ਅਸੈਂਬਲੀ ਹਲਕਿਆਂ ਵਿਚ ਜ਼ਿਮਨੀ ਚੋਣ ਹੋਣੀ ਹੈ, ਉਨ੍ਹਾਂ ਵਿਚ ਗਿੱਦੜਬਾਹਾ, ਬਰਨਾਲਾ, ਚੱਬੇਵਾਲ ਤੇ ਡੇਰਾ ਬਾਬਾ ਨਾਨਕ ਸ਼ਾਮਲ ਹਨ। ਇਸ ਤੋਂ ਇਲਾਵਾ ਜਲੰਧਰ ਤੋਂ ਵਿਧਾਇਕ ਸ਼ੀਤਲ ਅੰਗੁਰਾਲ ਦਾ ਅਸਤੀਫ਼ਾ ਮਨਜ਼ੂਰ ਹੋਣ ਕਰਕੇ ਜਲੰਧਰ ਪੱਛਮੀ ਸੀਟ ਵੀ ਖ਼ਾਲੀ ਹੋ ਗਈ ਹੈ।

**ਪੰਜਾਬੀਆਂ ਦਾ ਫ਼ਤਵਾ ਸਿਰ ਮੱਥੇ: ਭਗਵੰਤ ਮਾਨ**

ਮੁੱਖ ਮੰਤਰੀ ਭਗਵੰਤ ਮਾਨ ਨੇ ਲੋਕ ਸਭਾ ਚੋਣਾਂ ਵਿਚ ਪੰਜਾਬ ਦੇ ਲੋਕਾਂ ਵੱਲੋਂ ਦਿੱਤੇ ਫ਼ਤਵੇ ਨੂੰ ਪ੍ਰਵਾਨ ਕੀਤਾ ਹੈ। ਆਮ ਆਦਮੀ ਪਾਰਟੀ ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਵਿਚੋਂ ਤਿੰਨ ਸੀਟਾਂ ਜਿੱਤਣ ਵਿਚ ਹੀ ਕਾਮਯਾਬ ਰਹੀ ਹੈ। ਮੁੱਖ ਮੰਤਰੀ ਨੇ ਆਪਣੇ 'ਐਕਸ' ਅਕਾਊਂਟ 'ਤੇ ਲਿਖਿਆ ਕਿ ਉਨ੍ਹਾਂ ਨੂੰ ਪੰਜਾਬੀਆਂ ਦਾ ਲੋਕ ਸਭਾ ਚੋਣਾਂ ਲਈ ਲੋਕ-ਫ਼ਤਵਾ ਸਿਰ ਮੱਥੇ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਲੋਕ ਸੇਵਾ ਤੇ ਵਿਕਾਸ ਦੇ ਕੰਮ ਜਾਰੀ ਰਹਿਣਗੇ, ਉਸ ਵਿੱਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਸ੍ਰੀ ਮਾਨ ਨੇ ਜਮਹੂਰੀਅਤ ਦੇ ਮਹਾਂਪਰਵ ਵਿੱਚ ਵੋਟ ਪਾਉਣ ਵਾਲੇ ਸਾਰੇ ਵੋਟਰਾਂ ਦਾ ਧੰਨਵਾਦ ਕੀਤਾ। ਇਸ ਦੇ ਨਾਲ ਹੀ ਸ੍ਰੀ ਮਾਨ ਨੇ ਲੋਕ ਸਭਾ ਚੋਣਾਂ ਵਿੱਚ ਜੇਤੂ ਉਮੀਦਵਾਰਾਂ ਨੂੰ ਫੋਨ ਕਰਕੇ ਵਧਾਈ ਦਿੱਤੀ।

# ਡਾ. ਦੂਆ ਚੀਫ ਖ਼ਾਲਸਾ ਦੀਵਾਨ ਐਜੂਕੇਸ਼ਨਲ ਕਮੇਟੀ ਦੇ ਆਨਰੇਰੀ ਸਕੱਤਰ ਬਣੇ

**ਅੰਮ੍ਰਿਤਸਰ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਚੀਫ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਝਰ ਦੀ ਪ੍ਰਧਾਨਗੀ ਹੇਠ ਨਵ-ਗਠਿਤ ਚੀਫ ਖ਼ਾਲਸਾ ਦੀਵਾਨ ਐਜੂਕੇਸ਼ਨਲ ਕਮੇਟੀ ਵੱਲੋਂ ਅੱਜ ਸਿੱਖ ਵਿਦਵਾਨਾਂ ਡਾ. ਅਮਰਜੀਤ ਸਿੰਘ ਦੂਆ ਦੀ ਐਜੂਕੇਸ਼ਨਲ ਕਮੇਟੀ ਦੇ ਆਨਰੇਰੀ ਸਕੱਤਰ ਅਤੇ ਡਾ. ਮਨਮੋਹਨ ਸਿੰਘ ਦੀ ਐਡੀਸ਼ਨਲ ਆਨਰੇਰੀ ਸਕੱਤਰ ਵਜੋਂ ਨਿਯੁਕਤੀ ਨੂੰ ਸਰਬਸੰਮਤੀ ਨਾਲ ਪ੍ਰਵਾਨਗੀ ਦਿੱਤੀ ਗਈ। ਅਧਿਆਪਨ ਖੇਤਰ ਵਿਚ 37 ਸਾਲ ਦਾ ਤਜਰਬਾ ਰੱਖਣ ਵਾਲੇ ਡਾ. ਅਮਰਜੀਤ ਸਿੰਘ ਦੂਆ ਵੱਖ-ਵੱਖ ਸਰਕਾਰੀ ਕਾਲਜਾਂ ਦੇ ਪ੍ਰਿੰਸੀਪਲ, ਡਾਇਰੈਕਟਰ ਜਨਰਲ ਐਜੂਕੇਸ਼ਨ ਨਵੀਂ ਦਿੱਲੀ, ਡੀਨ-ਕਾਲਜ ਡਿਵੈਲਪਮੈਂਟ ਕੌਂਸਲ (ਗੁਰੂ ਨਾਨਕ ਦੇਵ ਯੂਨੀਵਰਸਿਟੀ), ਪੰਜਾਬ ਯੂਨੀਵਰਸਿਟੀ ਦੇ ਸਾਬਕਾ ਸੈਨੇਟ ਅਤੇ ਸਿੰਡੀਕੇਟ ਮੈਂਬਰ, ਡਾਇਰੈਕਟਰ, ਇੰਸਟੀਚਿਊਟ ਆਫ ਨਰਸਿੰਗ ਐਜੂਕੇਸ਼ਨ (ਲੁਧਿਆਣਾ) ਅਤੇ ਹੋਰਨਾਂ ਵੱਖ-ਵੱਖ ਅਕਾਦਮਿਕ ਉਚ ਅਹੁੱਦਿਆਂ 'ਤੇ ਰਹਿ ਚੁੱਕੇ ਹਨ।

ਇਸੇ ਤਰ੍ਹਾਂ ਡਾ. ਮਨਮੋਹਨ ਸਿੰਘ (ਪੀਐੱਚਡੀ) ਇਸਰੋ ਵਿੱਚ ਪ੍ਰਬੰਧਕ ਅਹੁਦਿਆਂ 'ਤੇ ਰਹਿੰਦਿਆਂ ਪ੍ਰਾਜੈਕਟ ਮੈਨੇਜਮੈਂਟ ਅਤੇ ਪ੍ਰੋਡੈਕਟ ਡਿਵੈਲਪਮੈਂਟ ਵਿਭਾਗ ਵਿੱਚ ਕੰਮ ਕਰ ਚੁੱਕੇ ਹਨ ਅਤੇ ਦੇਸ਼ ਦੇ ਮਹੱਤਵਪੂਰਨ ਮਿਸ਼ਨਾਂ ਵਿਚ ਵਿਸ਼ੇਸ਼ ਹਿੱਸਾ ਪਾ ਕੇ ਨਿਵੇਕਲੀ ਪਛਾਣ ਬਣਾ ਚੁੱਕੇ ਹਨ।

ਇਸ ਮੌਕੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਝਰ, ਆਨਰੇਰੀ ਸਕੱਤਰ ਸਵਿੰਦਰ ਸਿੰਘ ਕੱਥੂਨੰਗਲ, ਮੀਤ ਪ੍ਰਧਾਨ ਸੰਤੋਖ ਸਿੰਘ ਸੇਠੀ, ਮੀਤ ਪ੍ਰਧਾਨ ਜਗਜੀਤ ਸਿੰਘ, ਸਥਾਨਕ ਪ੍ਰਧਾਨ ਕੁਲਜੀਤ ਸਿੰਘ ਸਾਹਨੀ, ਐਡੀ. ਆਨਰੇਰੀ ਸਕੱਤਰ ਅਤੇ ਮੁੱਖ ਦਫ਼ਤਰ ਮੈਂਬਰ ਇੰਚਾਰਜ ਸੁਖਜਿੰਦਰ ਸਿੰਘ ਪ੍ਰਿੰਸ, ਐਡੀਸ਼ਨਲ ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ ਨੇ ਮੂਲ ਮੰਤਰ ਦੇ ਪਾਠ ਕਰਨ ਉਪਰੰਤ ਡਾ. ਅਮਰਜੀਤ ਸਿੰਘ ਦੂਆ ਅਤੇ ਡਾ. ਮਨਮੋਹਨ ਸਿੰਘ ਨੂੰ ਐਜੂਕੇਸ਼ਨਲ ਕਮੇਟੀ ਦੇ ਜ਼ਿੰਮੇਵਾਰ ਅਹੁਦੇ ਸੌਂਪੇ। ਆਗੂਆਂ ਨੇ ਕਿਹਾ ਕਿ ਉਨ੍ਹਾਂ ਦੀ ਯੋਗ ਅਗਵਾਈ ਹੇਠ ਇਸ ਸਾਲ ਸ੍ਰੀ ਆਨੰਦਪੁਰ ਸਾਹਿਬ ਵਿਖੇ ਹੋਣ ਜਾ ਰਹੀ ਵਿਸ਼ਵ ਸਿੱਖ ਵਿਦਿਅਕ ਕਾਨਫਰੰਸ ਰਾਹੀਂ ਚੀਫ਼ ਖ਼ਾਲਸਾ ਦੀਵਾਨ ਵਿਸ਼ਵ ਦੇ ਨਕਸ਼ੇ 'ਤੇ ਇਕ ਨਿਵੇਕਲੀ ਪਛਾਣ ਬਣ ਕੇ ਉਭਰੇਗਾ।



ਅਹੁਦੇ ਸੰਭਾਲਦੇ ਹੋਏ ਡਾ. ਅਮਰਜੀਤ ਸਿੰਘ ਦੂਆ ਅਤੇ ਡਾ. ਮਨਮੋਹਨ ਸਿੰਘ।

# ਸਰਕਾਰੀ ਪੱਧਰ 'ਤੇ ਮਨਾਇਆ ਜਾਵੇ ਸ਼ਹੀਦੀ ਹਫ਼ਤਾ: ਗਿਆਨੀ ਰਘਬੀਰ ਸਿੰਘ


ਗੁਰਮਤਿ ਚੇਤਨਾ ਕੈਂਪ ਦੇ ਉਦਘਾਟਨ ਮੌਕੇ ਅਰਦਾਸ ਵਿੱਚ ਸ਼ਾਮਲ ਹੁੰਦੇ ਹੋਏ ਜਥੇਦਾਰ ਗਿਆਨੀ ਰਘਬੀਰ ਸਿੰਘ।

**ਸ੍ਰੀ ਅਨੰਦਪੁਰ ਸਾਹਿਬ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਅੱਜ ਇੱਥੇ ਕਿਹਾ ਕਿ ਜੂਨ ਦਾ ਪਹਿਲਾ ਹਫ਼ਤਾ ਸਿੱਖ ਭਾਈਚਾਰੇ ਲਈ ਵਿਸ਼ੇਸ਼ ਮਾਇਨੇ ਰੱਖਦਾ ਹੈ। ਉਨ੍ਹਾਂ ਕਿਹਾ ਕਿ ਭਲਕੇ ਦੇਸ਼ ਵਿੱਚ ਨੂੰ ਆਉਣ ਵਾਲੇ ਚੋਣ ਨਤੀਜਿਆਂ ਵਿੱਚ ਜੇਤੂ ਉਮੀਦਵਾਰਾਂ ਨੂੰ ਸਿੱਖ ਭਾਈਚਾਰੇ ਦੀਆਂ ਇਨ੍ਹਾਂ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਜਸ਼ਨ ਨਹੀਂ ਮਨਾਉਣੇ ਚਾਹੀਦੇ। ਉਨ੍ਹਾਂ ਕਿਹਾ ਕਿ 1984 ਵਿੱਚ ਤਤਕਾਲੀ ਹਕੂਮਤ ਨੇ ਸਿੱਖਾਂ ਦੇ ਕੇਂਦਰੀ ਧਾਰਮਿਕ ਸਥਾਨ 'ਤੇ ਟੈਂਕਾਂ ਅਤੇ ਤੋਪਾਂ ਨਾਲ ਹਮਲਾ ਕਰਵਾ ਕੇ ਆਸਥਾ ਦੇ ਕੇਂਦਰ ਨੂੰ ਢਹਿ-ਢੇਰੀ ਕਰਨ ਦੀ ਕੋਸ਼ਿਸ਼ ਕੀਤੀ ਸੀ। ਅੱਜ ਵੀ ਸਿੱਖਾਂ ਦੇ ਜ਼ਖ਼ਮ ਅੱਲ੍ਹੇ ਹਨ।

ਉਨ੍ਹਾਂ ਕਿਹਾ ਕਿ ਸਰਕਾਰਾਂ ਨੂੰ ਵੀ ਇਹ ਹਫ਼ਤਾ ਸਰਕਾਰੀ ਪੱਧਰ 'ਤੇ ਸ਼ਹੀਦੀ ਹਫ਼ਤਾ ਐਲਾਨਣਾ ਚਾਹੀਦਾ ਹੈ।

ਇਸ ਤੋਂ ਪਹਿਲਾਂ ਗਿਆਨੀ ਰਘਬੀਰ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਵੱਲੋਂ ਨੌਜਵਾਨਾਂ ਨੂੰ ਗੁਰਮਤਿ ਅਤੇ ਸਿੱਖ ਇਤਿਹਾਸ ਨਾਲ ਜੋੜਨ ਦੇ ਮਕਸਦ ਨਾਲ ਸ਼ੁਰੂ ਕੀਤੇ ਗਏ ਸਾਲਾਨਾ ਗੁਰਮਤਿ ਚੇਤਨਾ ਕੈਂਪ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਭਾਈ ਚਾਵਲਾ ਹਰ ਸਾਲ ਨੌਜਵਾਨਾਂ ਨੂੰ ਆਪਣੇ ਅਮੀਰ ਤੇ ਗੌਰਵਮਈ ਇਤਿਹਾਸ ਨਾਲ ਜੋੜਨ ਦੀ ਚੇਟਕ ਲਾਉਣ ਦੀ ਕੋਸ਼ਿਸ਼ ਕਰਦੇ ਹਨ। ਉਨ੍ਹਾਂ ਕਿਹਾ ਕਿ ਇਕ ਹਫ਼ਤਾ ਚੱਲਣ ਵਾਲੇ ਇਸ ਕੈਂਪ ਦੇ ਸਾਰਥਕ ਨਤੀਜੇ ਨਿਕਲਦੇ ਹਨ।

# ਸਾਕਾ ਨੀਲਾ ਤਾਰਾ ਦੀ 40ਵੀਂ ਬਰਸੀ ਮੌਕੇ ਅਖੰਡ ਪਾਠ ਸ਼ੁਰੂ


ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨਾਲ ਮੀਟਿੰਗ ਕਰਦੇ ਹੋਏ ਐਡਵੋਕੇਟ ਹਰਜਿੰਦਰ ਸਿੰਘ ਧਾਮੀ।

**ਅੰਮ੍ਰਿਤਸਰ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਜੂਨ 1984 ਵਿੱਚ ਸ੍ਰੀ ਦਰਬਾਰ ਸਾਹਿਬ ਸਮੂਹ ਵਿੱਚ ਸ੍ਰੀ ਅਕਾਲ ਤਖ਼ਤ ਅਤੇ ਹੋਰ ਗੁਰਧਾਮਾਂ 'ਤੇ ਕੀਤੇ ਫ਼ੌਜੀ ਹਮਲੇ ਦੀ 40ਵੀਂ ਬਰਸੀ ਸਬੰਧੀ 7 ਜੂਨ ਨੂੰ ਸ੍ਰੀ ਅਕਾਲ ਤਖ਼ਤ ਵਿਖੇ ਅਖੰਡ ਪਾਠ ਆਰੰਭ ਕੀਤੇ ਜਾਣਗੇ। ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਇਸ ਤੀਜੇ ਘੱਲੂਘਾਰੇ ਦੀ 40ਵੀਂ ਯਾਦ ਨੂੰ ਵੱਡੇ ਪੱਧਰ 'ਤੇ ਮਨਾਉਣ ਦੀ ਅਪੀਲ ਕੀਤੀ ਗਈ ਹੈ। ਇਸ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਮੇਤ ਵੱਖ-ਵੱਖ ਇਤਿਹਾਸਕ ਗੁਰਦੁਆਰਿਆਂ ਵਿੱਚ ਵੀ 7 ਜੂਨ ਨੂੰ ਸ਼ਹੀਦੀ ਸਮਾਗਮ ਕੀਤੇ ਜਾ ਰਹੇ ਹਨ।

ਇਨ੍ਹਾਂ ਸਮਾਗਮਾਂ ਦੇ ਪ੍ਰਬੰਧਾਂ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੱਜ ਇੱਥੇ ਮੁੱਖ ਦਫ਼ਤਰ ਵਿੱਚ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਹੈ ਅਤੇ ਲੋੜੀਂਦੇ ਨਿਰਦੇਸ਼ ਦਿੱਤੇ। ਐਡਵੋਕੇਟ ਧਾਮੀ ਨੇ ਕਿਹਾ ਕਿ ਜੂਨ 1984 ਦਾ ਪਹਿਲਾ ਹਫ਼ਤਾ ਸਿੱਖ ਕੌਮ ਲਈ ਕਦੇ ਨਾ ਭੁੱਲਣ ਵਾਲਾ ਹੈ। ਦੇਸ਼ ਦੀ ਤਤਕਾਲੀ ਕਾਂਗਰਸ ਹਕੂਮਤ ਵੱਲੋਂ ਸਿੱਖਾਂ ਨੂੰ ਜੂਨ 1984 ਵਿੱਚ ਦਿੱਤੇ ਜ਼ਖ਼ਮ ਹਰ ਸਾਲ ਰਿਸਦੇ ਹਨ। ਇਸ ਸਾਲ ਸਿੱਖ ਕੌਮ ਜੂਨ 1984 ਘੱਲੂਘਾਰੇ ਦੀ 40ਵੀਂ ਬਰਸੀ ਮਨਾ ਰਹੀ ਹੈ। ਇਸ ਦੌਰਾਨ ਸ੍ਰੀ ਅਕਾਲ ਤਖ਼ਤ ਦੇ ਆਦੇਸ਼ ਅਨੁਸਾਰ ਸਮੁੱਚੇ ਗੁਰਦੁਆਰਿਆਂ ਵਿੱਚ ਸ਼ਹੀਦੀ ਸਮਾਗਮ ਕੀਤੇ ਜਾਣਗੇ। ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਦੇ ਆਦੇਸ਼ ਮੁਤਾਬਕ 4 ਤੋਂ 7 ਜੂਨ ਤੱਕ ਕਾਲੀਆਂ ਦਸਤਾਰਾਂ ਤੇ ਦੁਪੱਟੇ ਸਜਾਏ ਜਾਣ ਅਤੇ ਸ੍ਰੀ ਅਕਾਲ ਤਖ਼ਤ ਵਿਖੇ ਘੱਲੂਘਾਰੇ ਦੀ 40ਵੀਂ ਯਾਦ ਮੌਕੇ ਸ਼ਾਂਤਮਈ ਤਰੀਕੇ ਨਾਲ ਗੁਰਬਾਣੀ ਜਾਪ ਕੀਤੇ ਜਾਣ। ਮੀਟਿੰਗ ਵਿੱਚ ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਗੁਰਬਖ਼ਸ਼ ਸਿੰਘ ਖ਼ਾਲਸਾ, ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ, ਅੰਤ੍ਰਿੰਗ ਮੈਂਬਰ ਰਘਬੀਰ ਸਿੰਘ ਸਹਾਰਨਮਾਜਰਾ, ਮੈਂਬਰ ਹਰਜਾਪ ਸਿੰਘ ਸੁਲਤਾਨਵਿੰਡ ਮੌਜੂਦ ਸਨ।

# ਪਿੰਡ ਸੰਕਾਤਰਾ ਨੇੜਿਓਂ ਚੀਨੀ ਡਰੋਨ ਬਰਾਮਦ


ਪਿੰਡ ਸੰਕਾਤਰਾ ਨੇੜਿਓਂ ਬਰਾਮਦ ਕੀਤਾ ਗਿਆ ਡਰੋਨ।

**ਤਰਨ ਤਾਰਨ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀਮਾ ਸੁਰੱਖਿਆ ਬਲ (ਬੀਐੱਸਐੱਫ) ਨੇ ਪੰਜਾਬ ਪੁਲੀਸ ਨਾਲ ਸਾਂਝੇ ਆਪ੍ਰੇਸ਼ਨ ਤਹਿਤ ਤਰਨ ਤਾਰਨ ਜ਼ਿਲ੍ਹੇ ਦੇ ਪਿੰਡ ਸੰਕਾਤਰਾ ਨੇੜਿਓਂ ਡਰੋਨ ਬਰਾਮਦ ਕੀਤਾ ਹੈ। ਚੀਨ ਦੇ ਬਣੇ ਇਸ ਡਰੋਨ ਦਾ ਨਾਮ ਡੀਜੇਆਈ ਮੈਵਿਕ 3 ਦੱਸਿਆ ਜਾ ਰਿਹਾ ਹੈ। ਅਧਿਕਾਰਤ ਬਿਆਨ ਅਨੁਸਾਰ ਬੀਐੱਸਐੱਫ ਦੀ ਖੁਫੀਆ ਟੀਮ ਨੇ ਤਰਨ ਤਾਰਨ ਜ਼ਿਲ੍ਹੇ ਦੇ ਸਰਹੱਦੀ ਖੇਤਰ ਵਿੱਚ ਡਰੋਨ ਬਾਰੇ ਜਾਣਕਾਰੀ ਦਿੱਤੀ ਸੀ। ਇਸ ਸੂਚਨਾ 'ਤੇ ਤੁਰੰਤ ਕਾਰਵਾਈ ਕਰਦਿਆਂ ਬੀਐੱਸਐੱਫ ਨੇ ਪੰਜਾਬ ਪੁਲੀਸ ਨਾਲ ਮਿਲ ਕੇ ਤਲਾਸ਼ੀ ਮੁਹਿੰਮ ਚਲਾਈ। ਬਿਆਨ ਅਨੁਸਾਰ, "ਤਲਾਸ਼ੀ ਮੁਹਿੰਮ ਦੌਰਾਨ ਸਵੇਰੇ 8.20 ਵਜੇ ਜਵਾਨਾਂ ਨੇ ਜ਼ਿਲ੍ਹੇ ਦੇ ਪਿੰਡ ਸੰਕਾਤਰਾ ਨੇੜਿਓਂ ਡਰੋਨ ਬਰਾਮਦ ਕੀਤਾ।"

ਬਿਆਨ ਮੁਤਾਬਕ ਇਹ ਆਪ੍ਰੇਸ਼ਨ ਬੀਐੱਸਐੱਫ ਜਵਾਨਾਂ ਤੇ ਪੰਜਾਬ ਪੁਲੀਸ ਦੀ ਸਰਹੱਦ 'ਤੇ ਗੈਰ-ਕਾਨੂੰਨੀ ਗਤੀਵਿਧੀਆਂ ਨਾਕਾਮ ਕਰਨ ਦੀ ਵਚਨਬੱਧਤਾ ਦਰਸਾਉਂਦਾ ਹੈ।" - ਏਐੱਨਆਈ

ਭਾਰਤ-ਪਾਕਿਸਤਾਨ ਸਰਹੱਦ 'ਤੇ ਤਾਇਨਾਤ ਬੀਐੱਸਐੱਫ ਦੀ 144ਵੀਂ ਬਟਾਲੀਅਨ ਦੇ ਜਵਾਨਾਂ ਨੇ ਸਰਹੱਦੀ ਚੌਕੀ ਕਾਹਨਗੜ੍ਹ ਤੋਂ ਇੱਕ ਛੋਟਾ ਕੁਆਡਕਾਪਟਰ ਅਤੇ ਨਸ਼ੀਲੇ ਪਦਾਰਥ ਦਾ ਪੈਕੇਟ ਬਰਾਮਦ ਕੀਤਾ ਹੈ। ਜਾਣਕਾਰੀ ਅਨੁਸਾਰ ਅੱਜ ਦੁਪਿਹਰ ਬੀਐੱਸਐੱਫ ਦੀ ਟੀਮ ਜਦੋਂ ਸਰਹੱਦੀ ਚੌਕੀ ਕਾਹਨਗੜ੍ਹ ਅਤੇ ਦਾਉਕੇ ਨੇੜੇ ਗਸ਼ਤ ਕਰ ਰਹੀ ਸੀ ਤਾਂ ਉਨ੍ਹਾਂ ਨੂੰ ਇੱਕ ਕੁਆਡਕਾਪਟਰ ਅਤੇ ਇੱਕ ਪੈਕੇਟ ਬਰਾਮਦ ਹੋਇਆ। ਪੈਕੇਟ 'ਤੇ ਪੀਲੇ ਰੰਗ ਦੀ ਟੇਪ ਲਪੇਟੀ ਹੋਈ ਸੀ।

# ਮੋਦੀ ਨੇ ਬਦਲ ਦਿੱਤਾ ਭਾਰਤ, ਹਰ ਮੰਤਰਾਲੇ ਲਈ ਮਿਸਾਲ ਉਨ੍ਹਾਂ ਦੀਆਂ ਨੀਤੀਆਂ : ਅਮਰੀਕੀ ਸੰਸਥਾ

**ਨਵੀਂ ਦਿੱਲੀ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਅਮਰੀਕਾ 'ਚ IIT ਦੇ ਸਾਬਕਾ ਵਿਦਿਆਰਥੀਆਂ ਦੀ ਇੱਕ ਗ਼ੈਰ-ਲਾਭਕਾਰੀ ਸੰਸਥਾ ਦੇ ਮੁਖੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਆਮ ਆਦਮੀ ਦੀ ਨਬਜ਼ ਪਛਾਣਦੇ ਹਨ। ਉਨ੍ਹਾਂ ਬੁਨਿਆਦੀ ਢਾਂਚਾ ਤਿਆਰ ਕਰਨ ਲਈ ਅਜਿਹੇ ਮੌਲਿਕ ਬਦਲਾਅ ਕੀਤੇ ਹਨ ਜਿਨ੍ਹਾਂ ਕਾਰਨ ਦੇਸ਼ ਇੱਕ ਵਿਕਸਿਤ ਅਰਥ-ਵਿਵਸਥਾ ਬਣਨ ਦੀ ਦਿਸ਼ਾ ਵੱਲ ਵੱਧ ਰਿਹਾ ਹੈ। ਵ੍ਹੀਲਜ਼ ਗਲੋਬਲ ਫ਼ਾਊਂਡੇਸ਼ਨ ਦੇ ਪ੍ਰਧਾਨ ਰਤਨ ਅਗਰਵਾਲ ਨੇ ਇੱਕ ਇੰਟਰਵਿਊ 'ਚ ਕਿਹਾ, "ਤੁਹਾਡੇ ਕੋਲ ਅਜਿਹੇ ਬਹੁਤ ਸਾਰੇ ਸਿਆਸਤਦਾਨ ਹੋ ਸਕਦੇ ਹਨ ਜਿਹੜੇ ਕਹਿੰਦੇ ਕੁਝ ਹਨ, ਪਰ ਉਨ੍ਹਾਂ ਦਾ ਮਤਲਬ ਕੁਝ ਹੋਰ ਹੀ ਹੁੰਦਾ ਹੈ। ਇੱਥੇ ਤੁਹਾਡੇ ਕੋਲ ਇੱਕ ਅਜਿਹਾ ਵਿਅਕਤੀ ਹੈ ਜਿਹੜਾ ਉਦਾਹਰਣ ਪੇਸ਼ ਕਰਦੇ ਹੋਏ ਸਰਕਾਰ ਦੀ ਅਗਵਾਈ ਕਰ ਰਿਹਾ ਹੈ ਅਤੇ ਉਸ ਦੀ ਅਗਵਾਈ, ਉਸ ਦੀ ਕਾਰਜ ਨੀਤੀ, ਉਸ ਵਲੋਂ ਦਿੱਤਾ ਗਿਆ ਹਰ ਇੱਕ ਕੰਮ ਹਰ ਮੰਤਰੀ, ਹਰ ਮੰਤਰਾਲੇ ਲਈ ਮਿਸਾਲੀ ਹੈ ਅਤੇ ਸਾਰੇ ਉਸ ਨੂੰ ਪੂਰੀ ਸ਼ਿੱਦਤ ਨਾਲ ਕਰ ਰਹੇ ਹਨ।"

ਉਨ੍ਹਾਂ ਨੇ ਕਿਹਾ, "ਇਹ ਤਾਂ ਕੁਝ ਖਾਸ ਗੱਲਾਂ ਹਨ। ਮੈਨੂੰ ਲੱਗਦਾ ਹੈ ਕਿ ਦੇਸ਼ 'ਚ ਬਹੁਤ ਤੇਜ਼ੀ ਨਾਲ ਬਦਲਾਅ ਆਇਆ ਹੈ ਜਿਸ ਦੇ ਕਈ ਸਬੂਤ ਸਾਡੇ ਸਾਹਮਣੇ ਹਨ, ਪਰ ਇਹ ਮੌਲਿਕ ਬਦਲਾਅ ਦੇਸ਼ ਨੂੰ 30, 40, 50 ਸਾਲ ਅੱਗੇ ਲੈ ਕੇ ਜਾਣਗੇ।" ਏ. ਪੀ. ਜੇ. ਅਬਦੁਲ ਕਲਾਮ ਤੋਂ ਪ੍ਰੇਰਣਾ ਲੈ ਕੇ IIT ਦੇ ਸਾਬਕਾ ਵਿਦਿਆਰਥੀਆਂ ਨੇ ਵ੍ਹੀਲਜ਼ ਗਲੋਬਲ ਫ਼ਾਊਂਡੇਸ਼ਨ ਦੀ ਸਥਾਪਨਾ ਕੀਤੀ ਸੀ ਅਤੇ ਹੁਣ ਤਕ ਇਹ ਗ਼ੈਰ-ਲਾਭਕਾਰੀ ਸੰਸਥਾ ਭਾਰਤ 'ਚ ਕਰੀਬ 30 ਪ੍ਰੋਜੈਕਟ ਸ਼ੁਰੂ ਕਰ ਚੁੱਕੀ ਹੈ ਜਿਨ੍ਹਾਂ ਨੇ ਲੱਖਾਂ ਭਾਰਤੀਆਂ ਨੂੰ ਪ੍ਰਭਾਵਿਤ ਕੀਤਾ ਹੈ। ਅਗਰਵਾਲ ਨੇ ਕਿਹਾ, "ਦੇਸ਼ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਰੂਪ 'ਚ ਇੱਕ ਅਜਿਹਾ ਨੇਤਾ ਮਿਲਿਆ ਹੈ, ਜਿਹੜਾ ਜ਼ਮੀਨ ਨਾਲ ਜੁੜਿਆ ਹੋਣ ਦੇ ਨਾਲ-ਨਾਲ ਇੱਕ ਆਮ ਆਦਮੀ ਦੇ ਜੀਵਨ ਅਤੇ ਅੱਗੇ ਵੱਧਣ ਦੇ ਉਸ ਦੇ ਸੰਘਰਸ਼ ਨੂੰ ਸਮਝਦਾ ਹੈ।"

ਉਤਰ ਤੋਂ ਦੱਖਣ ਤਕ, ਪੂਰਬ ਤੋਂ ਪੱਛਮ ਤਕ ਦੇਸ਼ ਭਰ 'ਚ ਯਾਤਰਾ ਕਰਨ ਦੇ ਉਨ੍ਹਾਂ ਦੇ ਯਤਨਾਂ ਨੂੰ ਲੋਕਾਂ ਦਾ ਭਰਪੂਰ ਸਮਰਥਨ ਮਿਲਿਆ ਹੈ।" ਉਨ੍ਹਾਂ ਨੇ ਕਿਹਾ, "ਇਹ ਮੋਦੀ ਦੀ ਵਿਸ਼ੇਸ਼ਤਾ ਹੈ ਕਿ ਉਹ ਇੱਕ ਆਮ ਆਦਮੀ ਦੀ ਨਬਜ਼ ਨੂੰ ਕਿਵੇਂ ਸਮਝਦੇ ਹਨ, ਲੰਬੇ ਸਮੇਂ ਦੀ ਸੋਚ ਰੱਖਦੇ ਹਨ ਅਤੇ ਉਸ ਨੇ ਅਗਲੇ ਪੰਜ ਸਾਲਾਂ ਬਾਰੇ ਨਹੀਂ ਸਗੋਂ ਅਗਲੇ 50 ਸਾਲਾਂ ਬਾਰੇ ਸੋਚਣ ਦੇ ਸਮਰੱਥ ਹੋਣ ਦੇ ਮਾਮਲੇ 'ਚ ਕਿਵੇਂ ਕੰਮ ਕੀਤਾ ਹੈ।"

ਅਗਰਵਾਲ ਨੇ ਕਿਹਾ, "ਇਹ ਉਨ੍ਹਾਂ ਦੇ (ਮੋਦੀ) ਦੇ ਮੁੱਖ ਸੁਧਾਰਾਂ 'ਚ ਦਿਖਾਈ ਦਿੰਦਾ ਹੈ ਜਿਸ ਨਾਲ ਇੱਕ ਅਜਿਹਾ ਬੁਨਿਆਦੀ ਢਾਂਚਾ ਤਿਆਰ ਹੋਇਆ ਜਿਹੜਾ ਦੇਸ਼ ਨੂੰ ਹੁਣ ਇੱਕ ਵਿਕਸਿਤ ਅਰਥ-ਵਿਵਸਥਾ ਬਣਨ ਦੀ ਰਾਹ 'ਤੇ ਲੈ ਕੇ ਗਿਆ। ਬੁਨਿਆਦੀ ਢਾਂਚੇ 'ਚ ਸੁਧਾਰ ਦੀ ਕਲਪਨਾ ਦੇਸ਼ ਦੇ ਸੰਚਾਲਨ ਅਤੇ ਸੰਚਾਰ ਖੇਤਰ ਨੂੰ ਬਿਨਾਂ ਏਕੀਕ੍ਰਿਤ ਕੀਤੇ ਨਹੀਂ ਕੀਤੀ ਜਾ ਸਕਦੀ। ਦੋਵੇਂ ਮੋਰਚਿਆਂ 'ਤੇ ਦੇਸ਼ ਹੁਣ ਹਰ 3, 4, 5 ਸਾਲਾਂ 'ਚ ਛਾਲ ਮਾਰ ਰਿਹਾ ਹੈ।"

# 100 ਸਾਲ ਪੁਰਾਣੀ ਕਿਤਾਬ ਦੀ ਕੀਮਤ 1.5 ਮਿਲੀਅਨ ਡਾਲਰ

**ਨਵੀਂ ਦਿੱਲੀ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਬਹੁਤ ਸਾਰੇ ਲੋਕ ਕਿਤਾਬਾਂ ਪੜ੍ਹਨ ਦੇ ਇੰਨੇ ਸੌਕੀਨ ਹੁੰਦੇ ਹਨ ਕਿ ਜੇਕਰ ਉਨ੍ਹਾਂ ਨੂੰ ਕੋਈ ਕਿਤਾਬ ਪਸੰਦ ਆਵੇ ਤਾਂ ਉਹ ਤੁਰੰਤ ਉਸ ਨੂੰ ਖਰੀਦ ਲੈਂਦੇ ਹਨ, ਉਸ ਦੀ ਕੀਮਤ ਵੱਲ ਵੀ ਧਿਆਨ ਨਹੀਂ ਦਿੰਦੇ, ਪਰ ਕਈ ਵਾਰ ਕੀਮਤ ਵਲ ਧਿਆਨ ਦੇਣਾ ਪੈਂਦਾ ਹੈ। ਖ਼ਾਸਕਰ ਜੇ ਉਹ ਕਿਤਾਬ ਕਰੋੜਾਂ ਦੀ ਹੈ ਤਾਂ ਜ਼ਾਹਿਰ ਜਿਹੀ ਗੱਲ ਹੈ ਕਿ ਕੀਮਤ ਉੱਤੇ ਧਿਆਨ ਦੇਣਾ ਪੈਂਦਾ ਹੈ। ਹਾਲ ਹੀ 'ਚ ਜਦੋਂ ਇੱਕ ਕਾਰੋਬਾਰੀ ਨੇ 100 ਸਾਲ ਪੁਰਾਣੀ ਇੱਕ ਕਿਤਾਬ ਨੂੰ ਔਨਲਾਈਨ ਵਿਕਦੇ ਦੇਖਿਆ ਤਾਂ ਉਸ ਨੇ ਉਸ ਦੁਰਲੱਭ ਕਿਤਾਬ ਨੂੰ ਖ਼ਰੀਦਣ ਦਾ ਫ਼ੈਸਲਾ ਕੀਤਾ। ਪਰ ਜਿੰਨੀ ਰਕਮ ਉਸ ਨੇ ਉਸ ਕਿਤਾਬ ਨੂੰ ਖ਼ਰੀਦਣ ਲਈ ਅਦਾ ਕੀਤੀ, ਉਸ ਨਾਲ ਕੋਈ ਵੀ ਇੱਕ ਆਲੀਸ਼ਾਨ ਬੰਗਲਾ ਖ਼ਰੀਦ ਸਕਦਾ ਹੈ।

ਦਾ ਡੇਲੀ ਸਟਾਰ ਨਿਊਜ਼ ਵੈੱਬਸਾਈਟ ਦੀ ਰਿਪੋਰਟ ਮੁਤਾਬਿਕ 44 ਸਾਲਾ ਰਸਲ ਬਰੂਨਸਨ ਅਮਰੀਕਾ ਦੇ ਆਇਡਾਹੋ 'ਚ ਰਹਿਣ ਵਾਲਾ ਇੱਕ ਕਾਰੋਬਾਰੀ ਹੈ। ਉਸ ਨੇ ਈਬੇਅ 'ਤੇ ਇੱਕ ਕਿਤਾਬ ਦੇਖੀ। ਕਿਤਾਬ ਦਾ ਨਾਮ ਹੈ The Law of Success, ਅਤੇ ਇਹ ਕਿਤਾਬ ਅਮਰੀਕੀ ਲੇਖਕ ਨੈਪੋਲੀਅਨ ਹਿੱਲ ਨੇ 1925 'ਚ ਲਿਖੀ ਸੀ। ਲਗਭਗ 100 ਸਾਲ ਪੁਰਾਣੀ ਇਸ ਕਿਤਾਬ ਦਾ ਪਹਿਲਾ ਐਡੀਸ਼ਨ, ਜਿਸ 'ਤੇ ਨੈਪੋਲੀਅਨ ਦੇ ਦਸਤਖ਼ਤ ਸਨ, ਨੂੰ ਔਨਲਾਈਨ ਵੇਚਿਆ ਜਾ ਰਿਹਾ ਸੀ। ਇਹ ਦੇਖ ਕੇ ਰਸਲ ਨੂੰ ਲੱਗਾ ਕਿ ਉਹ ਕਿਤਾਬ ਖ਼ਰੀਦ ਲਵੇ। ਕਿਤਾਬ ਦੀ ਕੀਮਤ 1.5 ਮਿਲੀਅਨ ਡਾਲਰ (11 ਕਰੋੜ ਰੁਪਏ ਤੋਂ ਵੱਧ) ਸੀ। ਇਸ਼ਤਿਹਾਰ ਬਾਜ ਨੇ ਕਿਤਾਬ ਵੇਚਣ ਵਾਲੇ ਨਾਲ ਕਰੀਬ ਇੱਕ ਮਹੀਨਾ ਗੱਲਬਾਤ ਕੀਤੀ ਅਤੇ ਆਪਣੀ ਪਤਨੀ ਨੂੰ ਵੀ ਮਨਾ ਲਿਆ। ਅਸਲ 'ਚ ਉਸ ਦੀ ਪਤਨੀ ਸਿਰਫ਼ ਇੱਕ ਕਿਤਾਬ ਲਈ ਇੰਨੇ ਪੈਸੇ ਖ਼ਰਚਣ ਦੇ ਹੱਕ 'ਚ ਨਹੀਂ ਸੀ, ਪਰ ਰਸਲ ਨੇ ਉਸ ਨੂੰ ਮਨਾ ਹੀ ਲਿਆ।

**ਨਿੱਜੀ ਜਹਾਜ਼ ਰਾਹੀਂ ਘਰ ਲਿਆਂਦੀ ਕਿਤਾਬ**

ਜਦੋਂ ਪੰਜ ਬੱਚਿਆਂ ਦੇ ਪਿਤਾ ਰਸਲ ਨੂੰ ਪਤਾ ਲੱਗਿਆ ਕਿ ਉਸ ਨੇ ਕਿਤਾਬ ਦੀ ਔਕਸ਼ਨ ਜਿੱਤ ਲਈ ਹੈ, ਅਤੇ ਨਾਲ ਹੀ ਨੈਪੋਲੀਅਨ ਹਿੱਲ ਦੁਆਰਾ ਲਿਖੀਆਂ ਹੋਰ ਕਿਤਾਬਾਂ ਦਾ ਸੰਗ੍ਰਹਿ ਵੀ ਜਿੱਤ ਲਿਆ ਹੈ ਤਾਂ ਉਹ ਬਹੁਤ ਖ਼ੁਸ਼ ਹੋਇਆ। ਇਨ੍ਹਾਂ ਸਾਰੀਆਂ ਚੀਜ਼ਾਂ ਲਈ ਉਸ ਨੇ ਕੁੱਲ 18 ਕਰੋੜ ਰੁਪਏ ਖ਼ਰਚ ਕੀਤੇ ਹਨ। ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਉਹ ਇਸ ਕਿਤਾਬ ਨੂੰ ਧੂੜ ਤੋਂ ਬਚਾਉਣਾ ਚਾਹੁੰਦਾ ਸੀ, ਇਸੇ ਲਈ ਉਹ ਇਸ ਨੂੰ ਇੱਕ ਨਿੱਜੀ ਜਹਾਜ਼ 'ਚ ਘਰ ਲਿਆਇਆ। ਰਸਲ ਨੇ ਦੱਸਿਆ ਕਿ ਇਹ ਕਿਤਾਬ ਉਸ ਦੀ ਜ਼ਿੰਦਗੀ ਦੀ ਸਭ ਤੋਂ ਮਹਿੰਗੀ ਚੀਜ਼ ਹੈ।

# ਸਤਵੀਂ ਜਮਾਤ ਦੇ ਭਾਰਤੀ ਵਿਦਿਆਰਥੀ ਨੇ ਜਿੱਤਿਆ 2024 ਸਕ੍ਰਿਪਸ ਨੈਸ਼ਨਲ ਸਪੈਲਿੰਗ-ਬੀ ਮੁਕਾਬਲਾ

**ਨਵੀਂ ਦਿੱਲੀ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**




ਸਤਵੀਂ ਜਮਾਤ ਦੇ ਵਿਦਿਆਰਥੀ ਬਰੁਹਤ ਸੋਮਾ ਨੇ ਆਪਣੇ ਦੇਸ਼ ਅਤੇ ਮਾਤਾ-ਪਿਤਾ ਦਾ ਮਾਣ ਵਧਾਇਆ ਹੈ। ਬਰੁਹਤ ਸੋਮਾ ਨੇ 90 ਸਕਿੰਟ ਦੇ ਸਪੈਲਿੰਗ ਨੂੰ ਸਹੀ ਢੰਗ ਨਾਲ ਦੱਸ ਕੇ US ਨੈਸ਼ਨਲ ਸਪੈਲਿੰਗ- ਬੀ ਚੈਂਪੀਅਨ ਖ਼ਿਤਾਬ ਜਿੱਤਿਆ। ਇਸ ਦੇ ਨਾਲ ਹੀ ਉਸ ਨੇ ਸਕ੍ਰਿਪਸ ਕੱਪ ਟਰੌਫ਼ੀ ਅਤੇ 50 ਹਜ਼ਾਰ ਅਮਰੀਕੀ ਡਾਲਰ ਦਾ ਚੈੱਕ ਵੀ ਜਿੱਤਿਆ। ਟੈਕਸਸ ਦਾ 12 ਸਾਲਾ ਫ਼ੈਜ਼ਾਨ ਜ਼ਕੀ ਉਪ ਜੇਤੂ ਰਿਹਾ।

12 ਸਾਲਾ ਸੋਮਾ ਨੇ ਟਾਈਬ੍ਰੇਕਰ 'ਚ 29 ਸ਼ਬਦਾਂ ਦੇ ਸਹੀ ਸਪੈਲਿੰਗ ਕਰਦੇ ਹੋਏ ਵੀਰਵਾਰ ਰਾਤ ਨੂੰ ਜ਼ਾਕੀ ਨੂੰ ਨੌਂ ਨਾਲ ਹਰਾ ਕੇ ਖ਼ਿਤਾਬ ਜਿੱਤਿਆ। ਉਸ ਦਾ ਜੇਤੂ ਸ਼ਬਦ ਅਬਸ਼ੀਲ ਸੀ ਜਿਸ ਦਾ ਅਰਥ ਉਪਰਲੇ ਪ੍ਰੋਜੈਕਸ਼ਨ 'ਤੇ ਇੱਕ ਰੱਸੀ ਦੇ ਜ਼ਰੀਏ ਪਰਬਤਾਰੋਹ 'ਚ ਉਤਰਨਾ ਹੈ।" ਸੋਮਾ ਪਹਿਲਾਂ ਗਿਆ ਅਤੇ 30 ਸ਼ਬਦਾਂ ਨੂੰ ਪੂਰਾ ਕਰਨ ਤੋਂ ਬਾਅਦ ਅਜਿਹਾ ਪ੍ਰਤੀਤ ਹੋਇਆ ਜਿਵੇਂ ਉਸ ਨੂੰ ਹਰਾਉਣਾ ਅਸੰਭਵ ਹੋਵੇਗਾ। ਜ਼ਕੀ ਦੀ ਰਫ਼ਤਾਰ ਸ਼ੁਰੂ 'ਚ ਜ਼ਿਆਦਾ ਤੇਜ਼ ਸੀ। ਉਸ ਨੇ 25 ਸ਼ਬਦਾਂ ਦੀ ਕੋਸ਼ਿਸ਼ ਕੀਤੀ, ਪਰ ਉਨ੍ਹਾਂ 'ਚੋਂ ਚਾਰ ਗ਼ਲਤ ਹੋ ਗਏ।

ਸਕ੍ਰਿਪਸ ਨੈਸ਼ਨਲ ਸਪੈਲਿੰਗ-ਬੀ 'ਚ ਦੁਨੀਆਂ ਭਰ ਦੇ 11 ਮਿਲੀਅਨ ਪ੍ਰਤੀਯੋਗੀਆਂ ਨੇ ਹਿੱਸਾ ਲਿਆ ਅਤੇ ਸੋਮਾ ਸਭ ਤੋਂ ਵੱਧ ਆਤਮ-ਵਿਸ਼ਵਾਸੀ ਫ਼ਾਈਨਲਿਸਟਾਂ 'ਚੋਂ ਇੱਕ ਬਣ ਕੇ ਉਭਰਿਆ। ਉਹ ਇਹ ਖਿਤਾਬ ਹਾਸਿਲ ਕਰਨ ਵਾਲਾ 28ਵਾਂ ਭਾਰਤੀ-ਅਮਰੀਕੀ ਹੈ। 12 ਸਾਲਾ ਸੋਮਾ ਨੇ ਸੱਤ ਫ਼ਾਈਨਲਿਸਟਾਂ ਸਮੇਤ 228 ਹੋਰ ਪ੍ਰਤੀਯੋਗੀਆਂ ਨੂੰ ਹਰਾਇਆ। ਪਹਿਲਾਂ ਇਸ ਮੁਕਾਬਲੇ ਦੇ ਸ਼ੁਰੂਆਤੀ ਦੌਰ ਹੋਏ ਅਤੇ ਫ਼ਿਰ ਕੁਆਰਟਰ ਫ਼ਾਈਨਲ ਅਤੇ ਸੈਮੀਫ਼ਾਈਨਲ ਮੁਕਾਬਲੇ ਹੋਏ। ਇਸ ਸਾਲ ਅੱਠ ਫ਼ਾਈਨਲਿਸਟਾਂ 'ਚੋਂ ਛੇ ਭਾਰਤੀ-ਅਮਰੀਕੀਆਂ ਸਮੇਤ ਦੱਖਣੀ ਏਸ਼ੀਆਈ ਮੂਲ ਦੇ ਹਨ।

ਸੋਮਾ ਨੇ ਇਸ ਤੋਂ ਪਹਿਲਾਂ 2022 (163ਵੇਂ ਸਥਾਨ ਲਈ ਟਾਈ) ਅਤੇ 2023 (74ਵੇਂ ਸਥਾਨ ਲਈ ਟਾਈ) 'ਚ ਮੁਕਾਬਲਾ ਕੀਤਾ ਸੀ। ਸੋਮਾ ਦੀ ਪ੍ਰੋਫ਼ਾਈਲ ਅਨੁਸਾਰ ਉਹ ਇੱਕ ਬਹੁਪੱਖੀ ਬੱਚਾ ਹੈ ਜਿਸ 'ਚ ਬਹੁਤ ਸਾਰੀਆਂ ਰੁਚੀਆਂ ਅਤੇ ਸ਼ੌਂਕ ਹਨ। ਉਸ ਨੂੰ ਬਾਸਕਟਬਾਲ ਖੇਡਣਾ ਅਤੇ ਦੇਖਣਾ ਪਸੰਦ ਹੈ ਅਤੇ ਉਸ ਦਾ ਪਸੰਦੀਦਾ ਖਿਡਾਰੀ ਲਬਰੌਨ ਜੇਮਜ਼ ਹੈ। ਉਹ ਬੈਡਮਿੰਟਨ ਅਤੇ ਪਿੰਗ-ਪੌਂਗ ਖੇਡਣਾ ਵੀ ਪਸੰਦ ਕਰਦਾ ਹੈ। ਸੋਮਾ ਨੂੰ ਸੰਗੀਤ ਦਾ ਵੀ ਸ਼ੌਕ ਹੈ, ਅਤੇ ਆਪਣੇ ਮਿਡਲ ਸਕੂਲ ਦੇ ਬੈਂਡ 'ਚ ਉਹ ਸਨੇਅਰ ਡਰੱਮ ਵਜਾਉਂਦਾ ਹੈ। ਉਹ ਇੱਕ ਸ਼ੌਕੀਨ ਪਾਠਕ ਹੈ ਜੋ ਕਿਸੇ ਵੀ ਕਿਤਾਬ ਨੂੰ ਫ਼ਟਾਫ਼ਟ ਪੜ੍ਹ ਲੈਂਦਾ ਹੈ।

ਚੈਂਪੀਅਨ ਦੇ ਮਾਤਾ-ਪਿਤਾ ਅਤੇ ਭੈਣਾਂ ਵੀ ਇਸ ਮੌਕੇ ਮੌਜੂਦ ਸਨ, ਅਤੇ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਆਪਣੇ ਪੁੱਤਰ ਦੀ ਇਸ ਪ੍ਰਾਪਤੀ 'ਤੇ ਬਹੁਤ ਮਾਣ ਹੈ। ਸੋਮਾ ਦੀ ਮਾਂ ਨੇ ਇਹ ਵੀ ਦੱਸਿਆ ਕਿ ਉਸ ਦੇ ਪੁੱਤਰ ਦੀ ਯਾਦਦਾਸ਼ਤ ਤੇਜ਼ ਹੈ, ਅਤੇ ਉਸ ਨੇ 80 ਫ਼ੀਸਦੀ ਭਗਵਤ ਗੀਤਾ ਨੂੰ ਯਾਦ ਕੀਤਾ ਹੋਇਆ ਹੈ। ਪਿਛਲੇ 20 ਸਾਲਾਂ 'ਚ ਭਾਰਤੀ ਅਮਰੀਕੀਆਂ ਨੇ ਸਕ੍ਰਿਪਸ ਨੈਸ਼ਨਲ ਸਪੈਲਿੰਗ-ਬੀ 'ਤੇ ਆਪਣਾ ਦਬਦਬਾ ਕਾਇਮ ਕੀਤਾ ਹੋਇਅ, ਅਤੇ ਇਹ ਇੱਕ ਅਜਿਹਾ ਸਮੂਹ ਜੋ ਅਮਰੀਕਾ ਦੀ ਆਬਾਦੀ ਦਾ ਲਗਭਗ 1.3 ਪ੍ਰਤੀਸ਼ਤ ਬਣਦਾ ਹੈ।

# ਭਾਰਤੀ-ਅਮਰੀਕੀ ਡਾਕਟਰ ਲੜ ਰਿਹੈ ਪ੍ਰਤੀਨਿਧੀ ਸਭਾ ਦੀ ਚੋਣ

**ਨਵੀਂ ਦਿੱਲੀ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਮੂਲ ਦੇ ਅਮਰੀਕੀ ਡਾਕਟਰ ਪ੍ਰਸ਼ਾਂਤ ਰੈਡੀ ਰਿਪਬਲਿਕਨ ਪਾਰਟੀ ਦੀ ਤਰਫ਼ੋਂ ਕੰਸਾਸ ਦੇ ਤੀਜੇ ਕਾਂਗਰੈਸ਼ਨਲ ਜ਼ਿਲ੍ਹੇ ਤੋਂ ਅਮਰੀਕੀ ਪ੍ਰਤੀਨਿਧੀ ਸਭਾ ਲਈ ਚੋਣ ਲੜ ਰਹੇ ਹਨ। ਡੈਮੋਕ੍ਰੈਟਿਕ ਪਾਰਟੀ ਦੇ ਨੇਤਾ ਸੈਰੀਸ ਡੇਵਿਡਜ਼ ਫ਼ਿਲਹਾਲ ਇਸ ਸੀਟ ਤੋਂ ਸੰਸਦ ਮੈਂਬਰ ਹਨ। ਡੇਵਿਡਜ਼ 2018 ਤੋਂ ਲਗਾਤਾਰ ਤਿੰਨ ਵਾਰ ਚੁਣੇ ਗਏ ਹਨ। ਕੈਨਸਾਸ 'ਚ 6 ਅਗਸਤ ਨੂੰ ਪ੍ਰਾਇਮਰੀ ਚੋਣਾਂ ਹੋਣਗੀਆਂ। ਚੇਨੱਈ 'ਚ ਜਨਮੇ ਰੈੱਡੀ ਨੂੰ ਮਾਈਕ ਜੌਨਸਨ ਸਮੇਤ ਰੀਪਬਲੀਕਨ ਪਾਰਟੀ ਦੇ ਸੀਨੀਅਰ ਨੇਤਾਵਾਂ ਦਾ ਸਮਰਥਨ ਹਾਸਿਲ ਹੈ। ਡਾਕਟਰ ਰੈੱਡੀ ਨੇ ਦੱਸਿਆ, "ਇੱਕ ਪਰਵਾਸੀ ਹੋਣ ਦੇ ਨਾਤੇ ਮੈਂ ਅਮਰੀਕੀ ਸੁਪਨੇ ਨੂੰ ਜਿਊਂਦਾ ਰਿਹਾਂ ਅਤੇ ਉਸ ਦੇਸ਼ 'ਚ ਯੋਗਦਾਨ ਪਾਉਣ ਦੀ ਪੂਰੀ ਕੋਸ਼ਿਸ਼ ਕੀਤੀ ਹੈ ਜਿਸ ਨੇ ਮੈਨੂੰ ਸਭ ਕੁਝ ਦਿੱਤਾ ਹੈ।"

# ਮੋਟਰਸਾਈਕਲ ਸਵਾਰ ਨੇ ਗੱਡੀ ਨੂੰ ਪਿਛੇ ਤੋਂ ਮਾਰੀ ਟਰੱਕ, ਗੱਡੀ ਨੁਕਸਾਨੀ, ਜਾਨੀ ਨੁਕਸਾਨ ਤੋਂ ਰਿਹਾ ਬਚਾਅ

**ਡੇਰਾ ਬਸੀ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਅੰਬਾਲਾ ਚੰਡੀਗੜ੍ਹ ਨੈਸ਼ਨਲ ਹਾਈਵੇਅ ਤੇ ਸਥਿਤ ਸਰਤਾਜ ਹੋਟਲ ਦੇ ਨਜ਼ਦੀਕ ਇੱਕ ਮੋਟਰਸਾਈਕਲ ਸਵਾਰ ਨੇ ਗੱਡੀ ਨੂੰ ਪਿਛੇ ਤੋਂ ਟੱਕਰ ਮਾਰ ਦਿੱਤੀ। ਜਿਸ ਕਾਰਨ ਗੱਡੀ ਦਾ ਸ਼ੀਸ਼ਾ ਅਤੇ ਬੱਪਰ ਟੁੱਟ ਗਿਆ। ਇਸ ਟੱਕਰ ਵਿੱਚ ਮੋਟਰਸਾਈਕਲ ਸਵਾਰ ਜ਼ਖ਼ਮੀ ਹੋ ਗਿਆ ਪਰ ਜਾਨੀ ਨੁਕਸਾਨ ਤੋਂ ਬਚਾਅ ਹੋ ਗਿਆ।

ਪ੍ਰਾਪਤ ਜਾਣਕਾਰੀ ਅਨੁਸਾਰ ਵਿਜੈ ਸਿੰਘ ਨੇ ਦੱਸਿਆ ਕਿ ਉਹ ਆਪਣੇ ਦੋਸਤਾਂ ਨਾਲ ਹਿਮਾਚਲ ਗਏ ਹੋਏ ਸੀ। ਉਹ ਚੰਡੀਗੜ੍ਹ ਤੋਂ ਅੰਬਾਲਾ ਵੱਲ ਨੂੰ ਜਾ ਰਹੇ ਸੀ। ਜਦੋਂ ਉਹ ਦੁਪਹਿਰ ਢਾਈ ਵਜੇ ਦੇ ਕਰੀਬ ਅੰਬਾਲਾ ਚੰਡੀਗੜ੍ਹ ਨੈਸ਼ਨਲ ਹਾਈਵੇਅ ਤੇ ਸਥਿਤ ਸਰਤਾਜ ਹੋਟਲ ਡੇਰਾਬੱਸੀ ਦੇ ਨਜ਼ਦੀਕ ਪਹੁੰਚੇ ਤਾਂ ਇੱਕ ਤੇਜ਼ ਰਫ਼ਤਾਰ ਮੋਟਰਸਾਈਕਲ ਸਵਾਰ ਨੇ ਪਿਛੇ ਤੋਂ ਉਨ੍ਹਾਂ ਦੀ ਐਕਸ ਯੂ ਵੀ 500 ਕਾਲੇ ਰੰਗ ਦੀ ਗੱਡੀ ਨੂੰ ਟੱਕਰ ਮਾਰ ਦਿੱਤੀ।




ਜਿਸ ਕਾਰਨ ਉਨ੍ਹਾਂ ਦੀ ਕਾਰ ਦਾ ਪਿਛਲਾ ਸ਼ੀਸ਼ਾ ਅਤੇ ਬੱਪਰ ਬੁਰੀ ਤਰਾਂ ਟੁੱਟ ਗਿਆ। ਪਰ ਇਸ ਦੌਰਾਨ ਜਾਨੀ ਨੁਕਸਾਨ ਤੋਂ ਬਚਾਅ ਹੋ ਗਿਆ।

ਇਸ ਟੱਕਰ ਵਿੱਚ ਮੋਟਰਸਾਈਕਲ ਸਵਾਰ ਜ਼ਖ਼ਮੀ ਹੋ ਗਿਆ। ਜਿਸ ਨੂੰ ਇਲਾਜ ਲਈ ਸਿਵਲ ਹਸਪਤਾਲ ਡੇਰਾਬੱਸੀ ਵਿਖੇ ਦਾਖਲ ਕਰਵਾਇਆ ਗਿਆ। ਜਿਸ ਨੂੰ ਮੁਢਲੀ ਸਹਾਇਤਾ ਦੇਕੇ ਉਸ ਨੂੰ ਘਰ ਭੇਜ ਦਿੱਤਾ ਹੈ।

# ਕਾਂਗਰਸ ਨੇ 10 ਸਾਲ ਬਾਅਦ ਚੰਡੀਗੜ੍ਹ ਸੀਟ ਜਿੱਤੀ

**ਚੰਡੀਗੜ੍ਹ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਚੰਡੀਗੜ੍ਹ ਲੋਕ ਸਭਾ ਸੀਟ ਜਿੱਤ ਲਈ ਹੈ। ਤਿਵਾੜੀ ਨੇ 14ਵੇਂ ਰਾਊਂਡ 'ਚ 3689 ਵੋਟਾਂ ਨਾਲ ਜਿੱਤ ਦਰਜ ਕੀਤੀ ਹੈ। 10 ਸਾਲਾਂ ਬਾਅਦ ਚੰਡੀਗੜ੍ਹ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਸੰਜੇ ਟੰਡਨ ਨੂੰ ਹਰਾ ਕੇ ਮਨੀਸ਼ ਤਿਵਾੜੀ ਕਾਂਗਰਸ ਤੋਂ ਜਿੱਤੇ ਹਨ।

ਮਨੀਸ਼ ਤਿਵਾੜੀ ਨੇ ਸੰਜੇ ਟੰਡਨ ਨੂੰ ਬੇਹੱਦ ਸਖ਼ਤ ਮੁਕਾਬਲੇ ਵਿੱਚ ਹਰਾਇਆ। ਭਾਰਤੀ ਜਨਤਾ ਪਾਰਟੀ ਚੰਡੀਗੜ੍ਹ ਵਿੱਚ ਪਹਿਲੇ ਗੇੜ ਤੋਂ ਕਦੇ ਵੀ ਜਿੱਤਣ ਦੀ ਸਥਿਤੀ ਵਿੱਚ ਨਹੀਂ ਸੀ ਅਤੇ ਨਾ ਹੀ ਸੰਜੇ ਟੰਡਨ ਮਨੀਸ਼ ਤਿਵਾਰੀ ਨੂੰ ਪਛਾੜ ਸਕੇ।

ਸਨਮਾਨ ਦੇ ਮੁਕਾਬਲੇ ਵਿੱਚ ਮਲਹੋਤਰਾ ਦੀ ਭਰੋਸੇਯੋਗਤਾ ਘਟੀ ਜਦੋਂਕਿ ਲੱਕੀ ਦੀ ਭਰੋਸੇਯੋਗਤਾ ਵਧੀ। ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਸੰਜੇ ਟੰਡਨ ਦੀ ਭਾਜਪਾ ਨੇਤਾਵਾਂ ਤੋਂ ਸਮਰਥਨ ਨਾ ਮਿਲਣਾ ਉਨ੍ਹਾਂ ਦੀ ਅਸਫਲਤਾ ਦਾ ਵੱਡਾ ਕਾਰਨ ਸੀ। ਭਾਜਪਾ ਦੇ ਸਾਬਕਾ ਪ੍ਰਧਾਨ ਅਰੁਣ ਸੂਦ, ਮਜ਼ਬੂਤ ਨੇਤਾ ਸਤੇਂਦਰ ਜੈਨ, ਭਾਜਪਾ ਦੀ ਮੌਜੂਦਾ ਸੰਸਦ ਕਿਰਨ ਖੇਰ ਪੂਰੇ ਪ੍ਰਚਾਰ ਦੌਰਾਨ ਕਿਤੇ ਨਜ਼ਰ ਨਹੀਂ ਆਏ।

# ਆਈਬੀਐਮ ਨੇ ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਦੇ ਬੀਟੈਕ ਸੀਐਸਈ ਵਿਦਿਆਰਥੀਆਂ ਨੂੰ ਪਹਿਲੇ ਸਾਲ ਵਿੱਚ ਪ੍ਰੋਜੈਕਟ ਸੌਂਪੇ



**ਰੂਪ ਨਗਰ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਤਿਭਾ ਨੂੰ ਪਾਲਣ ਅਤੇ ਉਦਯੋਗ ਦੀ ਤਿਆਰੀ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਇੱਕ ਮਹੱਤਵਪੂਰਨ ਪਹਿਲਕਦਮੀ ਵਿੱਚ, ਆਈਬੀਐਮ ਨੇ ਲੈਮਰਿਨ ਟੈਕ ਸ?ਕਿਲਜ਼ ਯੂਨੀਵਰਸਿਟੀ ਪੰਜਾਬ ਵਿਖੇ ਬੀਟੈਕ ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ (ਸੀਐਸਈ) ਦੇ ਵਿਦਿਆਰਥੀਆਂ ਨੂੰ ਪ੍ਰੋਜੈਕਟ ਸੌਂਪੇ ਹਨ। ਇਹ ਪ੍ਰੋਜੈਕਟ, ਵਿਦਿਆਰਥੀਆਂ ਦੇ ਬੇਮਿਸਾਲ ਹੁਨਰ ਦੀ ਗੁਣਵੱਤਾ ਅਤੇ ਵੱਖ-ਵੱਖ ਹੁਨਰ ਮੁਕਾਬਲਿਆਂ ਵਿੱਚ ਪ੍ਰਾਪਤੀਆਂ ਦੇ ਆਧਾਰ 'ਤੇ ਸਾਵਧਾਨੀ ਨਾਲ ਤਿਆਰ ਕੀਤੇ ਗਏ, ਪ੍ਰਤਿਭਾ ਨੂੰ ਪਾਲਣ ਅਤੇ ਉਦਯੋਗ ਦੇ ਨੇਤਾਵਾਂ ਦੀ ਅਗਲੀ ਪੀੜ੍ਹੀ ਨੂੰ ਤਿਆਰ ਕਰਨ ਲਈ ਆਈਬੀਐਮ ਦੀ ਵਚਨਬੱਧਤਾ ਨੂੰ ਰੇਖਾਂਕਿਤ ਕਰਦੇ ਹਨ। ਇਹਨਾਂ ਪ੍ਰੋਜੈਕਟਾਂ ਲਈ ਚੋਣ ਪ੍ਰਕਿਰਿਆ ਆਈਬੀਐਮ ਦੇ ਮਾਣਯੋਗ ਵਿਸ਼ਾ ਵਸਤੂ ਮਾਹਿਰਾਂ ਦੇ ਫੀਡਬੈਕ ਦੁਆਰਾ ਸੇਧਿਤ ਹੁੰਦੀ ਹੈ, ਜੋ ਵਿਦਿਆਰਥੀਆਂ ਦੇ ਹੁਨਰ ਨੂੰ ਵਧਾਉਣ ਲਈ ਨਿਯਮਿਤ ਤੌਰ 'ਤੇ ਲੈਮਰਿਨ ਟੈਕ ਸਕਿੱਲਜ ਯੂਨੀਵਰਸਿਟੀ ਦਾ ਦੌਰਾ ਕਰਦੇ ਹਨ।

ਇਹ ਸਹਿਯੋਗੀ ਯਤਨ ਵਿਦਿਆਰਥੀਆਂ ਨੂੰ ਤਿਆਰ ਕਰਨ ਅਤੇ ਉਨ੍ਹਾਂ ਦੇ ਅਕਾਦਮਿਕ ਸਫ਼ਰ ਦੀ ਸ਼ੁਰੂਆਤ ਤੋਂ ਹੀ ਉਨ੍ਹਾਂ ਨੂੰ ਉਦਯੋਗ ਲਈ ਤਿਆਰ ਬਣਾਉਣ ਲਈ ਯੂਨੀਵਰਸਿਟੀ ਦੇ ਸਮਰਪਣ ਨੂੰ ਦਰਸਾਉਂਦਾ ਹੈ। ਇਸ ਪਹਿਲਕਦਮੀ ਦੀ ਸਫਲਤਾ ਦਾ ਸਿਹਰਾ ਕਠੋਰ ਦਾਖਲਾ ਪ੍ਰਕਿਰਿਆ, ਆਈਬੀਐਮ ਦੁਆਰਾ ਪ੍ਰਦਾਨ ਕੀਤੀ ਗਈ ਭਰਪੂਰ ਅਧਿਐਨ ਸਮੱਗਰੀ, ਅਤੇ ਸਮਰਪਿਤ ਫੈਕਲਟੀ ਮੈਂਬਰਾਂ ਦੇ ਅਟੁੱਟ ਸਮਰਥਨ ਨੂੰ ਦਿੱਤਾ ਜਾ ਸਕਦਾ ਹੈ, ਆਈਬੀਐਮ ਦੇ ਵਿਸ਼ਾ ਵਸਤੂ ਮਾਹਿਰਾਂ ਦੁਆਰਾ ਪੂਰਕ ਇਕੱਠੇ ਮਿਲ ਕੇ, ਉਹ ਇਹ ਯਕੀਨੀ ਬਣਾਉਂਦੇ ਹਨ ਕਿ ਵਿਦਿਆਰਥੀਆਂ ਨੂੰ ਉਹਨਾਂ ਦੇ ਪ੍ਰੋਜੈਕਟਾਂ ਵਿੱਚ ਅਤੇ ਇਸ ਤੋਂ ਅੱਗੇ ਵਧਣ ਲਈ ਵਿਆਪਕ ਮਾਰਗਦਰਸ਼ਨ ਅਤੇ ਸਲਾਹਕਾਰ ਪ੍ਰਾਪਤ ਹੁੰਦਾ ਹੈ।

ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਅਤੇ ਫੈਕਲਟੀ ਮੈਂਬਰਾਂ ਦੀ ਵਚਨਬੱਧਤਾ ਨੂੰ ਮਾਨਤਾ ਦਿੰਦੇ ਹੋਏ, ਐਲਟੀਐਸਯੂ ਦੇ ਚਾਂਸਲਰ ਡਾ ਸੰਦੀਪ ਸਿੰਘ ਕੌੜਾ ਨੇ ਹਾਰਦਿਕ ਵਧਾਈ ਦਿੱਤੀ। ਡਾ. ਕੌੜਾ ਨੇ ਯੂਨੀਵਰਸਿਟੀ ਸਕੂਲ ਆਫ਼ ਇੰਜਨੀਅਰਿੰਗ ਐਂਡ ਟੈਕਨਾਲੋਜੀ (ਯੂਐਸਈਟੀ) ਦੇ ਸੀਐਸਈ ਵਿਭਾਗ ਨੂੰ ਪੂਰਾ ਸਮਰਥਨ ਦੇਣ ਦਾ ਭਰੋਸਾ ਦਿਵਾਇਆ, ਇਹ ਯਕੀਨੀ ਬਣਾਉਂਦੇ ਹੋਏ ਕਿ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਅਕਾਦਮਿਕ ਅਤੇ ਪੇਸ਼ੇਵਰ ਕੰਮਾਂ ਵਿੱਚ ਸਮਰੱਥ ਬਣਾਉਣ ਲਈ ਸਾਰੇ ਲੋੜੀਂਦੇ ਸਰੋਤ ਉਪਲਬਧ ਹੋਣਗੇ। ਇਹ ਧਿਆਨ ਦੇਣ ਯੋਗ ਹੈ ਕਿ ਐਲਟੀਐਸਯੂ ਪੰਜਾਬ, ਭਾਰਤ ਭਰ ਦੇ 18 ਰਾਜਾਂ ਦੇ ਹੋਣਹਾਰ ਵਿਦਿਆਰਥੀਆਂ ਦਾ ਘਰ ਹੈ, ਜੋ ਇੱਕ ਵਿਭਿੰਨ ਅਤੇ ਭਰਪੂਰ ਸਿੱਖਣ ਦੇ ਮਾਹੌਲ ਨੂੰ ਉਤਸ਼ਾਹਿਤ ਕਰਦਾ ਹੈ ਜੋ ਵਿਦਿਆਰਥੀਆਂ ਨੂੰ ਵਿਸ਼ਵ ਪੱਧਰ 'ਤੇ ਸਫਲਤਾ ਲਈ ਤਿਆਰ ਕਰਦਾ ਹੈ। ਇਹ ਆਈਬੀਐਮ ਅਤੇ ਯੂਨੀਵਰਸਿਟੀ ਵਿਚਕਾਰ ਸਹਿਯੋਗ ਨੂੰ ਉਜਾਗਰ ਕਰਦਾ ਹੈ, ਵਿਦਿਆਰਥੀਆਂ ਨੂੰ ਸ਼ਕਤੀਕਰਨ ਅਤੇ ਉਦਯੋਗ ਦੀ ਤਿਆਰੀ ਨੂੰ ਉਤਸ਼ਾਹਿਤ ਕਰਨ ਵਿੱਚ ਦੋਵਾਂ ਧਿਰਾਂ ਦੀ ਭੂਮਿਕਾ 'ਤੇ ਜ਼ੋਰ ਦਿੰਦਾ ਹੈ।

# ਟਰੱਕ ਨਾਲ ਕਾਰ ਟਕਰਾਉਣ ਕਾਰਨ ਪਤੀ-ਪਤਨੀ ਦੀ ਮੌਤ




**ਤਰਨ ਤਾਰਨ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਤਰਨ ਤਾਰਨ-ਪੱਟੀ ਸੜਕ 'ਤੇ ਪਿੰਡ ਜੰਡੋਕੇ ਸਰਹਾਲੀ ਨੇੜੇ ਬੀਤੀ ਰਾਤ ਵਾਪਰੇ ਸੜਕ ਹਾਦਸੇ ਵਿੱਚ ਪਤੀ-ਪਤਨੀ ਦੀ ਮੌਤ ਹੋ ਗਈ ਜਦਕਿ ਉਨ੍ਹਾਂ ਦਾ ਲੜਕਾ ਵਾਲ-ਵਾਲ ਬਚ ਗਿਆ। ਮ੍ਰਿਤਕਾਂ ਦੀ ਸ਼ਨਾਖਤ ਦਰਸ਼ਨ ਸਿੰਘ (65) ਅਤੇ ਉਸ ਦੀ ਪਤਨੀ ਰਾਜਵੰਤ ਕੌਰ (60) ਵਾਸੀ ਮੁਹੱਲਾ ਭੁੱਲਰਾਂ ਵਾਲਾ, ਪੱਟੀ ਵਜੋਂ ਹੋਈ ਹੈ। ਉਹ ਆਪਣੇ ਲੜਕੇ ਨਵਤੇਜਬਿੰਦਰ ਸਿੰਘ ਨਾਲ ਕਾਰ 'ਤੇ ਤਰਨ ਤਾਰਨ ਤੋਂ ਪੱਟੀ ਵਾਪਸ ਜਾ ਰਹੇ ਸਨ। ਰਸਤੇ ਵਿੱਚ ਜੰਡੋਕੇ ਸਰਹਾਲੀ ਨੇੜੇ ਬੱਜਰੀ ਦਾ ਭਰਿਆ ਟਰੱਕ ਖੜ੍ਹਾ ਸੀ। ਹਨੇਰੇ ਵਿੱਚ ਨਵਤੇਜਬਿੰਦਰ ਸਿੰਘ ਨੂੰ ਟਰੱਕ ਦਾ ਪਤਾ ਨਹੀਂ ਲੱਗਾ ਅਤੇ ਉਨ੍ਹਾਂ ਦੀ ਕਾਰ ਸੜਕ 'ਤੇ ਖੜ੍ਹੇ ਟਰੱਕ ਪਿੱਛੇ ਟਕਰਾਉਣ ਮਗਰੋਂ ਸੜਕ ਕਿਨਾਰੇ ਦਰੱਖਤ ਨਾਲ ਜਾ ਵੱਜੀ।

ਨਵਤੇਜਬਿੰਦਰ ਦੇ ਭਰਾ ਮਨਜਿੰਦਰ ਸਿੰਘ ਨੇ ਦੱਸਿਆ ਕਿ ਉਸ ਦੇ ਪਿਤਾ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦਕਿ ਮਾਂ ਨੇ ਹਸਪਤਾਲ ਜਾ ਕੇ ਦਮ ਤੋੜਿਆ। ਨਵਤੇਜਬਿੰਦਰ ਸਿੰਘ ਨੂੰ ਹਸਪਤਾਲ ਦਾਖਲ ਕਰਾਇਆ ਗਿਆ ਹੈ ਜਿੱਥੇ ਉਸ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ। ਪੱਟੀ ਦੇ ਡੀਐੱਸਪੀ ਕੰਵਲਜੀਤ ਸਿੰਘ ਨੇ ਦੱਸਿਆ ਕਿ ਇਸ ਸਬੰਧੀ ਸਰਹਾਲੀ ਪੁਲੀਸ ਨੇ ਟਰੱਕ ਚਾਲਕ ਖ਼ਿਲਾਫ਼ ਧਾਰਾ 304-ਏ, 279, 427, 283 ਤਹਿਤ ਕੇਸ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਟਰੱਕ ਡਰਾਈਵਰ ਮੌਕੇ ਤੋਂ ਫਰਾਰ ਹੋ ਗਿਆ ਸੀ। ਉਸ ਨੂੰ ਗ੍ਰਿਫ਼ਤਾਰ ਕਰਨ ਲਈ ਭਾਲ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਦਾਅਵਾ ਕੀਤਾ ਕਿ ਡਰਾਈਵਰ ਨੂੰ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਭਾਜਪਾ ਦਾ ਵੱਡਾ ਐਲਾਨ - ਪਾਰਟੀ 2025 ’ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਨਿਤੀਸ਼ ਕੁਮਾਰ ਦੀ ਅਗਵਾਈ ’ਚ ਲੜੇਗੀ

**ਨਵੀਂ ਦਿੱਲੀ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਲੋਕ ਸਭਾ ਚੋਣ ਨਤੀਜਿਆਂ ਵਿੱਚ ਭਾਜਪਾ ਦੇ ਸਪੱਸ਼ਟ ਬਹੁਮਤ ਹਾਸਲ ਕਰਨ ਵਿੱਚ ਅਸਫਲ ਰਹਿਣ ਦੇ ਦੋ ਦਿਨ ਬਾਅਦ, ਐਨਡੀਏ ਵਿੱਚ ਇਸ ਦੇ ਸਹਿਯੋਗੀ ਪਾਰਟੀਆਂ ਨੇ ਕੇਂਦਰ ਵਿੱਚ ਅਹਿਮ ਅਹੁਦਿਆਂ ਲਈ ਸਖ਼ਤ ਸੌਦੇਬਾਜ਼ੀ ਸ਼ੁਰੂ ਕਰ ਦਿੱਤੀ ਹੈ। ਇਸ ਦੇ ਨਾਲ ਹੀ ਭਾਜਪਾ ਨੇ ਵੱਡਾ ਐਲਾਨ ਕੀਤਾ ਹੈ ਕਿ ਪਾਰਟੀ 2025 ’ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਨਿਤੀਸ਼ ਕੁਮਾਰ ਦੀ ਅਗਵਾਈ ’ਚ ਲੜੇਗੀ।

ਸੂਤਰਾਂ ਨੇ ਕਿਹਾ ਕਿ ਭਾਜਪਾ ਮੁੱਖ ਮੰਤਰਾਲਿਆਂ ਅਤੇ ਭੂਮਿਕਾਵਾਂ ਨੂੰ ਛੱਡਣ ਦੇ ਮੂਡ ਵਿੱਚ ਨਹੀਂ ਹੈ। ਜਾਦੂਈ ਅੰਕੜੇ ਤੋਂ ਦੂਰ ਇਕੱਲੀ ਸਭ ਤੋਂ ਵੱਡੀ ਪਾਰਟੀ ਦੇ ਨਾਲ, ਐਨਡੀਏ ਦੇ ਸਹਿਯੋਗੀਆਂ ਨੂੰ ਹੁਣ ਸਹਿਮਤੀ ਤੱਕ ਪਹੁੰਚਣ ਲਈ ਸਖ਼ਤ ਕਦਮਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿਉਂਕਿ ਇਸ ਹਫ਼ਤੇ ਦੇ ਅੰਤ ਵਿੱਚ ਤੀਜੀ ਨਰਿੰਦਰ ਮੋਦੀ ਸਰਕਾਰ ਦਾ ਸਹੁੰ ਚੁੱਕ ਸਮਾਗਮ ਦੇ ਆਯੋਜਨਾ ਕਰਨ ਦੀ ਯੋਜਨਾ ਹੈ।

ਬਹੁਮਤ ਤੱਕ ਪਹੁੰਚਣ ਲਈ ਭਾਜਪਾ ਲਈ ਜਿਨ੍ਹਾਂ ਚਾਰ ਸਹਿਯੋਗੀ ਪਾਰਟੀਆਂ ਦਾ ਸਮਰਥਨ ਮਹੱਤਵਪੂਰਨ ਹੈ, ਉਹ ਐਨ ਚੰਦਰਬਾਬੂ ਨਾਇਡੂ ਦੀ ਟੀਡੀਪੀ, ਜਿਸ ਨੇ 16 ਸੀਟਾਂ ਜਿੱਤੀਆਂ ਹਨ, ਨਿਤੀਸ਼ ਕੁਮਾਰ ਦੀ ਜੇਡੀਯੂ ਨੇ (12) ਸੀਟਾਂ ਜਿੱਤੀਆਂ ਹਨ, ਏਕਨਾਥ ਸ਼ਿੰਦੇ ਦੀ ਸ਼ਿਵ ਸੈਨਾ (7) ਅਤੇ ਚਿਰਾਗ ਪਾਸਵਾਨ ਦੀ ਲੋਕ ਜਨਸ਼ਕਤੀ ਪਾਰਟੀ -ਰਾਮ ਵਿਲਾਸ( 5) ਹਨ।

ਐਨ ਚੰਦਰਬਾਬੂ ਨਾਇਡੂ ਅਤੇ ਨਿਤੀਸ਼ ਕੁਮਾਰ, ਗੱਠਜੋੜ ਯੁੱਗ ਦੇ ਦੋਵੇਂ ਦਿੱਗਜ ਨੇਤਾ, ਇਸ ਚੋਣ ਵਿੱਚ ਕਿੰਗਮੇਕਰ ਵਜੋਂ ਉਭਰੇ ਹਨ ਅਤੇ ਸਮਝਿਆ ਜਾਂਦਾ ਹੈ ਕਿ ਉਨ੍ਹਾਂ ਲਈ ਸਮਰਥਨ ਪ੍ਰਾਪਤ ਕਰਨ ਲਈ ਕੇਂਦਰ ਵਿੱਚ ਮੁੱਖ ਭੂਮਿਕਾ ਦੀ ਮੰਗ ਕੀਤੀ ਗਈ ਹੈ।

ਇਹ ਪਤਾ ਲੱਗਾ ਹੈ ਕਿ ਟੀਡੀਪੀ ਨੇ ਲੋਕ ਸਭਾ ਸਪੀਕਰ ਦਾ ਅਹੁਦਾ ਵੀ ਮੰਗਿਆ ਹੈ, ਜਦੋਂ ਕਿ ਜੇਡੀਯੂ ਦੇ ਸੂਤਰਾਂ ਨੇ ਕਿਹਾ ਕਿ ਉਹ ਐਨਡੀਏ ਸਰਕਾਰ ਲਈ ਘੱਟੋ-ਘੱਟ ਸਾਂਝੇ ਪ੍ਰੋਗਰਾਮ ਲਈ ਦਬਾਅ ਪਾ ਸਕਦੇ ਹਨ ਅਤੇ ਇਸ ਨੂੰ ਲਾਗੂ ਕਰਨ ਲਈ ਬਣਾਈ ਗਈ ਤਾਲਮੇਲ ਕਮੇਟੀ ਦੀ ਅਗਵਾਈ ਕਰਨ ਦੀ ਉਮੀਦ ਹੈ। ਸੂਤਰਾਂ ਨੇ ਕਿਹਾ ਕਿ ਭਾਜਪਾ ਸਪੀਕਰ ਦੀ ਭੂਮਿਕਾ ਛੱਡਣ ਲਈ ਤਿਆਰ ਨਹੀਂ ਹੈ ਅਤੇ ਟੀਡੀਪੀ ਨੂੰ ਡਿਪਟੀ ਸਪੀਕਰ ਦੇ ਅਹੁਦੇ ਦੀ ਪੇਸ਼ਕਸ਼ ਕੀਤੀ ਜਾ ਸਕਦੀ ਹੈ। ਰਾਜ ਸਭਾ ਦੇ ਉਪ ਚੇਅਰਮੈਨ ਅਹੁਦਾ ’ਤੇ ਵੈਸੇ ਵੀ ਜੇਡੀਯੂ ਦਾ ਕਬਜ਼ਾ ਹੈ।

ਇੱਕ ਹੋਰ ਵੱਡੀ ਤਬਦੀਲੀ ਹੈ। 2014 ਅਤੇ 2019 ਦੀਆਂ ਚੋਣਾਂ ਤੋਂ ਬਾਅਦ ਬਣੀਆਂ ਨਰਿੰਦਰ ਮੋਦੀ ਸਰਕਾਰਾਂ ਨੇ ਸਿਰਫ ਸਹਿਯੋਗੀਆਂ ਦੀ ਨੁਮਾਇੰਦਗੀ ਕੀਤੀ ਸੀ ਕਿਉਂਕਿ ਭਾਜਪਾ ਕੋਲ ਆਪਣੇ ਦਮ ’ਤੇ ਪੂਰਨ ਬਹੁਮਤ ਸੀ। ਪਰ ਇਸ ਵਾਰ ਭਾਜਪਾ ਨੂੰ ਹਰ ਸਹਿਯੋਗੀ ਵੱਲੋਂ ਜਿੱਤੀਆਂ ਸੀਟਾਂ ਦੇ ਅਨੁਪਾਤ ਵਿੱਚ ਮੰਤਰੀ ਅਹੁਦੇ ਵੰਡਣੇ ਪੈ ਸਕਦੇ ਹਨ।

ਹਾਲਾਂਕਿ, ਭਾਜਪਾ ਚਾਰ ਮੁੱਖ ਮੰਤਰਾਲਿਆਂ - ਰੱਖਿਆ, ਵਿੱਤ, ਗ੍ਰਹਿ ਮਾਮਲੇ ਅਤੇ ਵਿਦੇਸ਼ - ਜੋ ਸੁਰੱਖਿਆ ਬਾਰੇ ਕੈਬਨਿਟ ਕਮੇਟੀ ਦੇ ਅਧੀਨ ਆਉਂਦੇ ਹਨ - ਵਿੱਚ ਸਹਿਯੋਗੀ ਪਾਰਟੀਆਂ ਨੂੰ ਸ਼ਾਮਲ ਕਰਨ ਦੀ ਇੱਛੁਕ ਨਹੀਂ ਹੈ।

ਭਾਜਪਾ ਉਨ੍ਹਾਂ ਵਿਭਾਗਾਂ ਨੂੰ ਵੀ ਨਹੀਂ ਛੱਡਣਾ ਚਾਹੇਗੀ ਜੋ ਇਸਦੇ ਬੁਨਿਆਦੀ ਢਾਂਚੇ ਨੂੰ ਅੱਗੇ ਵਧਾਉਣ ਲਈ ਮਹੱਤਵਪੂਰਨ ਹਨ, ਜਿਵੇਂ ਕਿ ਸੜਕੀ ਆਵਾਜਾਈ ਅਤੇ ਰਾਜਮਾਰਗ, ਜਾਂ ਇਸ ਦੇ ਕਲਿਆਣ ਏਜੰਡੇ। ਚੋਣਾਂ ਤੋਂ ਪਹਿਲਾਂ ਭਾਜਪਾ ਦੇ ਵਾਅਦਿਆਂ ਵਿੱਚ ਪ੍ਰਧਾਨ ਮੰਤਰੀ ਮੋਦੀ ਦੁਆਰਾ ਪਛਾਣੀਆਂ ਗਈਆਂ ਚਾਰ ‘ਜਾਤਾਂ’ ਦਾ ਸਮਰਥਨ ਕਰਨਾ ਸੀ - ਗਰੀਬ, ਔਰਤਾਂ, ਨੌਜਵਾਨ ਅਤੇ ਕਿਸਾਨ।

ਭਾਜਪਾ ਇਨ੍ਹਾਂ ਸਮੂਹਾਂ ਨਾਲ ਸਬੰਧਤ ਵਿਭਾਗਾਂ ’ਤੇ ਆਪਣਾ ਕਬਜ਼ਾ ਬਰਕਰਾਰ ਰੱਖਣਾ ਚਾਹੇਗੀ।

ਨਰਿੰਦਰ ਮੋਦੀ ਸਰਕਾਰ ਦੇ ਪਿਛਲੇ 10 ਸਾਲਾਂ ਵਿੱਚ ਸੜਕਾਂ ਅਤੇ ਰਾਜਮਾਰਗਾਂ ਦੇ ਨਿਰਮਾਣ ਦੀ ਪ੍ਰਸ਼ੰਸਾ ਹੋਈ ਹੈ। ਨਿਤਿਨ ਗਡਕਰੀ ਦੀ ਅਗਵਾਈ ਹੇਠ ਇਸ ਯਤਨ ਨੇ ਦੂਰ-ਦੁਰਾਡੇ ਦੇ ਇਲਾਕਿਆਂ ਤੱਕ ਸੰਪਰਕ ਵਧਾਇਆ ਹੈ। ਸੂਤਰਾਂ ਨੇ ਕਿਹਾ ਕਿ ਭਾਜਪਾ ਆਪਣੇ ਕਿਸੇ ਵੀ ਸਹਿਯੋਗੀ ਨੂੰ ਕਾਰਜਭਾਰ ਦੇ ਕੇ ਰਫ਼ਤਾਰ ਗੁਆਉਣਾ ਨਹੀਂ ਚਾਹੇਗੀ। ਇਕ ਹੋਰ ਪ੍ਰਮੁੱਖ ਪੋਰਟਫੋਲੀਓ ਰੇਲਵੇ ਹੈ। ਜਦੋਂ ਕਿ ਜੇਡੀਯੂ ਦੇ ਸੂਤਰਾਂ ਨੇ ਕਿਹਾ ਹੈ ਕਿ ਉਹ ਰੇਲ ਮੰਤਰਾਲੇ ਦਾ ਚਾਰਜ ਪ੍ਰਾਪਤ ਕਰਨ ਲਈ ਉਤਸੁਕ ਹੈ, ਜੋ ਪਹਿਲਾਂ ਨਿਤੀਸ਼ ਕੁਮਾਰ ਕੋਲ ਸੀ, ਭਾਜਪਾ ਦੀਆਂ ਆਵਾਜ਼ਾਂ ਇਹ ਦਲੀਲ ਦਿੰਦੀਆਂ ਹਨ ਕਿ ਸੈਕਟਰ ਵਿੱਚ ਮਹੱਤਵਪੂਰਨ ਸੁਧਾਰ ਚੱਲ ਰਹੇ ਹਨ ਅਤੇ ਕੋਈ ਵੀ ਰੁਕਾਵਟ ਉਨ੍ਹਾਂ ਨੂੰ ਰੋਕ ਸਕਦੀ ਹੈ।

ਪਿਛਲੀਆਂ ਦੋ ਨਰਿੰਦਰ ਮੋਦੀ ਸਰਕਾਰਾਂ ਵਿੱਚ, ਸਹਾਇਕਾਂ ਨੂੰ ਫੂਡ ਪ੍ਰੋਸੈਸਿੰਗ ਅਤੇ ਭਾਰੀ ਉਦਯੋਗਾਂ ਵਰਗੇ ਮੁਕਾਬਲਤਨ ਘੱਟ ਮਹੱਤਵਪੂਰਨ ਵਿਭਾਗਾਂ ਵਿੱਚ ਭੂਮਿਕਾਵਾਂ ਮਿਲੀਆਂ। ਪਰ ਇਸ ਵਾਰ ਭਾਜਪਾ ਨੂੰ ਆਪਣੇ ਕੁਝ ਸਹਿਯੋਗੀਆਂ ਦੀਆਂ ਮੰਗਾਂ ਮੰਨਣੀਆਂ ਪੈ ਸਕਦੀਆਂ ਹਨ, ਕਿਉਂਕਿ ਉਨ੍ਹਾਂ ਕੋਲ ਆਪਣੇ ਦਮ ’ਤੇ ਬਹੁਮਤ ਨਹੀਂ ਹੈ।

# 9 ਨੂੰ ਪ੍ਰਧਾਨ ਮੰਤਰੀ ਅਹੁਦੇ ਦੀ ਸਹੁੰ ਚੁੱਕ ਸਕਦੇ ਹਨ ਮੋਦੀ

**ਨਵੀਂ ਦਿੱਲੀ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਸ੍ਰੀ ਨਰਿੰਦਰ ਮੋਦੀ 9 ਜੂਨ ਨੂੰ ਪ੍ਰਧਾਨ ਮੰਤਰੀ ਅਹੁਦੇ ਦੀ ਸਹੁੰ ਚੁੱਕ ਸਕਦੇ ਹਨ। ਸੂਤਰਾਂ ਮੁਤਾਬਕ ਸਹੁੰ ਚੁੱਕ ਪ੍ਰੋਗਰਾਮ 9 ਜੂਨ ਨੂੰ ਸ਼ਾਮ 6 ਵਜੇ ਹੋਵੇਗਾ। ਇਹ ਲਗਾਤਾਰ ਤੀਜੀ ਵਾਰ ਹੋਵੇਗਾ ਜਦੋਂ ਨਰਿੰਦਰ ਮੋਦੀ ਦੇਸ਼ ਦੇ ਪ੍ਰਧਾਨ ਮੰਤਰੀ ਬਣਨਗੇ। ਇਸ ਲੋਕ ਸਭਾ ਚੋਣ ਵਿੱਚ ਦੇਸ਼ ਵਾਸੀਆਂ ਨੇ ਇੱਕ ਵਾਰ ਫਿਰ ਭਾਜਪਾ ਦੀ ਅਗਵਾਈ ਵਾਲੀ ਐਨਡੀਏ ਨੂੰ ਬਹੁਮਤ ਦਿੱਤਾ ਹੈ। ਸੱਤਾਧਾਰੀ ਕੌਮੀ ਜਮਹੂਰੀ ਗੱਠਜੋੜ ਨੇ (ਐਨਡੀਏ) ਨੇ ਬੁੱਧਵਾਰ ਨੂੰ ਸਰਬਸੰਮਤੀ ਨਾਲ ਨਰਿੰਦਰ ਮੋਦੀ ਨੂੰ ਆਪਣਾ ਨੇਤਾ ਚੁਣ ਲਿਆ। ਇਸ ਦੇ ਨਾਲ ਹੀ ਨਵੀਂ ਸਰਕਾਰ ਬਣਾਉਣ ਦੀਆਂ ਤਿਆਰੀਆਂ ਵੀ ਸ਼ੁਰੂ ਹੋ ਗਈਆਂ ਹਨ।

# ਬਿਜਲੀ ਬੋਰਡ ਦਾ ਲਾਈਨਮੈਨ 5,000 ਰੁਪਏ ਰਿਸ਼ਵਤ ਲੈਂਦਾ ਵਿਜੀਲੈਂਸ ਬਿਊਰੋ ਵੱਲੋਂ ਰੰਗੇ ਹੱਥੀਂ ਕਾਬੂ

**ਚੰਡੀਗੜ੍ਹ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਵੀਰਵਾਰ ਨੂੰ ਪੀ.ਐਸ.ਪੀ.ਸੀ.ਐਲ. ਦਫ਼ਤਰ, ਫੋਕਲ ਪੁਆਇੰਟ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਵਿਖੇ ਤਾਇਨਾਤ ਲਾਈਨਮੈਨ ਸੁਖਵਿੰਦਰ ਸਿੰਘ ਨੂੰ 5,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਲਾਈਨਮੈਨ ਨੂੰ ਬਲਕਾਰ ਸਿੰਘ ਵਾਸੀ ਫੈਜ਼ਪੁਰਾ, ਤਹਿਸੀਲ ਬਟਾਲਾ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ ’ਤੇ ਗ੍ਰਿਫਤਾਰ ਕੀਤਾ ਗਿਆ ਹੈ।ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਕਿ ਉਪਰੋਕਤ ਲਾਈਨਮੈਨ ਨੇ ਉਸਦੇ ਨਵੇਂ ਲੱਗਣ ਵਾਲੇ ਘਰੇਲੂ ਬਿਜਲੀ ਕੁਨੈਕਸ਼ਨ ਬਾਰੇ ਠੀਕ ਰਿਪੋਰਟ ਭੇਜਣ ਬਦਲੇ 5,000 ਰੁਪਏ ਦੀ ਮੰਗ ਕੀਤੀ ਹੈ।ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਵੱਲੋਂ ਜਾਲ ਵਿਛਾਇਆ ਗਿਆ ਅਤੇ ਉਕਤ ਮੁਲਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ 5,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ ਗਿਆ।

ਉਨ੍ਹਾਂ ਦੱਸਿਆ ਕਿ ਇਸ ਸਬੰਧ ਵਿੱਚ ਵਿਜੀਲੈਂਸ ਬਿਊਰੋ ਦੇ ਥਾਣਾ ਅੰਮ੍ਰਿਤਸਰ ਰੇਂਜ ਵਿੱਚ ਮੁਲਜ਼ਮ ਖ਼ਿਲਾਫ਼ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਹੈ।

# ਸਰਕਾਰੀ ਅਧਿਕਾਰੀਆਂ ਦੀ ਅਣਗਹਿਲੀ ਕਾਰਨ ਹੋਈ ਪੱਤਰਕਾਰ ਦੀ ਮੌਤ

## ਡਾ. ਧਰਮਵੀਰ ਗਾਂਧੀ ਅਤੇ ਡਿਪਟੀ ਕਮਿਸ਼ਨਰ ਨੇ ਦਿੱਤਾ ਮਦਦ ਦਾ ਭਰੋਸਾ

**ਪਟਿਆਲਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਅੱਜ ਪਟਿਆਲਾ ਦੇ ਪੱਤਰਕਾਰ ਭਾਈਚਾਰੇ ਨੂੰ ਉਸ ਵੇਲੇ ਭਾਰੀ ਸਦਮਾ ਪਹੁੰਚਿਆ ਜਦੋਂ ਹਨ੍ਹੇਰੀ ਦੌਰਾਨ ਬਿਜਲੀ ਦਾ ਇੱਕ ਬਹੁਤ ਵੱਡਾ ਤੇ ਭਾਰੀ ਖੰਭਾ ਮੀਡੀਆ ਕਵਰੇਜ ਕਰ ਰਹੇ ਪੱਤਰਕਾਰ ਅਵਿਨਾਸ਼ ਕੰਬੋਜ ਦੇ ਉਤੇ ਡਿੱਗਣ ਕਾਰਨ ਉਸਦੀ ਮੌਤ ਦੀ ਮੰਦਭਾਗੀ ਖਬਰ ਸੁਣ ਨੂੰ ਮਿਲੀ।

ਪਟਿਆਲਾ ਦੇ ਆਰੀਆ ਸਮਾਜ ਇਲਾਕੇ ਵਿੱਚ ਸਥਿਤ ਇੱਕ ਪਾਰਕ ਵਿੱਚ ਪੱਤਰਕਾਰ ਅਵਿਨਾਸ਼ ਕੰਬੋਜ ਉਤੇ ਉਸ ਵੇਲੇ ਬਿਜਲੀ ਦਾ ਇੱਕ ਵੱਡਾ ਖੰਭਾ ਡਿੱਗਿਆ ਜਦੋਂ ਉਹ ਮੀਡੀਆ ਕਵਰ ਕਰ ਰਹੇ ਸਨ। ਬਿਜਲੀ ਦਾ ਖੰਭਾ ਇੰਨਾ ਭਾਰੀ ਸੀ ਕਿ ਅਵਿਨਾਸ਼ ਕੰਬੋਜ ਨੂੰ ਉਸਦੇ ਹੇਠਾਂ ਤੋਂ ਕੱਢਣ ਲਈ ਲੋਕਾਂ ਦੀ ਭਾਰੀ ਕੋਸ਼ਿਸ਼ ਕਰਨੀ ਪਈ। ਉਥੇ ਮੌਜੂਦ ਲੋਕਾਂ ਨੇ ਪੱਤਰਕਾਰ ਅਵਿਨਾਸ਼ ਕੰਬੋਜ ਨੂੰ ਹਸਪਤਾਲ ਪਹੁੰਚਾਇਆ ਜਿੱਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਘੋਸ਼ਿਤ ਕੀਤਾ।

ਹੈਰਾਨੀ ਦੀ ਗੱਲ ਹੈ ਕਿ ਭਾਂਵੇ ਇਹ ਖਬਰ ਸ਼ਹਿਰ ਵਿਚ ਹਨ੍ਹੇਰੀ ਵਾਂਗ ਫੈਲ ਗਈ ਪ੍ਰੰਤੂ ਬਿਜਲੀ ਵਿਭਾਗ ਨੇ ਡੇਢ ਘੰਟੇ ਤੱਕ ਵੀ ਬਿਜਲੀ ਦਾ ਕੁਨੈਕਸ਼ਨ ਨਹੀਂ ਕੱਟਿਆ। ਸੂਚਨਾ ਮਿਲਦੇ ਹੀ ਭਾਰੀ ਗਿਣਤੀ ਵਿੱਚ ਪੱਤਰਕਾਰ ਇਕੱਠੇ ਹੋਏ ਅਤੇ ਕਿਸੇ ਵੀ ਸਿਆਸੀ ਤੇ ਪ੍ਰਸ਼ਾਸਨਿਕ ਅਧਿਕਾਰੀ ਵੱਲੋਂ ਕਾਫੀ ਦੇਰ ਤੱਕ ਨਾ ਪਹੁੰਚਣ ਕਾਰਨ ਭੜਕੇ ਪੱਤਰਕਾਰਾਂ ਨੇ ਜਬਰਦਸਤ ਰੋਸ ਦਾ ਪ੍ਰਗਟਾਵਾ ਕੀਤਾ। ਉਸਤੋਂ ਬਾਅਦ ਲੋਕ ਸਭਾ ਹਲਕਾ ਪਟਿਆਲਾ ਤੋਂ ਜਿੱਤੇ ਡਾਕਟਰ ਧਰਮਵੀਰ ਗਾਂਧੀ, ਡਿਪਟੀ ਕਮਿਸ਼ਨਰ ਪਟਿਆਲਾ ਸ਼ੌਕਤ ਅਹਿਮਦ ਪਰੇ ਅਤੇ ਪੁਲਿਸ ਕਪਤਾਨ ਮੁਹੰਮਦ ਸਰਫਰਾਜ ਆਲਮ ਮੌਕੇ ’ਤੇ ਪਹੁੰਚੇ ਅਤੇ ਸਾਰੀ ਘਟਨਾ ਦੀ ਜਾਣਕਾਰੀ ਲਈ। ਇਸ ਮੌਕੇ ਇਲੈਕਟਰੋਨਿਕ ਮੀਡੀਆ ਵੈਲਫੇਅਰ ਕਲੱਬ ਦੇ ਪ੍ਰਧਾਨ ਅਨੁਰਾਗ ਸ਼ਰਮਾ ਦੀ ਅਗਵਾਈ ਵਿੱਚ ਸਮੂਹ ਪੱਤਰਕਾਰਾਂ ਨੇ ਸਰਕਾਰ ਕੋਲੋਂ ਮ੍ਰਿਤਕ ਅਵਿਨਾਸ਼ ਕੰਬੋਜ ਦੇ ਪਰਿਵਾਰ ਦੀ ਮਦਦ ਅਤੇ ਸਹਿਯੋਗ ਲਈ ਅਪੀਲ ਕੀਤੀ ਅਤੇ ਇਸ ਘਟਨਾ ਦੀ ਅਣਗਹਿਲੀ ਲਈ ਜਿੰਮੇਵਾਰ ਅਧਿਕਾਰੀਆਂ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਤਾਂ ਮੈਂਬਰ ਲੋਕ ਸਭਾ ਅਤੇ ਡਿਪਟੀ ਕਮਿਸ਼ਨਰ ਨੇ ਪਰਿਵਾਰ ਨੂੰ ਇਨਸਾਫ਼ ਦੁਆਉਣ ਅਤੇ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ।

# ਛੱਤੀਸਗੜ੍ਹ ’ਚ 5 ਲੱਖ ਦੇ ਇਨਾਮੀ ਸਮੇਤ 9 ਨਕਸਲੀ ਗ੍ਰਿਫ਼ਤਾਰ

**ਬੀਜਾਪੁਰ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**




ਛੱਤੀਸਗੜ੍ਹ ਦੇ ਬੀਜਾਪੁਰ ਜ਼ਿਲੇ ’ਚ ਪੁਲਸ ਨੂੰ ਵੱਡੀ ਸਫਲਤਾ ਮਿਲੀ ਹੈ। ਪੁਲਸ ਨੇ 5 ਲੱਖ ਰੁਪਏ ਦੇ ਇਨਾਮ ਵਾਲੇ ਇਕ ਨਕਸਲੀ ਸਮੇਤ 9 ਨਕਸਲੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਹ ਨਕਸਲੀ ਆਈ. ਈ. ਡੀ. ਧਮਾਕਿਆਂ ਸਮੇਤ ਕਈ ਵਾਰਦਾਤਾਂ ਨੂੰ ਅੰਜਾਮ ਦੇ ਚੁਕੇ ਹਨ।

ਇਨ੍ਹਾਂ ਨਕਸਲੀਆਂ ’ਚ ਮੈਡਿਡ ਏਰੀਆ ਕਮੇਟੀ ਦੇ ਮੈਂਬਰ ਵੀ ਸ਼ਾਮਲ ਹਨ। ਦੱਸਿਆ ਜਾਂਦਾ ਹੈ ਕਿ ਇਨ੍ਹਾਂ ਨਕਸਲੀਆਂ ’ਤੇ ਕਤਲ, ਆਈ. ਈ. ਡੀ. ਦਾ ਧਮਾਕਾ ਕਰਨ , ਸੜਕ ਨੂੰ ਤੋੜਨ, ਪੈਂਫਲੇਟ ਲਾਉਣ ਤੇ ਲੈਵੀ ਦੀ ਵਸੂਲੀ ਆਦਿ ਵਰਗੇ ਕਈ ਗੰਭੀਰ ਦੋਸ਼ ਹਨ।

ਕੁਝ ਦਿਨ ਪਹਿਲਾਂ ਥਾਣਾ ਇੰਚਾਰਜ ਫਰਸੇਗੜ੍ਹ ਦੀ ਕਾਰ ’ਚ ਹੋਏ ਆਈ. ਈ. ਡੀ. ਧਮਾਕੇ ਦੀ ਘਟਨਾ ’ਚ ਸ਼ਾਮਲ 5 ਨਕਸਲੀਆਂ ਨੂੰ ਵੀ ਪੁਲਸ ਨੇ ਗ੍ਰਿਫਤਾਰ ਕੀਤਾ ਹੈ। ਪੁਲਸ ਨੇ ਇਨ੍ਹਾਂ ਨਕਸਲੀਆਂ ’ਤੇ 10-10 ਹਜ਼ਾਰ ਰੁਪਏ ਦਾ ਇਨਾਮ ਵੀ ਰੱਖਿਆ ਹੋਇਆ ਸੀ।

ਇਸ ਤੋਂ ਇਲਾਵਾ ਅਲਾਵਲ ਥਾਣਾ ਖੇਤਰ ਅਧੀਨ ਸੋਨਮਪੱਲੀ-ਬਾਂਡੇਪਾਰਾ ’ਚ ਤਲਾਸ਼ੀ ਦੌਰਾਨ ਨਕਸਲੀਆਂ ਨੂੰ ਧਮਾਕਾਖੇਜ਼ ਸੱਮਗਰੀ ਸਮੇਤ ਗ੍ਰਿਫਤਾਰ ਕੀਤਾ ਗਿਆ ਹੈ।

# ਸੀ.ਆਈ.ਐਸ.ਐਫ. ਦੀ ਜਵਾਨ ਨੇ ਕੰਗਣਾ ਰਣੌਤ ਨੂੰ ਮਾਰਿਆ ਥੱਪੜ



**ਚੰਡੀਗੜ੍ਹ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਚੰਡੀਗੜ੍ਹ ਏਅਰਪੋਰਟ ’ਤੇ ਭਾਜਪਾ ਸੰਸਦ ਮੈਂਬਰ ਅਤੇ ਅਭਿਨੇਤਰੀ ਕੰਗਣਾ ਰਣੌਤ ਨਾਲ ਬਦਸਲੂਕੀ ਦਾ ਮਾਮਲਾ ਸਾਹਮਣੇ ਆਇਆ ਹੈ। ਸੰਸਦ ਵੱਲੋਂ ਦਿੱਤੀ ਗਈ ਸ਼ਿਕਾਇਤ ’ਚ ਸਾਹਮਣੇ ਆਇਆ ਹੈ ਕਿ ਉਹ ਚੰਡੀਗੜ੍ਹ ਏਅਰਪੋਰਟ ਪਹੁੰਚੀ ਸੀ। ਉਨ੍ਹਾਂ ਨੇ ਫਲਾਈਟ ਰਾਹੀਂ ਦਿੱਲੀ ਜਾਣਾ ਸੀ। ਜਦੋਂ ਉਹ ਸੁਰੱਖਿਆ ਜਾਂਚ ਤੋਂ ਬਾਅਦ ਬੋਰਡਿੰਗ ਲਈ ਜਾ ਰਹੀ ਸੀ ਤਾਂ ਐਲ.ਸੀ.ਟੀ. ਕੁਲਵਿੰਦਰ ਕੌਰ (ਸੀ.ਆਈ.ਐੱਸ.ਐਫ. ਯੂਨਿਟ ਚੰਡੀਗੜ੍ਹ ਏਅਰਪੋਰਟ) ਨੇ ਉਸ ਨੂੰ ਥੱਪੜ ਮਾਰ ਦਿੱਤਾ। ਇਸ ਤੋਂ ਬਾਅਦ ਕੰਗਨਾ ਰਣੌਤ ਦੇ ਨਾਲ ਸਫਰ ਕਰ ਰਹੇ ਮਯੰਕ ਮਧੁਰ ਨੇ ਕੁਲਵਿੰਦਰ ਕੌਰ ਨੂੰ ਥੱਪੜ ਮਾਰਨ ਦੀ ਕੋਸ਼ਿਸ਼ ਕੀਤੀ। ਮੁਲਜ਼ਮ (ਸੀ.ਆਈ.ਐੱਸ.ਐਫ. ਦੇ ਜਵਾਨਾਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ।

# ਰਾਜਾ ਵੜਿੰਗ ਨੇ ਚੇਅਰਮੈਨ ਨੂੰ ਲੋਕਾਂ ਨੂੰ ਬਿਜਲੀ ਦੀ ਦਰਪੇਸ਼ ਸਮੱਸਿਆ ਦਾ ਤੁਰੰਤ ਹੱਲ ਕਰਨ ਲਈ ਕਿਹਾ

**ਲੁਧਿਆਣਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਲੁਧਿਆਣਾ ਲੋਕ ਸਭਾ ਸੀਟ ਤੋਂ ਨਵੇਂ ਚੁਣੇ ਗਏ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸੋਸ਼ਲ ਮੀਡੀਆ ’ਤੇ ਵੀਡੀਓ ਸਾਂਝੀ ਕਰਦਿਆਂ ਲੁਧਿਆਣਾ ਵਾਸੀਆਂ ਨੂੰ ਆ ਰਹੀ ਬਿਜਲੀ ਦੀ ਸਮੱਸਿਆ ਦਾ ਜ਼ਿਕਰ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਵੱਲੋਂ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਡ ਦੇ ਚੇਅਰਮੈਨ ਨਾਲ ਗੱਲਬਾਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਚੇਅਰਮੈਨ ਨੂੰ ਲੁਧਿਆਣਾ ਵਿਚ ਬਿਜਲੀ ਦੇ ਲੱਗ ਰਹੇ ਅਣਐਲਾਨੇ ਕੱਟਾਂ ਬਾਰੇ ਜਾਣੂੰ ਕਰਵਾਇਆ ਗਿਆ ਹੈ ਤੇ ਲੋਕਾਂ ਨੂੰ ਦਰਪੇਸ਼ ਸਮੱਸਿਆ ਦਾ ਤੁਰੰਤ ਹੱਲ ਕਰਨ ਲਈ ਕਿਹਾ ਗਿਆ ਹੈ। ਰਾਜਾ ਵੜਿੰਗ ਨੇ ਕਿਹਾ ਕਿ ਲੁਧਿਆਣਾ ਜਿਹੇ ਉਦਯੋਗਿਕ ਸ਼ਹਿਰ ਵਿਚ ਲੱਗ ਰਹੇ ਬਿਜਲੀ ਦੇ ਕੱਟਾਂ ਨੂੰ ਕਿਸੇ ਹਾਲਤ ਵਿਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਬਿਜਲੀ ਦੀ ਸਮੱਸਿਆ ਤੋਂ ਵੱਡੇ ਉਦਯੋਗਪਤੀਆਂ ਦੇ ਨਾਲ-ਨਾਲ ਘਰੇਲੂ ਬਿਜਲੀ ਉਪਭੋਗਤਾ ਵੀ ਪਰੇਸ਼ਾਨ ਹਨ। ਅੱਗ ਵਰ੍ਹਾਊ ਗਰਮੀ ਵਿਚ ਲੋਕਾਂ ਨੂੰ ਬਿਜਲੀ ਅਤੇ ਪੀਣ ਵਾਲੇ ਪਾਣੀ ਲਈ ਤਰਸਨਾ ਪੈ ਰਿਹਾ ਹੈ।

ਦੱਸ ਦਈਏ ਕਿ ਬੀਤੀ ਦੇਰ ਸ਼ਾਮ ਆਈ ਹਨੇਰੀ-ਝੱਖੜ ਕਾਰਨ ਲੁਧਿਆਣਾ ਦੇ ਕਈ ਇਲਾਕਿਆਂ ਵਿਚ ਬਿਜਲੀ ਦੇ ਖੰਭੇ ਤੇ ਹਾਈ ਵੋਲਟੇਜ ਤਾਰਾਂ ਉੱਖੜ ਕੇ ਸੜਕ ’ਤੇ ਆ ਡਿੱਗੀਆਂ। ਇਸ ਕਾਰਨ ਬਹੁਤ ਸਾਰੇ ਇਲਾਕਿਆਂ ਵਿਚ ਬਿਜਲੀ ਬੰਦ ਹੋ ਗਈ, ਜੋ ਤਕਰੀਬਨ 20 ਘੰਟੇ ਬੀਤ ਜਾਣ ਦੇ ਬਾਵਜੂਦ ਬਹਾਲ ਨਹੀਂ ਹੋ ਸਕੀ। ਇਸ ਕਾਰਨ ਲੋਕਾਂ ਨੂੰ ਪੀਣ ਵਾਲੇ ਪਾਣੀ ਦੀ ਸਪਲਾਈ ਵਿਚ ਵੀ ਦਿੱਕਤ ਆ ਰਹੀ ਹੈ।

# ਅਮਰੀਕਾ ’ਚ ਭਾਰਤੀ ਵਿਅਕਤੀ ’ਤੇ ਸਿੱਖਾਂ ਨੂੰ ਧਮਕੀਆਂ ਦੇਣ ਦੇ ਗੰਭੀਰ ਨ.ਫਰਤੀ ਅਪਰਾਧ ਦੇ ਦੋਸ਼ ਲੱਗੇ

**ਵਾਸ਼ਿੰਗਟਨ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਟੈਕਸਾਸ ਵਿਚ ਭਾਰਤੀ-ਅਮਰੀਕੀ ’ਤੇ ਸੰਘੀ ਨ.ਫਰਤੀ ਅਪਰਾਧ ਅਤੇ ਸਿੱਖਾਂ ਦੀ ਗੈਰ-ਲਾਭਕਾਰੀ ਸੰਸਥਾ ਦੇ ਮੈਂਬਰਾਂ ਨੂੰ ਧਮਕੀਆਂ ਦੇਣ ਦੇ ਦੋਸ਼ ਲਗਾਏ ਗਏ ਹਨ। ਨਿਆਂ ਵਿਭਾਗ ਨੇ ਬਿਆਨ ਵਿੱਚ ਕਿਹਾ ਭੂਸ਼ਣ ਅਠਾਲੇ (48) ਨੂੰ ਖਤਰਨਾਕ ਹਥਿਆਰ ਦੀ ਵਰਤੋਂ ਕਰਨ ਦੀ ਧਮਕੀ ਦੇਣ ਦੇ ਦੋਸ਼ ਹੇਠ ਵੱਧ ਤੋਂ ਵੱਧ 10 ਸਾਲ ਦੀ ਸਜ਼ਾ ਹੋ ਸਕਦੀ ਹੈ। ਬਿਆਨ ਵਿਚ ਕਿਹਾ ਗਿਆ ਹੈ ਕਿ ਡਰਾਉਣ-ਧਮਕਾਉਣ ਦੇ ਜੁਰਮ ਲਈ ਵੀ ਉਸ ਨੂੰ ਵੱਧ ਤੋਂ ਵੱਧ ਪੰਜ ਸਾਲ ਦੀ ਸਜ਼ਾ ਹੋ ਸਕਦੀ ਹੈ।

ਦੋਵਾਂ ਦੋਸ਼ਾਂ ਲਈ ਉਸ ’ਤੇ 250,000 ਡਾਲਰ ਤੱਕ ਦਾ ਜੁਰਮਾਨਾ ਵੀ ਲਗਾਇਆ ਜਾ ਸਕਦਾ ਹੈ। 17 ਸਤੰਬਰ 2022 ਨੂੰ ਅਠਾਲੇ ਵਿਰੁੱਧ ਦਰਜ ਕੀਤੀ ਗਈ ਸ਼ਿਕਾਇਤ ਅਨੁਸਾਰ ਉਸ ਨੇ ਕਥਿਤ ਤੌਰ ‘ਤੇ ਅਮਰੀਕਾ ਵਿੱਚ ਸਿੱਖਾਂ ਦੇ ਨਾਗਰਿਕ ਅਧਿਕਾਰਾਂ ਦੀ ਵਕਾਲਤ ਕਰਨ ਵਾਲੀ ਸੰਸਥਾ ਦੇ ਲੋਕਾਂ ਨੂੰ ਫੋਨ ਕੀਤਾ।

ਉਸ ਨੇ ਸੱਤ ਵੌਇਸ ਮੇਲ ਭੇਜੀਆਂ, ਜਿਸ ਵਿੱਚ ਉਸ ਨੇ ਕਥਿਤ ਤੌਰ ‘ਤੇ ਸੰਗਠਨ ਵਿੱਚ ਕੰਮ ਕਰਨ ਵਾਲੇ ਸਿੱਖਾਂ ਪ੍ਰਤੀ ਨ.ਫਰਤ ਜ਼ਾਹਰ ਕੀਤੀ ਅਤੇ ਉਨ੍ਹਾਂ ਨੂੰ ਰੇਜ਼ਰ ਨਾਲ ਜ਼ਖਮੀ ਕਰਨ ਜਾਂ ਉਨ੍ਹਾਂ ਨੂੰ ਮਾਰਨ ਦੀ ਧਮਕੀ ਦਿੱਤੀ। ਮਾਰਚ ਵਿੱਚ ਅਠਾਲੇ ਨੇ ਕਥਿਤ ਤੌਰ ’ਤੇ ਸੰਗਠਨ ਦੇ ਮੈਂਬਰਾਂ ਨੂੰ ਦੁਬਾਰਾ ਫੋਨ ਕੀਤਾ ਤੇ ਦੋ ਵੌਇਸ ਮੇਲ ਵਿੱਚ ਸਿੱਖ ਅਤੇ ਮੁਸਲਿਮ ਭਾਈਚਾਰਿਆਂ ਨੂੰ ਨਿਸ਼ਾਨਾ ਬਣਾਉਣ ਦੀ ਧਮਕੀ ਦਿੱਤੀ।

# ਐੱਨਡੀਏ ਨੂੰ ਸਮਰਥਨ ਦਿੰਦੇ ਸਾਰ ਜੇਡੀਯੂ ਅਗਨੀਪਥ ਯੋਜਨਾ ਖ਼ਿਲਾ.ਫ ਮੈਦਾਨ ’ਚ ਨਿੱਤਰੀ



**ਨਵੀਂ ਦਿੱਲੀ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਜਪਾ ਦੀ ਅਗਵਾਈ ਵਾਲੇ ਕੌਮੀ ਜਮਹੂਰੀ ਗਠਜੋੜ (ਐੱਨਡੀਏ) ਨੂੰ ਸਮਰਥਨ ਦੇਣ ਦਾ ਐਲਾਨ ਕਰਨ ਤੋਂ ਕੁਝ ਘੰਟਿਆਂ ਬਾਅਦ ਜਨਤਾ ਦਲ (ਯੂਨਾਈਟਿਡ) ਨੇ ਕਿਹਾ ਹੈ ਕਿ ਭਾਰਤੀ ਸੈਨਾਵਾਂ ’ਚ ਭਰਤੀ ਲਈ ਬਣਾਈ ਅਗਨੀਪਥ ਯੋਜਨਾ ‘ਤੇ ਮੁੜ ਵਿਚਾਰ ਕਰਨ ਦੀ ਲੋੜ ਹੈ।

ਜੇਡੀ(ਯੂ) ਦੇ ਬੁਲਾਰੇ ਕੇਸੀ ਤਿਆਗੀ ਨੇ ਨਿਊਜ਼ ਚੈਨਲ ਨੂੰ ਦੱਸਿਆ,‘ਅਗਨੀਪਥ ਸਕੀਮ ਉੱਤੇ ਨਵੇਂ ਸਿਰੇ ਤੋਂ ਵਿਚਾਰ ਕਰਨ ਦੀ ਲੋੜ ਹੈ। ਮੈਨੂੰ ਲੱਗਦਾ ਹੈ ਕਿ ਇਨ੍ਹਾਂ ਲੋਕ ਸਭਾ ਚੋਣਾਂ ਦੌਰਾਨ ਇਸ ਯੋਜਨਾ ਖਿਲਾ.ਫ ਲੋਕਾਂ ਨੇ ਗੁੱਸਾ ਕੱਢਿਆ ਹੈ। ਬੁੱਧਵਾਰ ਨੂੰ ਜੇਡੀ (ਯੂ) ਨੇਤਾ ਅਤੇ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਐੱਨਡੀਏ ਦੀ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਰਾਸ਼ਟਰੀ ਰਾਜਧਾਨੀ ਵਿੱਚ ਸਨ, ਜਿੱਥੇ ਉਨ੍ਹਾਂ ਦੀ ਪਾਰਟੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਵਿਸ਼ਵਾਸ ਪ੍ਰਗਟਾਇਆ।

# ਦਿੱਲੀ ਜਲ ਸੰਕਟ: ਸੁਪਰੀਮ ਕੋਰਟ ਨੇ ਹਿਮਾਚਲ ਨੂੰ 137 ਕਿਊਸਿਕ ਵਾਧੂ ਪਾਣੀ ਛੱਡਣ ਦਾ ਹੁਕਮ ਦਿੱਤਾ



**ਨਵੀਂ ਦਿੱਲੀ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਕੌਮੀ ਰਾਜਧਾਨੀ ‘ਚ ਪਾਣੀ ਦੇ ਸੰਕਟ ਦੇ ਮੱਦੇਨਜ਼ਰ ਸੁਪਰੀਮ ਕੋਰਟ ਨੇ ਅੱਜ ਹਿਮਾਚਲ ਪ੍ਰਦੇਸ਼ ਨੂੰ 137 ਕਿਊਸਿਕ ਵਾਧੂ ਪਾਣੀ ਛੱਡਣ ਦੇ ਨਿਰਦੇਸ਼ ਦਿੱਤੇ ਹਨ। ਜਸਟਿਸ ਪੀਕੇ ਮਿਸ਼ਰਾ ਅਤੇ ਜਸਟਿਸ ਕੇਵੀ ਵਿਸ਼ਵਨਾਥਨ ਦੇ ਛੁੱਟੀ ਵਾਲੇ ਬੈਂਚ ਨੇ ਕਿਹਾ ਕਿ ਹਿਮਾਚਲ ਪ੍ਰਦੇਸ਼ ਸਰਕਾਰ ਨੂੰ ਕੋਈ ਇਤਰਾਜ਼ ਨਹੀਂ ਹੈ ਅਤੇ ਉਹ ਆਪਣੇ ਕੋਲ ਮੌਜੂਦ ਵਾਧੂ ਪਾਣੀ ਛੱਡਣ ਲਈ ਤਿਆਰ ਹੈ।

ਬੈਂਚ ਨੇ ਨਿਰਦੇਸ਼ ਦਿੱਤੇ ਕਿ ਹਰਿਆਣਾ ਨੂੰ ਹਿਮਾਚਲ ਪ੍ਰਦੇਸ਼ ਵੱਲੋਂ ਛੱਡੇ ਵਾਧੂ ਪਾਣੀ ਦੇ ਵਹਾਅ ਨੂੰ ਸੁਚਾਰੂ ਬਣਾਉਣ ਵਿੱਚ ਮਦਦ ਕਰਨੀ ਚਾਹੀਦੀ ਹੈ ਤਾਂ ਜੋ ਇਹ ਪਾਣੀ ਕੌਮੀ ਰਾਜਧਾਨੀ ਤੱਕ ਪਹੁੰਚ ਸਕੇ। ਸੁਪਰੀਮ ਕੋਰਟ ਨੇ ਸਪੱਸ਼ਟ ਕੀਤਾ ਕਿ ਦਿੱਲੀ ਸਰਕਾਰ ਪਾਣੀ ਦੀ ਬਰਬਾਦੀ ਨਾ ਕਰੇ। ਅਦਾਲਤ ਨੇ ਹਿਮਾਚਲ ਪ੍ਰਦੇਸ਼ ਨੂੰ 7 ਜੂਨ ਨੂੰ ਵਾਧੂ ਪਾਣੀ ਛੱਡਣ ਦੇ ਨਿਰਦੇਸ਼ ਦਿੱਤੇ ਹਨ ਅਤੇ ਇਸ ਬਾਰੇ ਪਹਿਲਾਂ ਹਰਿਆਣਾ ਨੂੰ ਸੂਚਿਤ ਕਰਨਾ ਹੋਵੇਗਾ। ਸੁਣਵਾਈ ਦੌਰਾਨ ਬੈਂਚ ਨੇ ਕਿਹਾ ਕਿ ਪਾਣੀ ‘ਤੇ ਰਾਜਨੀਤੀ ਨਹੀਂ ਹੋਣੀ ਚਾਹੀਦੀ।

# ਸਾਕਾ ਨੀਲਾ ਤਾਰਾ: ਸ਼ਰਧਾਂਜਲੀ ਸਮਾਗਮ ਮੌਕੇ ਅਕਾਲ ਤਖ਼ਤ ’ਤੇ ਖ਼ਾਲਿਸਤਾਨ ਪੱਖੀ ਨਾਅਰੇ, ਅੰਮ੍ਰਿਤਸਰ ਸ਼ਹਿਰ ਮੁਕੰਮਲ ਬੰਦ

**ਅੰਮ੍ਰਿਤਸਰ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਜੂਨ 1984 ਸਾਕਾ ਨੀਲਾ ਤਾਰਾ ਫੌਜੀ ਹਮਲੇ ਦੀ 40ਵੀਂ ਯਾਦ ਅੱਜ ਇਥੇ ਅਕਾਲ ਤਖਤ ਵਿਖੇ ਖ਼ਾਲਿਸਤਾਨ ਪੱਖੀ ਨਾਅਰਿਆਂ ਨਾਲ ਮਨਾਈ ਗਈ ਤੇ ਸ਼ਰਧਾਂਜਲੀ ਸਮਾਗਮ ਸ਼ਾਂਤਮਈ ਢੰਗ ਨਾਲ ਸਮਾਪਤ ਹੋਇਆ। ਦਲ ਖਾਲਸਾ ਵੱਲੋਂ ਅੰਮ੍ਰਿਤਸਰ ਬੰਦ ਦੇ ਦਿੱਤੇ ਸੱਦੇ ਦੇ ਤਹਿਤ ਅੱਜ ਸ਼ਹਿਰ ਵਿੱਚ ਲਗਪਗ ਮੁਕੰਮਲ ਬੰਦ ਹੈ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸਿੱਖ ਕੌਮ ਦੇ ਨਾਲ ਸੰਦੇਸ਼ ਜਾਰੀ ਕਰਦਿਆਂ ਸਮੁੱਚੀ ਸਿੱਖ ਕੌਮ ਨੂੰ ਇੱਕਜੁੱਟ ਹੋਣ ਤੇ ਕੌਮੀ ਮਸਲਿਆਂ ਦੇ ਹੱਲ ਸਿਰ ਜੋੜ ਕੇ ਮਿਲ ਬੈਠ ਕਰਨ ਲਈ ਕਿਹਾ। ਇਸ ਮੌਕੇ ਸ਼ਹੀਦ ਪਰਿਵਾਰਾਂ ਦੇ ਮੈਂਬਰਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਅਕਾਲ ਤਖ਼ਤ ਵਿਖੇ ਰੱਖੇ ਪਾਠ ਦੇ ਭੋਗ ਪਾਏ ਗਏ ਅਤੇ ਕੀਰਤਨ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਸਿੱਖ ਸੰਗਤ ਹਾਜ਼ਰ ਸੀ। ਸਮਾਗਮ ਮਗਰੋਂ ਅਕਾਲ ਤਖ਼ਤ ਦੇ ਨੇੜੇ ਸਾਬਕਾ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਸੰਬੋਧਨ ਵੀ ਕੀਤਾ। ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਵੱਲੋਂ ਵੀ ਸਿੱਖ ਕੌਮ ਦੇ ਨਾਲ ਸੰਦੇਸ਼ ਜਾਰੀ ਕੀਤਾ ਗਿਆ ਅਤੇ ਸਮੁੱਚੀ ਕੌਮ ਨੂੰ ਇੱਕਜੁੱਟ ਹੋਣ ਦੀ ਅਪੀਲ ਕੀਤੀ। ਇਸ ਮੌਕੇ ਜਦੋਂ ਦੋਵੇਂ ਸਿੱਖ ਆਗੂ ਸੰਬੋਧਨ ਕਰ ਰਹੇ ਸਨ ਤਾਂ ਪ੍ਰਬੰਧਕਾਂ ਵੱਲੋਂ ਅਕਾਲ ਤਖ਼ਤ ਵਿਖੇ ਚੱਲ ਰਹੇ ਕੀਰਤਨ ਦੀ ਆਵਾਜ਼ ਨੂੰ ਉੱਚਾ ਕਰ ਦਿੱਤਾ ਗਿਆ, ਜਿਸ ਕਾਰਨ ਦੋਵਾਂ ਸਿੱਖ ਆਗੂਆਂ ਦੀ ਆਵਾਜ਼ ਸੰਗਤ ਤੱਕ ਨਹੀਂ ਪੁੱਜੀ। ਇਸ ਮੌਕੇ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਸਿੱਖ ਨੌਜਵਾਨਾਂ ਨੇ ਖ਼ਾਲਿਸਤਾਨ ਜ਼ਿੰਦਾਬਾਦ, ਭਿੰਡਰਾਂਵਾਲਾ ਜ਼ਿੰਦਾਬਾਦ ਦੇ ਨਾਅਰੇ ਲਾਏ। ਉਨ੍ਹਾਂ ਸਾਕਾ ਨੀਲਾ ਤਾਰਾ ਫੌਜੀ ਹਮਲੇ ਸਬੰਧੀ ਪੋਸਟਰ ਵੀ ਚੁੱਕੇ ਹੋਏ ਸਨ। ਸਮਾਗਮ ਦੌਰਾਨ ਹਰਿਮੰਦਰ ਸਾਹਿਬ ਕੈਂਪਸ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਤੌਰ ’ਤੇ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ। ਇਸ ਤੋਂ ਇਲਾਵਾ ਪੰਜਾਬ ਪੁਲੀਸ ਦੇ ਚਿੱਟ ਕੱਪੜੀਏ ਕਰਮਚਾਰੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਕੈਂਪਸ ਤੋਂ ਬਾਹਰ ਪੁਲੀਸ ਵੱਲੋਂ ਖਤ ਸੁਰੱਖਿਆ ਪ੍ਰਬੰਧ ਕੀਤੇ ਗਏ ਅਤੇ ਨਾਕਾਬੰਦੀ ਕੀਤੀ ਗਈ। ਪੁਲੀਸ ਵੱਲੋਂ ਕੈਂਪਸ ਦੇ ਅੰਦਰ ਅਤੇ ਬਾਹਰ ਦੋਵਾਂ ਥਾਵਾਂ ’ਤੇ ਸਮੂਹ ਗਤੀਵਿਧੀਆਂ ’ਤੇ ਨਜ਼ਰ ਰੱਖੀ ਗਈ। ਸਮਾਗਮ ਦੌਰਾਨ ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ , ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਜਨਰਲ ਸਕੱਤਰ ਭਾਈ ਰਜਿੰਦਰ ਸਿੰਘ ਮਹਿਤਾ ਤੇ ਹੋਰ ਮੈਂਬਰ, ਨਵੇਂ ਚੁਣੇ ਲੋਕ ਸਭਾ ਮੈਂਬਰ ਸਰਬਜੀਤ ਸਿੰਘ ਖਾਲਸਾ, ਵਾਰਿਸ ਪੰਜਾਬ ਤੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੀ ਮਾਤਾ ਬਲਵਿੰਦਰ ਕੌਰ ਅਤੇ ਚਾਚਾ, ਦਲ ਖਾਲਸਾ ਦੇ ਹਰਪਾਲ ਸਿੰਘ ਧਾਮੀ, ਕੰਵਰਪਾਲ ਸਿੰਘ, ਵੱਖ ਵੱਖ ਸਿੱਖ ਜਥੇਬੰਦੀਆਂ ਦੇ ਨੁਮਾਇੰਦੇ ਤੇ ਵੱਡੀ ਗਿਣਤੀ ਵਿੱਚ ਸੰਗਤ ਹਾਜ਼ਰ ਸੀ।

# ਮਾਲਵਿੰਦਰ ਸਿੰਘ ਕੰਗ ਨੂੰ ਜਿੱਤ ਦਿਵਾਉਣ ਲਈ ਸਮੂਹ ਵੋਟਰਾਂ ਦਾ ਧੰਨਵਾਦ

**ਸ਼੍ਰੀ ਅਨੰਦਪੁਰ ਸਾਹਿਬ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਹਲਕਾ ਸ਼੍ਰੀ ਅਨੰਦਪੁਰ ਸਾਹਿਬ ਤੋਂ ਮਾਲਵਿੰਦਰ ਸਿੰਘ ਕੰਗ ਦੀ ਹੋਈ ਇਤਿਹਾਸਿਕ ਜਿੱਤ ਤੋਂ ਬਾਅਦ ਹਲਕੇ ਵਿੱਚ ਖੁਸ਼ੀ ਦੀ ਲਹਿਰ ਦੇਖਣ ਨੂੰ ਮਿਲ ਰਹੀ ਹੈ।ਬੀਤੀ ਸ਼ਾਮ ਮਾਲਵਿੰਦਰ ਸਿੰਘ ਕੰਗ ਨੇ ਜਿਲਾ ਰੂਪਨਗਰ ਦੇ ਡਿਪਟੀ ਕਮਿਸ਼ਨਰ ਤੋਂ ਜਿੱਤ ਦਾ ਸਰਟੀਫਿਕੇਟ ਪ੍ਰਾਪਤ ਕੀਤਾ ਉਪਰੰਤ ਉਹ ਤਖਤ ਸ਼੍ਰੀ ਕੇਸਗੜ ਸਾਹਿਬ ਵਿਖੇ ਨਤਮਸਤਕ ਹੋਣ ਲਈ ਪਹੁੰਚੇ।

ਇਸ ਮੋਕੇ ਨੋਜਵਾਨ ਆਗੂ ਤੇ ਲੀਗਲ ਕੁਆਰਡੀਨੇਟਰ ਐਡ:ਨਿਖਿਲ ਭਾਰਦਵਾਜ ਤੇ ਐਡ:ਰਜਤ ਬੇਦੀ ਨੇ ਕਿਹਾ ਕਿ ਲੋਕ ਸਾ ਹਲਕਾ ਸ਼੍ਰੀ ਅਨੰਦਪੁਰ ਸਾਹਿਬ ਦੇ ਲੋਕਾਂ ਵੱਲੋਂ ਵੱਡਾ ਫਤਵਾ ਮਾਲਵਿੰਦਰ ਸਿੰਘ ਕੰਗ ਦੇ ਹੱਕ ਵਿੱਚ ਦਿੱਤਾ ਗਿਆ।ਉਨਾਂ ਕਿਹਾ ਕਿ ਪਿਛਲੇ ਡੇਢ ਮਹੀਨੇ ਤੋਂ ਪਾਰਟੀ ਵਰਕਰ ਤੱਪਦੀ ਗਰਮੀ ਦੇ ਵਿੱਚ ਪਾਰਟੀ ਦੀਆਂ ਨੀਤੀਆਂ ਨੂੰ ਘਰ ਘਰ ਤੱਕ ਪਹੁੰਚਾਉਣ ਲਈ ਦਿਨ ਰਾਤ ਮਿਹਨਤ ਕਰ ਰਹੇ ਸਨ ਤੇ ਉਨਾਂ ਸਾਰੇ ਵਰਕਰਾਂ ਦੀ ਮਿਹਨਤ ਨੂੰ ਬੂਰ ਵੀ ਪੈ ਗਿਆ ਹੈ।ਉਨਾਂ ਕਿਹਾ ਕਿ ਮਾਲਵਿੰਦਰ ਸਿੰਘ ਕੰਗ ਇੱਕ ਆਮ ਘਰ ਵਿੱਚੋਂ ਉੱਠੇ ਹਨ ਤੇ ਉਹ ਆਮ ਲੋਕਾਂ ਦੀਆਂ ਮੁਸ਼ਕਿਲਾਂ ਬਿਲਕੁਲ ਚੰਗੀ ਤਰਾਂ ਜਾਣਦੇ ਹਨ।ਉਨਾਂ ਕਿਹਾ ਕਿ ਹਰ ਇੱਕ ਦੇ ਦੁੱਖ ਸੁੱਖ ਵਿੱਚ ਵਿਚਰਨ ਵਾਲੇ ਮਾਲਵਿੰਦਰ ਸਿੰਘ ਕੰਗ ਨੇ ਪਹਿਲੀ ਵਾਰ ਲੋਕ ਸਭਾ ਦੀਆਂ ਚੋਣਾਂ ਲੜੀਆਂ ਹਨ ਤੇ ਉਨਾਂ ਨੂੰ ਇੱਥੋਂ ਸ਼ਾਨਦਾਰ ਜਿੱਤ ਪ੍ਰਾਪਤ ਹੋਈ ਹੈ।ਉਨਾਂ ਕਿਹਾ ਕਿ ਮਾਲਵਿੰਦਰ ਸਿੰਘ ਕੰਗ ਵੱਲੋਂ ਜੋ ਵਾਅਦੇ ਚੋਣਾਂ ਤੋਂ ਪਹਿਲਾਂ ਹਲਕੇ ਦੇ ਲੋਕਾਂ ਨਾਲ ਕੀਤੇ ਗਏ ਉਹ ਉਸ ਨੂੰ ਜਰੂਰ ਪੂਰੇ ਕਰਨਗੇ।

# ਐਨ ਸੀ ਸੀ ਅਤੇ ਐਨ ਐਸ ਐਸ ਦੇ ਵਲੰਟੀਅਰਜ਼ ਨੂੰ ਸਰਟੀਫਿਕੇਟ ਵੰਡਣੇ ਸ਼ਲਾਘਾਯੋਗ: ਇੰਸਪੈਕਟਰ ਰਾਮਕੇਸ

**ਪਟਿਆਲਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਆਈ ਟੀ ਆਈ ਲੜਕਿਆਂ ਨਾਭਾ ਰੋਡ ਪਟਿਆਲਾ ਵਿਖੇ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ,ਯੂਵਕ ਸੇਵਾਵਾਂ ਪਾਵਰ ਹਾਊਸ ਯੂਥ ਕਲੱਬ ਰਣਜੀਤ ਨਗਰ, ਯੂਵਕ ਸੇਵਾਵਾਂ ਕਲੱਬ ਦੀਪ ਨਗਰ ਦੇ ਸਹਿਯੋਗ ਅਤੇ

ਡਿਪਟੀ ਡਾਇਰੈਕਟਰ ਕਮ ਪ੍ਰਿੰਸੀਪਲ ਇੰਜੀਨੀਅਰ ਹਰਦੀਪ ਕੁਮਾਰ ਟੋਹੜਾ ਅਤੇ ਵਾਇਸ ਪ੍ਰਿੰਸੀਪਲ ਦਵਿੰਦਰਪਾਲ ਸਿੰਘ ਦੀ ਸਰਪ੍ਰਸਤੀ ਅਤੇ ਐਨ ਸੀ ਸੀ ਅਤੇ ਐਨ ਐਸ ਐਸ ਦੇ ਪ੍ਰੋਗਰਾਮ ਅਫਸਰ ਜਗਦੀਪ ਸਿੰਘ ਜੋਸ਼ੀ ਟ੍ਰੇਨਿੰਗ ਅਫ਼ਸਰ ਦੀ ਅਗਵਾਈ ਹੇਠ ਵਿਦਿਆਰਥੀਆਂ ਨੂੰ ਅੰਤਰਰਾਜੀ ਯੂਥ ਐਕਸੇਜ ਪ੍ਰੋਗਰਾਮ ਅਤੇ ਐਨ ਐਸ ਐਸ ਦੇ ਸੱਤ ਰੋਜ਼ਾ ਕੈਂਪ ਦੇ ਸਰਟੀਫਿਕੇਟ ਵੰਡ ਸਮਾਰੋਹ ਕਰਵਾਇਆ ਗਿਆ, ਜਿਸ ਵਿੱਚ ਮੁੱਖ ਮਹਿਮਾਨ ਇੰਸਪੈਕਟਰ ਰਾਮਕੇਸ ਇੰਚਾਰਜ ਸੜਕ ਸੁਰੱਖਿਆ ਫੋਰਸ ਪਟਿਆਲਾ ਰੇਂਜ ਨੇ ਸ਼ਿਰਕਤ ਕੀਤੀ ,ਪ੍ਰੋਗਰਾਮ ਦੀ ਪ੍ਰਧਾਨਗੀ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਅਤੇ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤੀ,, ਇਸ ਮੌਕੇ ਰੁਦਰਪ੍ਰਤਾਪ ਸਿੰਘ, ਹਿਮਾਨੀ ਰਾਣੀ , ਸੋਨੀਆ, ਸਤਗੁਰੂ, ਗੁਰਵਿੰਦਰ, ਸੁਨੀਲ, ਮਨਦੀਪ, ਜੁਗਰਾਜ, ਹਰਦੀਪ, ਗੁਰਸੇਵਕ, ਕੁਨਾਲ, ਅਰਮਾਨ ਖਾਨ,ਸਨਮਦੀਪ ਨੇ ਸ਼ਿਰਕਤ ਕੀਤੀ, ਇਸ ਮੌਕੇ ਐਨ ਐਸ ਐਸ ਵਲੰਟੀਅਰ ਅਤੇ ਐਨ ਸੀ ਸੀ ਕੈਡਿਟਸ ਨੂੰ ਸੰਬੋਧਨ ਕਰਦਿਆਂ ਇੰਸਪੈਕਟਰ ਰਾਮਕੇਸ ਨੇ ਕਿਹਾ ਕਿ ਐਨ ਸੀ ਸੀ ਨੋਜਵਾਨਾ ਨੂੰ ਦੇਸ ਦੀ ਸੇਵਾ ਭਾਵਨਾ ਪੈਦਾ ਕਰਨ ਵਿਚ ਬਹੁਤ ਵੱਡਾ ਯੋਗਦਾਨ ਪਾ ਰਹੀ ਹੈ ਉਹਨਾਂ ਕਿਹਾ ਕਿ ਐਨ ਸੀ ਸੀ ਨੋਜਵਾਨਾ ਨੂੰ ਅਨੁਸ਼ਾਸਨ ਵਿਚ ਰਹਿਣ ਲਈ ਸਿਖਾਉਂਦੀ ਹੈ ਅਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਬਣਾਈ ਰੱਖਣ ਦੇ ਲਈ ਭਾਵਨਾ ਪੈਦਾ ਕਰਦੀ ਹੈ ਅਤੇ ਐਨ ਐਸ ਐਸ ਨੋਜਵਾਨਾ ਨੂੰ ਸਮਾਜ ਸੇਵੀ ਕਾਰਜਾਂ ਲਈ ਅੱਗੇ ਆਉਣ ਲਈ ਪ੍ਰੇਰਿਤ ਕਰਦਾ ਹੈ, ਇਸ ਮੌਕੇ ਇੰਸਪੈਕਟਰ ਰਾਮਕੇਸ ਨੇ ਐਨ ਐਸ ਐਸ ਅਤੇ ਐਨ ਸੀ ਸੀ ਵਲੰਟੀਅਰ ਨੂੰ ਅੰਤਰਰਾਜੀ ਯੂਥ ਐਕਸੇਜ ਪ੍ਰੋਗਰਾਮ ਅਤੇ ਐਨ ਐਸ ਐਸ ਦੇ ਸੱਤ ਰੋਜ਼ਾ ਕੈਂਪ ਦੇ ਸਰਟੀਫਿਕੇਟ ਅਤੇ ਮੈਡਲ ਦਿੱਤੇ ਗਏ।

# ਜੇਸੀ ਬੋਸ ਯੂਨੀਵਰਸਿਟੀ ਵਿੱਚ ਅਧਿਆਪਕਾਂ ਦਾ ਸਿਖਲਾਈ ਪ੍ਰੋਗਰਾਮ ਸ਼ੁਰੂ



**ਫਰੀਦਾਬਾਦ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਜੇਸੀ ਬੋਸ ਯੂਨੀਵਰਸਿਟੀ ਆਫ ਸਾਇੰਸ ਐਂਡ ਟੈਕਨਾਲੋਜੀ ਫਰੀਦਾਬਾਦ ਵੱਲੋਂ 3 ਤੋਂ 17 ਜੂਨ ਤੱਕ ਕੁਆਂਟਮ ਮਕੈਨਿਕਸ ਦੇ ਸਿਧਾਂਤਾਂ ਸਬੰਧੀ ਅਧਿਆਪਕਾਂ ਲਈ ਕਰਵਾਇਆ ਜਾ ਰਿਹਾ ਦੋ ਹਫ਼ਤਿਆਂ ਦਾ ਇੰਸਟ੍ਰਕਸ਼ਨਲ ਸਕੂਲ ਸਿਖਲਾਈ ਪ੍ਰੋਗਰਾਮ ਅੱਜ ਸ਼ੁਰੂ ਹੋ ਗਿਆ। ਪ੍ਰੋਗਰਾਮ ਦਾ ਉਦੇਸ਼ ਦੇਸ਼ ਭਰ ਦੇ ਪੀਐੱਚਡੀ ਖੋਜਕਰਤਾਵਾਂ ਅਤੇ ਫੈਕਲਟੀ ਨੂੰ ਵਿਸ਼ੇਸ਼ ਸਿਖਲਾਈ ਦੇ ਕੇ ਗਣਿਤ ਦੀ ਸਿੱਖਿਆ ਦੀ ਗੁਣਵੱਤਾ ਵਧਾਉਣਾ ਹੈ। ਵਰਕਸ਼ਾਪ ਦੀ ਸ਼ੁਰੂਆਤ ਅੱਜ ਉਦਘਾਟਨੀ ਸੈਸ਼ਨ ਨਾਲ ਹੋਈ। ਪ੍ਰੋ. ਨੀਤੂ ਗੁਪਤਾ ਡਾਇਰੈਕਟਰ ਅਤੇ ਵਾਈਸ ਚਾਂਸਲਰ ਪ੍ਰੋ. ਸੁਸ਼ੀਲ ਕੁਮਾਰ ਤੋਮਰ ਨੇ ਮੁੱਖ ਮਹਿਮਾਨ ਅਤੇ ਸਾਰੇ ਬੁਲਾਰਿਆਂ ਦਾ ਸਵਾਗਤ ਕੀਤਾ। ਪ੍ਰੋ. ਤੋਮਰ ਨੇ ਵੱਖ-ਵੱਖ ਖੇਤਰਾਂ ਵਿੱਚ ਗਣਿਤ ਦੀਆਂ ਐਪਲੀਕੇਸ਼ਨਾਂ 'ਤੇ ਜ਼ੋਰ ਦਿੱਤਾ ਅਤੇ ਗਣਿਤ ਵਿਭਾਗ ਨੂੰ ਇਹ ਸਮਾਗਮ ਕਰਵਾਉਣ ਲਈ ਵਧਾਈ ਦਿੱਤੀ।

ਮੁੱਖ ਮਹਿਮਾਨ ਪ੍ਰੋ. ਪੀਯੂਸ਼ ਚੰਦਰ ਨੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਉਨ੍ਹਾਂ ਨੂੰ ਆਪਣੇ ਗਿਆਨ ਅਤੇ ਤਜਰਬੇ ਨਾਲ ਪ੍ਰੇਰਿਤ ਕੀਤਾ। ਉਦਘਾਟਨੀ ਸਮਾਗਮ ਡਾਕਟਰ ਸੂਰਜ ਗੋਇਲ ਦੇ ਧੰਨਵਾਦ ਦੇ ਮਤੇ ਨਾਲ ਸਮਾਪਤ ਹੋਇਆ। ਪਹਿਲੇ ਦਿਨ ਤਿੰਨ ਲੈਕਚਰ ਅਤੇ ਇੱਕ ਟਿਊਟੋਰਿਅਲ ਸੈਸ਼ਨ ਹੋਵੇਗਾ। ਇਸ ਵਰਕਸ਼ਾਪ ਲਈ ਆਈਐੱਸਐੱਮ ਆਈਆਈਟੀ ਧਨਬਾਦ, ਐੱਨਆਈਟੀ ਹਮੀਰਪੁਰ, ਐੱਨਆਈਟੀ ਦਿੱਲੀ, ਦਿੱਲੀ ਯੂਨੀਵਰਸਿਟੀ, ਗੁਰੂ ਜੰਭੇਸ਼ਵਰ ਯੂਨੀਵਰਸਿਟੀ ਅਤੇ ਪੰਜਾਬ ਯੂਨੀਵਰਸਿਟੀ ਵਰਗੀਆਂ ਵੱਕਾਰੀ ਸੰਸਥਾਵਾਂ ਤੋਂ 30 ਉਮੀਦਵਾਰਾਂ ਦੀ ਚੋਣ ਕੀਤੀ ਗਈ ਹੈ। ਇਸ ਦਾ ਮੁੱਖ ਉਦੇਸ਼ ਗਣਿਤ ਵਿੱਚ ਉੱਚ ਪੱਧਰੀ ਖੋਜ ਦੀਆਂ ਬੁਨਿਆਦੀ ਧਾਰਨਾਵਾਂ ਨੂੰ ਪੇਸ਼ ਕਰਨਾ ਹੈ।

# ਸਤਲੁਜ ਸਕੂਲ ਵਿੱਚ ਹੋਣਹਾਰ ਵਿਦਿਆਰਥੀਆਂ ਦਾ ਸਨਮਾਨ

**ਸ਼ਾਹਬਾਦ ਮਾਰਕੰਡਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਭਗਵਤੀ ਵੈਲਫੇਅਰ ਸੁਸਾਇਟੀ ਵੱਲੋਂ ਰਾਈਜ਼ਿੰਗ ਸਟਾਰ ਪ੍ਰੋਗਰਾਮ 2024 ਤਹਿਤ ਅੱਜ ਸਤਲੁਜ ਸੀਨੀਅਰ ਸੈਕੰਡਰੀ ਸਕੂਲ ਦੇ ਆਡੀਟੋਰੀਅਮ ਵਿਚ ਸਮਾਗਮ ਕਰਵਾਇਆ ਗਿਆ। ਇਸ ਵਿੱਚ ਵੱਖ-ਵੱਖ ਸਕੂਲਾਂ ਦੇ ਹੋਣਹਾਰ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ। ਸਮਾਜ ਸੇਵੀ ਸੰਦੀਪ ਗਰਗ ਨੇ ਬਤੌਰ ਮੁੱਖ ਮਹਿਮਾਨ ਤੇ ਜਤਿੰਦਰ ਦਾਸ ਤੇ ਰੇਣੂ ਖੁਰਾਣ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਪ੍ਰੋਗਰਾਮ ਵਿੱਚ ਪੁੱਜਣ 'ਤੇ ਸੁਸਾਇਟੀ ਵੱਲੋਂ ਮਹਿਮਾਨਾਂ ਦਾ ਸੁਆਗਤ ਕੀਤਾ ਗਿਆ। ਇਸ ਮੌਕੇ ਬੱਚਿਆਂ ਨੇ ਰੰਗਾਰੰਗ ਤੇ ਸਭਿਆਚਾਰਕ ਪ੍ਰੋਗਰਾਮ ਪੇਸ਼ ਕਰ ਕੇ ਸਭ ਦਾ ਮਨ ਮੋਹ ਲਿਆ। ਮੁੱਖ ਮਹਿਮਾਨ ਸੰਦੀਪ ਗਰਗ ਨੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੜ੍ਹਾਈ ਦੇ ਨਾਲ ਨਾਲ ਉਨ੍ਹਾਂ ਨੂੰ ਖੇਡਾਂ ਵਿਚ ਵੀ ਉਤਸ਼ਾਹ ਨਾਲ ਹਿੱਸਾ ਲੈਣਾ ਚਾਹੀਦਾ ਹੈ ਤੇ ਆਪਣੇ ਅਧਿਆਪਕਾਂ ਤੇ ਬਜ਼ੁਰਗਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਵੱਖ ਵੱਖ ਸਕੂਲਾਂ ਦੇ ਹੋਣਹਾਰ ਬੱਚਿਆਂ ਨੂੰ ਪ੍ਰੀਖਿਆਵਾਂ 'ਚ ਚੰਗੇ ਨੰਬਰ ਲੈਣ 'ਤੇ ਵਧਾਈ ਦਿੱਤੀ।

ਭਗਵਤੀ ਵੈਲਫੇਅਰ ਸੁਸਾਇਟੀ ਦੇ ਡਾਇਰੈਕਟਰ ਅਦਿਤੀ ਵਰਮਾ ਨੇ ਕਿਹਾ ਕਿ ਸੁਸਾਇਟੀ ਦਾ ਮੁੱਖ ਉਦੇਸ਼ ਪ੍ਰੀਖਿਆ ਵਿੱਚ ਚੰਗੇ ਅੰਕ ਲੈਣ ਵਾਲੇ ਵਿਦਿਆਰਥੀਆਂ ਦੇ ਨਾਲ ਨਾਲ ਸਿੱਖਿਆ ਦੇ ਖੇਤਰ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਅਧਿਆਪਕਾਂ ਤੇ ਪ੍ਰਿੰਸੀਪਲਾਂ ਦਾ ਸਨਮਾਨ ਕਰਨਾ ਹੈ। ਸ੍ਰੀਕਾਂਤ ਸਮਾਇਲੀ ਨੇ ਸਟੇਜ ਦਾ ਸੰਚਾਲਨ ਕੀਤਾ। ਇਸ ਮੌਕੇ ਸਕੂਲ ਦਾ ਸਟਾਫ ਮੌਜੂਦ ਸੀ।

# ਪਾਰਕ 'ਚ ਸ਼ਰਾਬ ਪੀਣ ਤੋਂ ਰੋਕਣ 'ਤੇ ਕੁੱਟਮਾਰ



**ਯਮੁਨਾਨਗਰ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਜਗਾਧਰੀ ਦੇ ਗੋਮਤੀ ਮੁਹੱਲੇ ਨੇੜੇ ਬਣਾਏ ਜਾ ਰਹੇ ਪਾਰਕ ਵਿੱਚ ਕੁੱਝ ਵਿਅਕਤੀਆਂ ਨੂੰ ਸ਼ਰਾਬ ਪੀਣ ਤੋਂ ਰੋਕਣ 'ਤੇ ਉਨ੍ਹਾਂ ਨੇ ਇੱਕ ਸਿੱਖ ਵਿਅਕਤੀ ਦੀ ਕੁੱਟਮਾਰ ਕੀਤੀ।

ਇਸ ਦੌਰਾਨ ਸਿੱਖ ਵਿਅਕਤੀ ਨੇ ਮੁਲਜ਼ਮਾਂ 'ਤੇ ਉਸ ਦੀ ਦਾੜ੍ਹੀ ਪੁੱਟਣ ਦਾ ਵੀ ਦੋਸ਼ ਲਾਇਆ। ਇਸ ਦੌਰਾਨ ਮੁਲਜ਼ਮਾਂ ਖ਼ਿਲਾਫ਼ ਕਾਰਵਾਈ ਦੀ ਮੰਗ ਨੂੰ ਲੈ ਕੇ ਇੱਕ ਸਿੱਖ ਜਥੇਬੰਦੀ ਦੇ ਮੈਂਬਰ ਅੱਜ ਜਗਾਧਰੀ ਥਾਣੇ ਪਹੁੰਚੇ। ਇਸ ਦੌਰਾਨ ਵਫ਼ਦ ਦੇ ਮੈਂਬਰਾਂ ਨੇ ਪੁਲੀਸ ਤੋਂ ਮੁਲਜ਼ਮਾਂ ਨੂੰ ਜਲਦੀ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ।

ਗੋਮਤੀ ਮੁਹੱਲਾ ਵਾਸੀ ਜਸਬੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਕਲੋਨੀ ਵਿੱਚ ਪਾਰਕ ਬਣਾਇਆ ਜਾ ਰਿਹਾ ਹੈ। ਜਦੋਂ ਉਹ ਪਾਰਕ ਵਿੱਚ ਗਿਆ ਤਾਂ ਉਥੇ ਕੁੱਝ ਲੋਕ ਸ਼ਰਾਬ ਪੀ ਰਹੇ ਸਨ। ਜਦੋਂ ਉਸ ਨੇ ਉਨ੍ਹਾਂ ਨੂੰ ਪਾਰਕ ਵਿੱਚ ਸ਼ਰਾਬ ਪੀਣ ਤੋਂ ਰੋਕਿਆ ਕੀਤਾ ਤਾਂ ਉਨ੍ਹਾਂ ਨੇ ਉਸ ਨਾਲ ਗਾਲੀ-ਗਲੋਚ ਕਰਨੀ ਸ਼ੁਰੂ ਕਰ ਦਿੱਤੀ। ਇਸ ਦੌਰਾਨ ਉਨ੍ਹਾਂ ਸਾਰਿਆਂ ?ਨੇ ਉਸ ਦੀ ਕੁੱਟਮਾਰ ਕੀਤੀ। ਕੁੱਟਮਾਰ ਦੌਰਾਨ ਮੁਲਜ਼ਮਾਂ ਨੇ ਉਸ ਦੀ ਕੇਸਾਂ ਦੀ ਬੇਅਦਬੀ ਕੀਤੀ ਅਤੇ ਉਸ ਦੀਆਂ ਧਾਰਮਿਕ ਭਾਵਨਾਵਾਂ ਨੂੰ ਵੀ ਠੇਸ ਪਹੁੰਚਾਇਆ ਗਿਆ। ਥਾਣਾ ਮੁਖੀ ਨਰਿੰਦਰ ਰਾਣਾ ਨੇ ਕਿਹਾ ਕਿ ਇਸ ਸਬੰਧੀ ਦੋ ਵਿਅਕਤੀਆਂ ਨੂੰ ਨਾਮਜ਼ਦ ਕੀਤਾ ਗਿਆ ਹੈ। ਇਸ ਦੀ ਜਾਂਚ ਕਰਨ ਮਗਰੋਂ ਕਾਨੂੰਨ ਮੁਤਾਬਕ ਕਾਰਵਾਈ ਕੀਤੀ ਜਾਵੇਗੀ।

# ਬੱਚਿਆਂ ਨੂੰ ਸੰਸਕਾਰੀ ਬਣਾਉਣ ਲਈ ਜਮਾਤਾਂ ਸ਼ੁਰੂ

**ਸ਼ਾਹਬਾਦ ਮਾਰਕੰਡਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਵਾਤਸਲਿਆ ਵਾਟਿਕਾ ਕੁਰੂਕਸ਼ੇਤਰ ਦੇ ਡਾਇਰੈਕਟਰ ਸੁਆਮੀ ਹਰੀ ਓਮ ਦਾਸ ਮਹਾਰਾਜ ਦੀ ਮੌਜੂਦਗੀ ਵਿਚ ਜੀਓ ਗੀਤਾ ਬਾਲ ਸੰਸਕਾਰ ਜਮਾਤ ਦਾ ਉਦਘਾਟਨ ਕੀਤਾ ਗਿਆ। ਗੀਤਾ ਮਨੀਸ਼ੀ ਸਵਾਮੀ ਗਿਆਨਾਨੰਦ ਮਹਾਰਾਜ ਦੇ ਨਿਰਦੇਸ਼ਾਂ ਅਨੁਸਾਰ ਬਾਲ ਪੀੜ੍ਹੀ ਨੂੰ ਸੰਸਕਾਰੀ ਤੇ ਆਦਰਸ਼ ਨਾਗਰਿਕ ਬਣਾਉਣ ਦੀ ਮੁਹਿੰਮ ਪੂਰੇ ਦੇਸ਼ ਵਿਚ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਜ਼ਿਲ੍ਹਾ ਬਲਾਕ ਦੇ ਸਾਬਕਾ ਸਿੱਖਿਆ ਅਧਿਕਾਰੀ ਰਾਜਿੰਦਰ ਤੇ ਸਰਕਾਰੀ ਮਾਡਲ ਕਲਚਰ ਸੀਨੀਅਰ ਸੈਕੰਡਰੀ ਸਕੂਲ ਕੁਰੂਕਸ਼ੇਤਰ ਦੇ ਪ੍ਰਿੰਸੀਪਲ ਡਾ. ਸਰਿੰਦਰ ਨੇ ਜਮਾਤ ਲਈ।

ਉਨ੍ਹਾਂ ਕਿਹਾ ਕਿ ਬੱਚਿਆਂ ਦੇ ਮਾਪਿਆਂ ਵੱਲੋਂ ਵੀ ਉਨ੍ਹਾਂ ਨੂੰ ਚੰਗੇ ਸੰਸਕਾਰ ਦੇਣੇ ਚਾਹੀਦੇ ਹਨ। ਉਨ੍ਹਾਂ ਬੱਚਿਆਂ ਨੂੰ ਅਪੀਲ ਕੀਤੀ ਕਿ ਉਹ ਮੋਬਾਈਲ ਫੋਨ ਤੋਂ ਦੂਰ ਰਹਿਣ, ਚੰਗੀਆਂ ਕਿਤਾਬਾਂ ਤੇ ਚੰਗੇ ਲੋਕਾਂ ਦੀ ਹੀ ਸੰਗਤ ਕਰਨ।

# ਦਿੱਲੀ ਟਰੈਫਿਕ ਪੁਲੀਸ ਵੱਲੋਂ ਭੇਜਿਆ ਚਲਾਨ ਦੇਖ ਕੇ ਹੱਕਾ-ਬੱਕਾ ਰਹਿ ਗਿਆ ਰਤੀਆ ਵਾਸੀ

**ਰਤੀਆ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਸ਼ਹਿਰ ਦੇ ਵਾਰਡ ਨੰਬਰ ਇੱਕ ਦੇ ਗੁਰਪਿਆਰ ਸਿੰਘ ਪੁੱਤਰ ਬਲਕਾਰ ਸਿੰਘ ਦਾ ਪਰਿਵਾਰ ਅੱਜ ਉਸ ਸਮੇਂ ਹੈਰਾਨ ਰਹਿ ਗਿਆ, ਜਦੋਂ ਉਨ੍ਹਾਂ ਦੇ ਮੋਬਾਈਲ 'ਤੇ ਦਿੱਲੀ ਟਰੈਫਿਕ ਪੁਲੀਸ ਵੱਲੋਂ ਉਨ੍ਹਾਂ ਦੀ ਗੱਡੀ ਦੇ ਚਲਾਨ ਦਾ ਸੁਨੇਹਾ ਆਇਆ। ਗੱਡੀ ਦੇ ਮਾਲਕ ਨੇ ਸਬੰਧਤ ਟਰੈਫਿਕ ਪੁਲੀਸ ਦੇ ਪ੍ਰਤੀਨਿਧੀਆਂ ਤੋਂ ਇਲਾਵਾ ਮੀਡੀਆ ਅੱਗੇ ਮਾਮਲੇ ਨੂੰ ਉਜਾਗਰ ਕਰਦਿਆਂ ਦੱਸਿਆ ਕਿ ਉਨ੍ਹਾਂ ਦੀ ਗੱਡੀ ਮਾਰੂਤੀ ਸਜ਼ੂਕੀ ਬਰੇਜ਼ਾ ਅੱਜ ਸਵੇਰੇ 5 ਵਜੇ ਰਤੀਆ ਤੋਂ ਫਤਿਆਬਾਦ ਛੁੱਟੀ ਹੋਏ ਹੋਏ ਗੁੱਗਾ ਮਾੜੀ ਰਾਜਸਥਾਨ ਗਈ ਸੀ ਅਤੇ ਉਹ ਖੁਦ ਵੀ ਉੱਥੇ ਜਾ ਕੇ ਆਏ ਸੀ। ਉਨ੍ਹਾਂ ਦੱਸਿਆ ਕਿ ਇਸ ਸਫਰ 'ਤੇ ਜਾਂਦਿਆਂ ਉਨ੍ਹਾਂ ਟਰੈਫਿਕ ਦੇ ਹਰ ਨਿਯਮਾਂ ਦਾ ਪਾਲਣ ਕੀਤਾ ਸੀ ਪਰ ਘਰ ਪਹੁੰਚਿਆ ਤਾਂ ਉਸ ਦੇ ਸਾਹਮਣੇ ਦਿੱਲੀ ਟਰੈਫਿਕ ਪੁਲੀਸ ਵੱਲੋਂ 1000 ਰੁਪਏ ਦਾ ਚਲਾਨ ਦਾ ਸੁਨੇਹਾ ਆਇਆ ਹੈ। ਉਨ੍ਹਾਂ ਕਿਹਾ ਕਿ ਉਹ ਦਿੱਲੀ ਗਿਆ ਹੀ ਨਹੀਂ।

ਉਨ੍ਹਾਂ ਪੁਲੀਸ ਅਧਿਕਾਰੀਆਂ ਅੱਗੇ ਸ਼ੱਕ ਪ੍ਰਗਟ ਕਰਦਿਆਂ ਦੱਸਿਆ ਕਿ ਕੋਈ ਉਨ੍ਹਾਂ ਦੀ ਗੱਡੀ ਦੀ ਫਰਜ਼ੀ ਨੰਬਰ ਪਲੇਟ ਲਗਾ ਕੇ ਦਿੱਲੀ ਵੱਲ ਗਿਆ ਹੋਵੇਗਾ, ਜਿਸ ਦੇ ਚੱਲਦਿਆਂ ਉਨ੍ਹਾਂ ਨੂੰ ਇਹ ਚਲਾਨ ਭੇਜਿਆ ਗਿਆ ਹੈ। ਉਨ੍ਹਾਂ ਇਸ ਪੂਰੇ ਮਾਮਲੇ ਦੀ ਜਾਂਚ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਦਿੱਲੀ ਪੁਲੀਸ ਨੂੰ ਇਸ ਸਬੰਧੀ ਗੰਭੀਰਤਾ ਨਾਲ ਛਾਣਬੀਣ ਕਰਨੀ ਚਾਹੀਦੀ ਹੈ ਤਾਂ ਜੋ ਭਵਿੱਖ ਵਿੱਚ ਇਸ ਤਰ੍ਹਾਂ ਦਾ ਧੋਖਾ ਕਿਸੇ ਹੋਰ ਨਾਲ ਨਾ ਹੋ ਸਕੇ। ਚਲਾਨ ਦਾ ਪਤਾ ਲੱਗਣ 'ਤੇ ਸਾਰਾ ਪਰਿਵਾਰ ਅਤੇ ਆਂਢੀ ਗੁਆਂਢੀ ਹੈਰਾਨ ਹਨ।

# ਤੇਜ਼ ਹਵਾਵਾਂ ਤੇ ਕਿਣ-ਮਿਣ ਨਾਲ ਰਾਹਤ



**ਚੰਡੀਗੜ੍ਹ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਟਰਾਈਸਿਟੀ ਦੇ ਲੋਕਾਂ ਨੂੰ ਪਿਛਲੇ ਕੁਝ ਦਿਨਾਂ ਤੋਂ ਪੈ ਰਹੀ ਗਰਮੀ ਤੋਂ ਅੱਜ ਸ਼ਾਮ ਵੇਲੇ ਹਨੇਰੀ ਆਉਣ ਤੇ ਕਿਣ-ਮਿਣ ਨਾਲ ਕੁਝ ਰਾਹਤ ਮਿਲੀ ਹੈ। ਇਸ ਖੇਤਰ ਵਿਚ ਅੱਜ ਦੁਪਹਿਰ ਤਕ ਗਰਮੀ ਰਹੀ ਪਰ ਸ਼ਾਮ ਵੇਲੇ ਤੇਜ਼ ਹਵਾਵਾਂ ਚੱਲਣ ਨਾਲ ਤਾਪਮਾਨ ਵਿਚ ਗਿਰਾਵਟ ਦੇਖਣ ਨੂੰ ਮਿਲੀ। ਦੂਜੇ ਪਾਸੇ ਮੌਸਮ ਵਿਭਾਗ ਨੇ ਪੇਸ਼ੀਨਗੋਈ ਕੀਤੀ ਹੈ ਕਿ ਅਗਲੇ ਤਿੰਨ ਦਿਨ ਹਲਕਾ ਮੀਂਹ ਪੈ ਸਕਦਾ ਹੈ ਜਦਕਿ ਅੱਠ ਜੂਨ ਤੋਂ ਮੌਸਮ ਸਾਫ ਰਹੇਗਾ।

ਚੰਡੀਗੜ੍ਹ ਵਿਚ ਅੱਜ ਵੱਧ ਤੋਂ ਵੱਧ ਤਾਪਮਾਨ 43 ਡਿਗਰੀ ਸੈਲਸੀਅਸ ਤੇ ਘੱਟ ਤੋਂ ਘੱਟ ਤਾਪਮਾਨ 29.3 ਡਿਗਰੀ ਦਰਜ ਕੀਤਾ ਗਿਆ। ਅੱਜ ਸ਼ਾਮ ਵੇਲੇ ਅਚਾਨਕ ਹੀ ਬੱਦਲ ਛਾ ਗਏ ਤੇ ਕੁਝ ਸਮੇਂ ਬਾਅਦ ਕਿਣ ਮਿਣ ਹੋਣ ਨਾਲ ਅਤਿ ਦੀ ਪੈ ਰਹੀ ਗਰਮੀ ਤੋਂ ਰਾਹਤ ਮਿਲੀ। ਚੰਡੀਗੜ੍ਹ ਮੌਸਮ ਵਿਭਾਗ ਨੇ ਕਿਹਾ ਹੈ ਕਿ ਚਾਰ ਜੂਨ ਨੂੰ ਅੰਸ਼ਕ ਬੱਦਲਵਾਈ ਰਹੇਗੀ ਤੇ ਗਰਜ ਨਾਲ ਛਿੱਟੇ ਪੈ ਸਕਦੇ ਹਨ। ਇਸ ਦੌਰਾਨ ਵੱਧ ਤੋਂ ਵੱਧ ਤਾਪਮਾਨ 42 ਡਿਗਰੀ ਰਹਿ ਸਕਦਾ ਹੈ। ਪੰਜ ਜੂਨ ਨੂੰ ਵੀ ਬੱਦਲਵਾਈ ਰਹੇਗੀ ਤੇ ਹਲਕਾ ਮੀਂਹ ਪੈ ਸਕਦਾ ਹੈ, ਇਸ ਦੌਰਾਨ ਵੱਧ ਤੋਂ ਵੱਧ ਤਾਪਮਾਨ 40 ਡਿਗਰੀ ਸੈਲਸੀਅਸ ਦੇ ਕਰੀਬ ਰਹੇਗਾ। ਛੇ ਜੂਨ ਨੂੰ ਅੰਸ਼ਕ ਬੱਦਲਵਾਈ ਰਹੇਗੀ ਤੇ ਹਲਕਾ ਮੀਂਹ ਪੈਣ ਦੀ ਸੰਭਾਵਨਾ ਹੈ।

ਸੱਤ ਜੂਨ ਨੂੰ ਅੰਸ਼ਕ ਬੱਦਲਵਾਈ ਰਹੇਗੀ ਜਦਕਿ ਅੱਠ ਜੂਨ ਤੋਂ ਮੁੜ ਗਰਮੀ ਪੈਣ ਦੀ ਪੇਸ਼ੀਨਗੋਈ ਕੀਤੀ ਗਈ ਹੈ। ਪਿਛਲੇ ਕੁਝ ਦਿਨਾਂ ਤੋਂ ਗਰਮੀ ਕਾਰਨ ਲੋਕਾਂ ਨੂੰ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਡਾਕਟਰਾਂ ਨੇ ਲੋਕਾਂ ਨੂੰ ਸਵੇਰੇ ਗਿਆਰਾਂ ਵਜੇ ਤੋਂ ਬਾਅਦ ਦੁਪਹਿਰ ਚਾਰ ਵਜੇ ਤਕ ਘਰੋਂ ਬਾਹਰ ਨਾ ਨਿਕਲਣ ਦੀ ਤਾਕੀਦ ਕੀਤੀ ਹੋਈ ਹੈ। ਡਾਕਟਰਾਂ ਨੇ ਸਲਾਹ ਦਿੱਤੀ ਹੈ ਕਿ ਲੋਕ ਗਰਮੀ ਤੋਂ ਬਚਣ ਲਈ ਤਰਲ ਪਦਾਰਥਾਂ ਦਾ ਸੇਵਨ ਕਰਨ।

ਮੁੱਲਾਂਪੁਰ ਗਰੀਬਦਾਸ: ਨਿਊ ਚੰਡੀਗੜ੍ਹ ਇਲਾਕੇ ਦੇ ਪਿੰਡ ਮੁੱਲਾਂਪੁਰ ਗਰੀਬਦਾਸ, ਨਵਾਂ ਗਰਾਊਂ, ਸਿੱਸਵਾਂ ਇਲਾਕੇ ਵਿੱਚ ਅੱਜ ਸ਼ਾਮ ਵੇਲੇ ਤੇਜ਼ ਹਵਾਵਾਂ ਅਤੇ ਹਨੇਰੀ ਚੱਲਣ ਮਗਰੋਂ ਕਿਣ-ਮਿਣ ਹੁੰਦੀ ਰਹੀ। ਇਸ ਨਾਲ ਗਰਮੀ ਤੋਂ ਥੋੜ੍ਹੀ ਰਾਹਤ ਮਿਲੀ ਹੈ। ਇਸ ਮੌਕੇ ਬਿਜਲੀ ਸਪਲਾਈ ਵੀ ਪ੍ਰਭਾਵਿਤ ਹੋਈ।

# ਬੁੱਢਣਪੁਰ ਵਿੱਚ ਨਹੀਂ ਰੁਕ ਰਿਹਾ ਪੇਚਸ਼ ਦਾ ਕਹਿਰ



**ਪੰਚਕੂਲਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਚਕੂਲਾ ਦੇ ਸ਼ਹਿਰੀ ਖੇਤਰ ਵਿੱਚ ਪੈਂਦੇ ਪਿੰਡ ਬੁੱਢਣਪੁਰ ਵਿੱਚ ਪੇਚਸ਼ ਦੇ ਕੇਸ ਵਧਦੇ ਜਾ ਰਹੇ ਹਨ। ਇੱਥੇ ਹੁਣ ਤੱਕ ਤਿੰਨ ਬੱਚਿਆਂ ਦੀ ਮੌਤ ਹੋ ਚੁੱਕੀ ਹੈ। ਪੰਚਕੂਲਾ ਦੇ ਸਿਹਤ ਵਿਭਾਗ ਵੱਲੋਂ 566 ਘਰਾਂ ਦਾ ਸਰਵੇਖਣ ਕੀਤਾ ਗਿਆ ਹੈ। ਪੰਚਕੂਲਾ ਦੇ ਜ਼ਿਲ੍ਹਾ ਨਿਗਰਾਨ ਅਧਿਕਾਰੀ ਸੁਰੇਸ਼ ਭੋਸਲੇ ਨੇ ਦੱਸਿਆ ਕਿ ਟੀਮਾਂ ਵੱਲੋਂ 566 ਘਰਾਂ ਦਾ ਸਰਵੇਖਣ ਕੀਤਾ ਗਿਆ। ਇਸ ਦੇ ਨਾਲ ਹੀ ਹੁਣ ਤੱਕ ਪਾਣੀ ਦੇ 26 ਨਮੂਨੇ ਜਾਂਚ ਲਈ ਭੇਜੇ ਜਾ ਚੁੱਕੇ ਹਨ। ਹਸਪਤਾਲ ਵਿੱਚ ਛੋਟੇ ਬੱਚੇ ਵੀ ਦਸਤ ਦੀ ਲਪੇਟ ਵਿੱਚ ਆ ਗਏ ਹਨ। ਉਨ੍ਹਾਂ ਦੱਸਿਆ ਕਿ ਬੁੱਢਣਪੁਰ ਵਿੱਚ ਲੋਕਾਂ ਨੂੰ ਜਾਗਰੂਕ ਕਰਨ ਲਈ ਸਿਹਤ ਵਿਭਾਗ ਦੀ ਟੀਮ ਕੰਮ ਕਰ ਰਹੀ ਹੈ। ਲੋਕਾਂ ਨੂੰ ਦਵਾਈਆਂ ਵੰਡੀਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਇੱਕ ਸਰਕਾਰੀ ਸਕੂਲ ਵਿੱਚ ਕਲੀਨਿਕ ਵੀ ਬਣਾਇਆ ਗਿਆ ਹੈ। ਅਧਿਕਾਰੀ ਨੇ ਕਿਹਾ ਕਿ ਦਵਾਈ ਦੇਣ ਤੋਂ ਬਾਅਦ ਵੀ ਜੇ ਰਾਹਤ ਨਾ ਮਿਲਣ 'ਤੇ ਮਰੀਜ਼ ਨੂੰ ਸਿਵਲ ਹਸਪਤਾਲ ਸੈਕਟਰ-6 ਰੈਫਰ ਕੀਤਾ ਜਾ ਰਿਹਾ ਹੈ। ਹਸਪਤਾਲ ਵਿੱਚ 70 ਤੋਂ ਵੱਧ ਬੱਚੇ ਦਾਖ਼ਲ ਹਨ ਜਿਹੜੇ ਉਲਟੀ ਤੇ ਦਸਤ ਤੋਂ ਪੀੜਤ ਹਨ।

ਦੂਜੇ ਪਾਸੇ, ਪ੍ਰਸ਼ਾਸਨ ਪੇਚਸ਼ ਉੱਤੇ ਕਾਬੂ ਪਾਉਣ ਲਈ ਦਾਅਵੇ ਤਾਂ ਬਹੁਤ ਕਰ ਰਿਹਾ ਹੈ ਪਰ ਕੇਸਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਲੋਕਾਂ ਦਾ ਕਹਿਣਾ ਹੈ ਕਿ ਇਸ ਪਿੱਛੇ ਅਰਬਨ ਸ਼ਹਿਰੀ ਵਿਕਾਸ ਅਥਾਰਟੀ ਦੇ ਜਨ ਸੋਧ ਡਿਵੀਜ਼ਨ ਦੀ ਵੀ ਲਾਪਰਵਾਹੀ ਵੀ ਹੋ ਸਕਦੀ ਹੈ ਕਿ ਕਿਉਂਕਿ ਹਰ ਸਾਲ ਗਰਮੀਆਂ ਦੇ ਦਿਨਾਂ ਵਿੱਚ ਪਿੰਡ ਬੁੱਢਣਪੁਰ ਵਿੱਚ ਪੇਚਸ਼ ਦੇ ਕੇਸ ਆਉਣੇ ਸ਼ੁਰੂ ਹੋ ਜਾਂਦੇ।

# ਪਸ਼ੂ ਪਾਲਣ ਵਿਭਾਗ ਵੱਲੋਂ ਭੇਡਾਂ ਤੇ ਬੱਕਰੀਆਂ ਦਾ ਟੀਕਾਕਰਨ

**ਰਤੀਆ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਪਸ਼ੂ ਹਸਪਤਾਲ ਰਤੀਆ ਅਧੀਨ ਸਰਕਾਰੀ ਪਸ਼ੂ ਡਿਸਪੈਂਸਰੀ, ਗਊਸ਼ਾਲਾ ਰਤੀਆ, ਕਮਾਨਾ, ਬਾੜਾ, ਮਹਿਮੜਾ ਅਤੇ ਭੂੰਦੜਵਾਸ ਅਧੀਨ ਆਉਂਦੇ ਪਿੰਡਾਂ ਵਿੱਚ ਪਸ਼ੂ ਪਾਲਣ ਵਿਭਾਗ ਦੇ ਵੈਟਰਨਰੀ ਡਾਕਟਰ ਸੁਨੀਲ ਬਿਸ਼ਨੋਈ ਦੀ ਅਗਵਾਈ ਹੇਠ ਵੀਐੱਲਡੀ ਰਣਵੀਰ ਸਿੰਘ, ਕੁਲਦੀਪ ਸਿੰਘ, ਮੋਹਸਿਨ ਖਾਨ, ਸ਼ਰਵਣ, ਨਵੀਨ ਅਤੇ ਵਿਕਾਸ ਨੇ ਆਪਣੇ ਚੌਥਾ ਦਰਜਾ ਕਰਮਚਾਰੀਆਂ ਅਤੇ ਭੇਡ ਬੱਕਰੀ ਪਾਲਕਾਂ ਦੇ ਸਹਿਯੋਗ ਨਾਲ ਭੇਡਾਂ, ਬੱਕਰੀਆਂ ਦੇ ਟੀਕੇ ਲਗਾਏ। ਇਹ ਟੀਕੇ ਮਾਤਾ ਰੋਗ ਅਤੇ ਬਰਸਾਤ ਦੀਆਂ ਬਿਮਾਰੀਆਂ ਤੋਂ ਬਚਣ ਲਈ ਲਾਏ ਗਏ।

ਬਰਸਾਤੀ ਮੌਸਮ ਤੋਂ ਪਹਿਲਾਂ ਭੇਡਾਂ ਅਤੇ ਬੱਕਰੀਆਂ ਲਈ ਟੀਕਾਕਰਨ ਬਹੁਤ ਜ਼ਰੂਰੀ ਹੈ। ਡਾ. ਸੁਨੀਲ ਬਿਸ਼ਨੋਈ ਨੇ ਆਮ ਨਾਗਰਿਕਾਂ ਨੂੰ ਵੀ ਅਪੀਲ ਕਰਦਿਆਂ ਕਿਹਾ ਕਿ ਆਪਣੇ ਨੇੜੇ ਰਹਿੰਦੇ ਭੇਡ ਬੱਕਰੀ ਪਾਲਕਾਂ ਨੂੰ ਇਸ ਸਬੰਧੀ ਜਾਣਕਾਰੀ ਦਿੱਤੀ ਜਾਵੇ।

# ਚੌਧਰੀ ਦੇਵੀ ਲਾਲ 'ਵਰਸਿਟੀ 'ਚ ਦਾਖ਼ਲਾ ਪ੍ਰਕਿਰਿਆ ਸ਼ੁਰੂ



**ਸਿਰਸਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਚੌਧਰੀ ਦੇਵੀ ਲਾਲ ਯੂਨੀਵਰਸਿਟੀ, ਸਿਰਸਾ ਨੇ ਅਕਾਦਮਿਕ ਸੈਸ਼ਨ 2024-25 ਲਈ ਦਾਖ਼ਲਿਆਂ ਸਬੰਧੀ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਹਨ। 7 ਜੂਨ ਤੋਂ 5 ਜੁਲਾਈ ਤੱਕ ਵੱਖ-ਵੱਖ ਕੋਰਸਾਂ ਵਿੱਚ ਦਾਖ਼ਲੇ ਲਈ ਆਨਲਾਈਨ ਅਪਲਾਈ ਕੀਤੇ ਜਾ ਸਕਣਗੇ। ਇਹ ਜਾਣਕਾਰੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਅਜਮੇਰ ਸਿੰਘ ਮਲਿਕ ਨੇ ਅੱਜ ਆਪਣੇ ਦਫ਼ਤਰ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਿੱਤੀ। ਉਨ੍ਹਾਂ ਕਿਹਾ ਕਿ ਚੌਧਰੀ ਦੇਵੀ ਲਾਲ ਯੂਨੀਵਰਸਿਟੀ, ਸਿਰਸਾ ਕੇਂਦਰ ਅਤੇ ਰਾਜ ਸਰਕਾਰ ਦੇ ਨਾਲ-ਨਾਲ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੀਆਂ ਵੱਖ-ਵੱਖ ਹਦਾਇਤਾਂ ਦੀ ਪਾਲਣਾ ਕਰਕੇ ਮਿਆਰੀ ਸਿੱਖਿਆ ਦੇ ਖੇਤਰ ਵਿੱਚ ਲਗਾਤਾਰ ਤਰੱਕੀ ਦੇ ਨਵੇਂ ਮੁਕਾਮ ਸਥਾਪਿਤ ਕਰ ਰਹੀ ਹੈ।

ਪ੍ਰੋ. ਮਲਿਕ ਨੇ ਦੱਸਿਆ ਕਿ ਵਿੱਦਿਅਕ ਸੈਸ਼ਨ 2024-25 ਤੋਂ ਬੈਚਲਰ ਆਫ ਪਰਫਾਰਮਿੰਗ ਆਰਟਸ ਤਹਿਤ ਥੀਏਟਰ, ਟੀਵੀ ਅਤੇ ਸਿਨੇਮਾ ਦਾ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ। ਇਸ ਤੋਂ ਇਲਾਵਾ ਐੱਮ.ਏ. ਸਮਾਜ ਸ਼ਾਸਤਰ, ਪੀ.ਜੀ. ਯੂਨੀਵਰਸਿਟੀ ਪ੍ਰਸ਼ਾਸਨ ਨੇ ਡਿਪਲੋਮਾ ਇਨ ਯੋਗਾ ਅਤੇ ਸਰਟੀਫਿਕੇਟ ਕੋਰਸ ਸ਼ੁਰੂ ਕਰਨ ਦਾ ਵੀ ਫੈਸਲਾ ਕੀਤਾ ਹੈ। ਕੈਂਪਸ ਵਿੱਚ ਵਿਦਿਆਰਥੀਆਂ ਦੀ ਗਿਣਤੀ 5600 ਹੈ ਅਤੇ ਆਉਣ ਵਾਲੇ ਸਮੇਂ ਵਿੱਚ 6500 ਤੱਕ ਪਹੁੰਚਣ ਦੀ ਸੰਭਾਵਨਾ ਹੈ।

# ਨਿਗਮ ਨੇ ਪ੍ਰਾਪਰਟੀ ਟੈਕਸ 'ਚ ਨਵਾਂ ਰਿਕਾਰਡ ਬਣਾਇਆ




**ਚੰਡੀਗੜ੍ਹ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਚੰਡੀਗੜ੍ਹ ਨਗਰ ਨਿਗਮ ਇਸ ਵਿੱਤੀ ਵਰ੍ਹੇ 2024-25 ਵਿੱਚ ਹੁਣ ਤੱਕ ਦਾ ਸਭ ਤੋਂ ਵੱਧ ਸਾਲਾਨਾ ਪ੍ਰਾਪਰਟੀ ਟੈਕਸ ਇਕੱਠਾ ਕਰ ਕੇ ਨਿਗਮ ਦੇ ਇਤਿਹਾਸ ਵਿੱਚ ਇੱਕ ਨਵਾਂ ਰਿਕਾਰਡ ਬਣਾਇਆ ਹੈ। ਜਾਣਕਾਰੀ ਅਨੁਸਾਰ ਨਗਰ ਨਿਗਮ ਵੱਲੋਂ ਇਸ ਵਿੱਤੀ ਸਾਲ ਦੇ ਪਹਿਲੇ ਦੋ ਮਹੀਨਿਆਂ ਦੌਰਾਨ 1 ਅਪਰੈਲ ਤੋਂ 31 ਮਈ ਤੱਕ ਕੁੱਲ ਪ੍ਰਾਪਰਟੀ ਟੈਕਸ ਦੀ ਵਸੂਲੀ 52.24 ਕਰੋੜ ਰੁਪਏ ਹੈ, ਜੋ ਕਿ ਪਿਛਲੇ ਵਿੱਤੀ ਵਰ੍ਹੇ 2023-24 ਦੀ 43.21 ਕਰੋੜ ਰੁਪਏ ਦੀ ਵਸੂਲੀ ਨਾਲੋਂ 21 ਫ਼ੀਸਦੀ ਵੱਧ ਹੈ। ਇਸ ਪ੍ਰਾਪਤੀ 'ਤੇ ਟਿੱਪਣੀ ਕਰਦਿਆਂ ਨਿਗਮ ਕਮਿਸ਼ਨਰ ਅਨਿੰਦਿਤਾ ਮਿੱਤਰਾ ਨੇ ਕਿਹਾ ਕਿ ਇਹ ਟੈਕਸ ਉਗਰਾਹੀ ਨਗਰ ਨਿਗਮ ਦੀ ਟੀਮ ਦੀ ਸਖ਼ਤ ਮਿਹਨਤ ਤੇ ਲਗਨ ਦੇ ਨਾਲ-ਨਾਲ ਸ਼ਹਿਰ ਵਾਸੀਆਂ ਤੇ ਵਪਾਰੀਆਂ ਵੱਲੋਂ ਦਿਖਾਈ ਗਈ ਜ਼ਿੰਮੇਵਾਰੀ ਦਾ ਪ੍ਰਮਾਣ ਹੈ।

ਉਨ੍ਹਾਂ ਕਿਹਾ ਕਿ ਇਹ ਰਿਕਾਰਡ ਤੋੜ ਪ੍ਰਾਪਰਟੀ ਟੈਕਸ ਉਗਰਾਹੀ ਨਗਰ ਨਿਗਮ ਨੂੰ ਸ਼ਹਿਰ ਦੇ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ? ?ਕਰਨ, ਜਨਤਕ ਸੇਵਾਵਾਂ ਵਿੱਚ ਸੁਧਾਰ ਕਰਨ ਅਤੇ ਚੰਡੀਗੜ੍ਹ ਦੇ ਸਰਵਪੱਖੀ ਵਿਕਾਸ ਵਿੱਚ ਨਿਵੇਸ਼ ਕਰਨ ਦੇ ਯੋਗ ਬਣਾਵੇਗੀ। ਉਨ੍ਹਾਂ ਕਿਹਾ ਕਿ ਨਗਰ ਨਿਗਮ ਇਨ੍ਹਾਂ ਸਾਧਨਾਂ ਦੀ ਸੁਚੱਜੀ ਅਤੇ ਪਾਰਦਰਸ਼ੀ ਢੰਗ ਨਾਲ ਵਰਤੋਂ ਕਰ ਕੇ ਸ਼ਹਿਰ ਵਾਸੀਆਂ ਨੂੰ ਲਾਭ ਪਹੁੰਚਾਉਣ ਲਈ ਵਚਨਬੱਧ ਹੈ।

ਦੱਸਣਯੋਗ ਹੈ ਕਿ ਨਗਰ ਨਿਗਮ ਹਰ ਵਿੱਤੀ ਵਰ੍ਹੇ ਪਹਿਲੇ ਦੋ ਮਹੀਨਿਆਂ 1 ਅਪਰੈਲ ਤੋਂ 31 ਮਈ ਦਰਮਿਆਨ ਪ੍ਰਾਪਰਟੀ ਟੈਕਸ ਤਾਰਨ ਵਾਲਿਆਂ ਨੂੰ ਵਿਸ਼ੇਸ਼ ਛੋਟ ਦਿੰਦਾ ਹੈ। ਰਿਹਾਇਸ਼ੀ ਇਕਾਈਆਂ ਨੂੰ ਪ੍ਰਾਪਰਟੀ ਟੈਕਸ 'ਤੇ 20 ਫ਼ੀਸਦੀ ਅਤੇ ਵਪਾਰਕ ਇਕਾਈਆਂ ਨੂੰ ਉਨ੍ਹਾਂ ਦੇ ਪ੍ਰਾਪਰਟੀ ਟੈਕਸ ਦੀ ਕੁੱਲ ਰਕਮ 'ਤੇ 10 ਫ਼ੀਸਦੀ ਛੋਟ ਦਿੱਤੀ ਜਾਂਦੀ ਹੈ। ਹਾਲਾਂਕਿ ਪ੍ਰਾਪਰਟੀ ਟੈਕਸ ਦੀ ਛੋਟ ਦੀ ਮਿਆਦ ਦੇ ਆਖ਼ਰੀ ਸਮੇਂ ਦੌਰਾਨ ਸਰਵਰ ਡਾਊਨ ਹੋਣ ਕਾਰਨ ਸ਼ਹਿਰ ਵਾਸੀਆਂ ਨੂੰ ਖੱਜਲ ਹੋਣਾ ਪਿਆ ਸੀ। ਇਸ ਛੋਟ ਦੀ ਮਿਆਦ 31 ਮਈ ਨੂੰ ਖ਼ਤਮ ਹੋਣ ਤੋਂ ਬਾਅਦ ਹੁਣ ਪ੍ਰਾਪਰਟੀ ਟੈਕਸ ਭਰਨ ਵਾਲਿਆਂ ਨੂੰ 25 ਫ਼ੀਸਦੀ ਜੁਰਮਾਨੇ ਦੇ ਨਾਲ-ਨਾਲ ਆਪਣੀ ਪ੍ਰਾਪਰਟੀ ਟੈਕਸ ਦੀ ਰਕਮ 'ਤੇ 12 ਫੀਸਦੀ ਵਿਆਜ ਵੀ ਦੇਣਾ ਹੋਵੇਗਾ।


ਨਗਰ ਨਿਗਮ ਕਮਿਸ਼ਨਰ ਅਨਿੰਦਿਤਾ ਮਿਤਰਾ ਨੇ ਛੋਟ ਦੀ ਮਿਆਦ ਦੌਰਾਨ ਪ੍ਰਾਪਰਟੀ ਟੈਕਸ ਜਮ੍ਹਾ ਕਰਵਾਉਣ ਵਾਲਿਆਂ ਦਾ ਧੰਨਵਾਦ ਕੀਤਾ ਹੈ ਅਤੇ ਜਿਹੜੇ ਲੋਕ ਪ੍ਰਾਪਰਟੀ ਟੈਕਸ ਜਮ੍ਹਾ ਨਹੀਂ ਕਰਵਾ ਸਕੇ ਉਨ੍ਹਾਂ ਨੂੰ ਕਿਸੇ ਵੀ ਕਾਨੂੰਨੀ ਕਾਰਵਾਈ ਤੋਂ ਬਚਣ ਲਈ ਆਪਣਾ ਬਕਾਇਆ ਪ੍ਰਾਪਰਟੀ ਟੈਕਸ ਜਲਦੀ ਜਮ੍ਹਾ ਕਰਵਾਉਣ ਦੀ ਅਪੀਲ ਕੀਤੀ ਹੈ।

# ਸਖ਼ਤ ਸੁਰੱਖਿਆ ਦੇ ਬਾਵਜੂਦ ਝਪਟਮਾਰ ਬੇਖੌਫ਼

**ਚੰਡੀਗੜ੍ਹ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਚੰਡੀਗੜ੍ਹ ਪੁਲੀਸ ਵੱਲੋਂ ਲੋਕ ਸਭਾ ਚੋਣਾਂ ਲਈ ਹੋਈ ਵੋਟਿੰਗ ਦੀ ਗਿਣਤੀ ਕਰ ਕੇ ਸ਼ਹਿਰ ਵਿੱਚ ਹਰ ਥਾਂ 'ਤੇ ਚੌਕਸੀ ਰੱਖੀ ਜਾ ਰਹੀ ਹੈ। ਪੁਲੀਸ ਸ਼ਹਿਰ ਵਿੱਚ ਵੱਖ-ਵੱਖ ਥਾਵਾਂ 'ਤੇ ਨਾਕਾਬੰਦੀ ਕਰ ਰਹੀ ਹੈ। ਇਸ ਦੇ ਬਾਵਜੂਦ ਝਪਟਮਾਰ ਤੇ ਲੁੱਟਖੋਹ ਕਰਨ ਵਾਲੇ ਬੇਖੌਫ਼ ਦਿਖਾਈ ਦੇ ਰਹੇ ਹਨ। ਉਨ੍ਹਾਂ ਵੱਲੋਂ ਬਿਨਾਂ ਕਿਸੇ ਡਰ ਭੈਅ ਤੋਂ ਸ਼ਹਿਰ ਵਿੱਚ ਵਾਰਦਾਤਾਂ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਐਕਟਿਵਾ ਤੇ ਮੋਟਰਸਾਈਕਲ 'ਤੇ ਸਵਾਰ ਦੋ ਨੌਜਵਾਨਾਂ ਨੇ ਸ਼ਹਿਰ ਵਿੱਚ ਦੋ ਵੱਖ-ਵੱਖ ਥਾਵਾਂ 'ਤੇ ਝਪਟ ਮਾਰਨ ਦੀਆਂ ਘਟਨਾਵਾਂ ਨੂੰ ਅੰਜਾਮ ਦਿੱਤਾ। ਇਸ ਬਾਰੇ ਜਾਣਕਾਰੀ ਮਿਲਦਿਆਂ ਹੀ ਚੰਡੀਗੜ੍ਹ ਪੁਲੀਸ ਦੇ ਥਾਣਾ ਸੈਕਟਰ-31 ਵਿੱਚ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ, ਪਰ ਹਾਲੇ ਤੱਕ ਪੁਲੀਸ ਦੇ ਹੱਥ ਖਾਲੀ ਹਨ।ਪਹਿਲੀ ਘਟਨਾ ਬੱਸ ਸਟੈਂਡ ਰਾਮਦਰਬਾਰ ਦੇ ਨਜ਼ਦੀਕ ਵਾਪਰੀ ਜਿੱਥੇ ਐਕਟਿਵਾ ਸਵਾਰ ਨੌਜਵਾਨ ਇਕ ਵਿਅਕਤੀ ਨੂੰ ਘੇਰ ਕੇ ਉਸ ਦਾ ਪਰਸ ਖੋਹ ਕੇ ਫ਼ਰਾਰ ਹੋ ਗਏ ਹਨ। ਇਸ ਬਾਰੇ ਪੀੜਤ ਨਰੇਸ਼ ਕੁਮਾਰ ਵਾਸੀ ਜ਼ੀਰਕਪੁਰ ਨੇ ਕਿਹਾ ਕਿ ਦੋ ਨੌਜਵਾਨ ਉਸ ਦਾ ਪਰਸ ਖੋਹ ਕੇ ਫ਼ਰਾਰ ਹੋ ਗਏ ਹਨ। ਪਰਸ ਵਿੱਚ 2000 ਰੁਪਏ ਨਗਦ ਅਤੇ ਹੋਰ ਜ਼ਰੂਰੀ ਦਸਤਾਵੇਜ਼ ਸਨ। ਇਸੇ ਤਰ੍ਹਾਂ ਦੂਜੀ ਘਟਨਾ ਸਨਅਤੀ ਏਰੀਆ ਫੇਜ਼-2 ਵਿੱਚ ਵਾਪਰੀ ਹੈ, ਉੱਥੇ ਮੋਟਰਸਾਈਕਲ ਸਵਾਰ ਨੌਜਵਾਨ ਇਕ ਵਿਅਕਤੀ ਨੂੰ ਘੇਰ ਕੇ ਉਸ ਦਾ ਪਰਸ ਖੋਹ ਕੇ ਫ਼ਰਾਰ ਹੋ ਗਏ ਸਨ। ਪਰਸ ਵਿੱਚ 5000 ਰੁਪਏ ਨਗਦ ਅਤੇ ਹੋਰ ਜ਼ਰੂਰੀ ਦਸਤਾਵੇਜ਼ ਸਨ। ਥਾਣਾ ਸੈਕਟਰ-31 ਦੀ ਪੁਲੀਸ ਨੇ ਦੋਵਾਂ ਮਾਮਲਿਆਂ ਸਬੰਧੀ ਅਣਪਛਾਤਿਆਂ ਵਿਰੁੱਧ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲੀਸ ਮੁੱਢਲੀ ਜਾਂਚ ਦੌਰਾਨ ਘਟਨਾ ਵਾਲੀਆਂ ਥਾਵਾਂ ਦੁਆਲੇ ਲੱਗੇ ਕੈਮਰਿਆਂ ਦੀ ਫੁਟੇਜ ਦੇਖ ਰਹੀ ਹੈ।

# ਮੁਹਾਲੀ ਵਿੱਚ ਦੋ ਦਿਨ ਪ੍ਰਭਾਵਿਤ ਰਹੇਗੀ ਪਾਣੀ ਦੀ ਸਪਲਾਈ



**ਮੁਹਾਲੀ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁਹਾਲੀ ਦੇ ਕੁੱਝ ਰਿਹਾਇਸ਼ੀ ਅਤੇ ਸਨਅਤੀ ਖੇਤਰ ਵਿੱਚ ਅਗਲੇ ਦੋ ਦਿਨ ਨਹਿਰੀ ਪੀਣ ਵਾਲੇ ਪਾਣੀ ਦੀ ਸਪਲਾਈ ਪ੍ਰਭਾਵਿਤ ਰਹੇਗੀ। ਅੱਜ ਇੱਥੇ ਇਹ ਜਾਣਕਾਰੀ ਦਿੰਦਿਆਂ ਜਲ ਸਪਲਾਈ ਤੇ ਸੈਨੀਟੇਸ਼ਨ ਮੰਡਲ-2, ਮੁਹਾਲੀ ਦੇ ਕਾਰਜਕਾਰੀ ਇੰਜਨੀਅਰ ਮਾਈਕਲ ਨੇ ਦੱਸਿਆ ਕਿ ਮੁਹਾਲੀ ਅਤੇ ਚੰਡੀਗੜ੍ਹ ਦੀ ਸਾਂਝੀ ਹੱਦ ਨੇੜੇ ਕਜੌਲੀ ਤੋਂ ਸਿੱਧੇ ਪਾਣੀ ਦੀ ਸਪਲਾਈ ਵਾਲੀ ਫੇਜ਼-1 ਅਤੇ ਫੇਜ਼-2 ਦੀ ਮੇਨ ਪਾਈਪਲਾਈਨ ਵਿੱਚ ਅਚਾਨਕ ਲੀਕੇਜ ਸ਼ੁਰੂ ਹੋ ਗਈ ਹੈ।ਇਸ ਸਬੰਧੀ ਚੰਡੀਗੜ੍ਹ ਜਲ ਸਪਲਾਈ ਵਿਭਾਗ ਵੱਲੋਂ ਕਜੌਲੀ ਵਾਟਰ ਵਰਕਸ ਤੋਂ ਪਾਣੀ ਦੀ ਸਿੱਧੇ ਸਪਲਾਈ ਵਾਲੀ ਫੇਜ਼-1 ਅਤੇ ਫੇਜ਼-2 ਦੀ ਮੇਨ ਪਾਈਪਲਾਈਨ ਦੀ ਜ਼ਰੂਰੀ ਮੁਰੰਮਤ ਲਈ ਪਾਣੀ ਦੀ ਬੰਦੀ ਲਈ ਗਈ ਹੈ। ਇਸ ਕਾਰਨ ਭਲਕੇ 4 ਅਤੇ 7 ਜੂਨ ਨੂੰ ਇੱਥੋਂ ਦੇ ਫੇਜ਼-1, ਫੇਜ਼-2, ਫੇਜ਼-3ਏ, ਫੇਜ਼-3ਬੀ1, ਫੇਜ਼-3ਬੀ-2, ਫੇਜ਼-4, ਫੇਜ਼-5, ਫੇਜ਼-6, ਫੇਜ਼-7 ਅਤੇ ਪਿੰਡ ਮਦਨਪੁਰਾ ਅਤੇ ਉਦਯੋਗਿਕ ਖੇਤਰ ਫੇਜ਼-1 ਤੋਂ ਫੇਜ਼-5 ਵਿੱਚ ਨਹਿਰੀ ਪਾਣੀ ਦੀ ਸਪਲਾਈ ਉਪਲਬਧਤਾ ਮੁਤਾਬਕ ਹੋਵੇਗੀ। ਅਧਿਕਾਰੀ ਨੇ ਦੱਸਿਆ ਕਿ 7 ਜੂਨ ਨੂੰ ਸਵੇਰੇ ਪਾਣੀ ਦੀ ਸਪਲਾਈ ਪੂਰੇ ਪ੍ਰੈਸ਼ਰ ਨਾਲ ਹੋਵੇਗੀ ਅਤੇ ਦੁਪਹਿਰ ਵੇਲੇ ਪਾਣੀ ਦੀ ਸਪਲਾਈ ਬਿਲਕੁਲ ਵੀ ਨਹੀਂ ਹੋਵੇਗੀ ਜਦੋਂਕਿ ਸ਼ਾਮ ਨੂੰ ਪਾਣੀ ਦੀ ਸਪਲਾਈ ਘੱਟ ਪ੍ਰੈਸ਼ਰ ਨਾਲ (ਪਾਣੀ ਦੀ ਉਪਲਬਧਤਾ ਅਨੁਸਾਰ) ਹੋਵੇਗੀ। ਉਨ੍ਹਾਂ ਦੱਸਿਆ ਕਿ 7 ਜੂਨ ਨੂੰ ਸਵੇਰੇ ਪਾਣੀ ਦੀ ਸਪਲਾਈ ਪਾਣੀ ਦੀ ਉਪਲਬਧਤਾ ਮੁਤਾਬਕ ਹੋਵੇਗੀ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਅਗਲੇ ਦੋ ਦਿਨ ਪਾਣੀ ਦੀ ਵਰਤੋਂ ਸੰਜਮ ਨਾਲ ਕਰਨ ਅਤੇ ਵਿਭਾਗ ਨੂੰ ਆਪਣਾ ਪੂਰਾ ਸਹਿਯੋਗ ਦੇਣ। ਉਂਜ ਉਨ੍ਹਾਂ ਕਿਹਾ ਕਿ ਵਿਭਾਗ ਕੋਲ ਪਾਣੀ ਦੀ ਕੋਈ ਕਮੀ ਨਹੀਂ ਹੈ। ਕਸੌਲੀ ਤੋਂ ਪਾਣੀ ਦੀ ਸਿੱਧੀ ਸਪਲਾਈ ਵਾਲੀ ਪਾਈਪਲਾਈਨ ਲੀਕੇਜ ਹੋਣ ਕਾਰਨ ਮੁਰੰਮਤ ਕਾਰਜਾਂ ਦੇ ਚੱਲਦਿਆਂ ਪਾਣੀ ਦੀ ਸਪਲਾਈ ਪ੍ਰਭਾਵਿਤ ਹੋ ਸਕਦੀ ਹੈ।

# ਡੇਰਾਬੱਸੀ ਵਿੱਚ ਚਾਰ ਥਾਵਾਂ 'ਤੇ ਅੱਗ ਲੱਗੀ

**ਡੇਰਾਬੱਸੀ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਇਲਾਕੇ ਅੰਦਰ ਚਾਰ ਵੱਖ-ਵੱਖ ਥਾਵਾਂ 'ਤੇ ਅੱਗ ਲੱਗਣ ਦੀ ਘਟਨਾਵਾਂ ਵਾਪਰੀਆਂ। ਇਸ ਦੌਰਾਨ ਜਾਨੀ ਨੁਕਸਾਨ ਤੋਂ ਬਚਾਅ ਰਿਹਾ। ਫਾਇਰ ਬ੍ਰਿਗੇਡ ਦੇ ਮੁਲਾਜ਼ਮਾਂ ਨੇ ਸਮਾਂ ਰਹਿੰਦੇ ਅੱਗ 'ਤੇ ਕਾਬੂ ਪਾ ਲਿਆ।

ਜਾਣਕਾਰੀ ਅਨੁਸਾਰ ਇੱਥੋਂ ਨੇੜਲੇ ਪਿੰਡ ਅਮਲਾਲਾ ਬੀੜ ਵਿੱਚ ਅਚਾਨਕ ਅੱਗ ਲਗ ਗਈ। ਪਿੰਡ ਵਾਸੀਆਂ ਨੇ ਇਸ ਦੀ ਸੂਚਨਾ ਫਾਇਰ ਬ੍ਰਿਗੇਡ ਨੂੰ ਦਿੱਤੀ ਜਿਨ੍ਹਾਂ ਨੇ ਪਹੁੰਚ ਕੇ ਅੱਗ ਬੁਝਾਈ। ਇਸੇ ਦੌਰਾਨ ਦੂਜੀ ਘਟਨਾ ਬਰੋਲੀ ਪਿੰਡ ਵਿੱਚ ਵਾਪਰੀ ਜਿੱਥੇ ਫਾਇਰ ਬ੍ਰਿਗੇਡ ਦੀ ਟੀਮ ਨੇ ਅੱਗ 'ਤੇ ਕਾਬੂ ਪਾ ਲਿਆ। ਅੱਗ ਲੱਗਣ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ।

ਇਸੇ ਦੌਰਾਨ ਅੱਗ ਲੱਗਣ ਦੀ ਤੀਜੀ ਘਟਨਾ ਬਰਵਾਲਾ ਰੋਡ ਤੇ ਸਥਿਤ ਪਿੰਡ ਭਗਵਾਨਪੁਰ ਨਜ਼ਦੀਕ ਬਣੇ ਇੱਟਾਂ ਵਾਲੇ ਭੱਠੇ 'ਤੇ ਵਾਪਰੀ। ਭੱਠੇ ਦੇ ਨਜ਼ਦੀਕ ਖੜ੍ਹੇ ਘਾਹ, ਝਾੜੀਆਂ ਅਤੇ ਪਏ ਕਬਾੜ ਨੂੰ ਅਚਾਨਕ ਅੱਗ ਲੱਗ ਗਈ। ਚੌਥੀ ਘਟਨਾ ਬਰਵਾਲਾ ਰੋਡ ਤੇ ਸਥਿਤ ਬਿਜਲੀ ਗਰਿੱਡ ਤੋਂ ਸਾਹਮਣੇ ਆਈ ਜਿੱਥੇ ਬਿਜਲੀ ਦੀਆਂ ਤਾਰਾਂ ਵਿੱਚ ਸ਼ਾਰਟ ਸਰਕਟ ਹੋਣ ਕਾਰਨ ਅਚਾਨਕ ਅੱਗ ਲੱਗ ਗਈ। ਫਾਇਰ ਬ੍ਰਿਗੇਡ ਨੇ ਸਮੇਂ 'ਤੇ ਪਹੁੰਚ ਕੇ ਅੱਗ 'ਤੇ ਕਾਬੂ ਪਾ ਲਿਆ।



ਚੰਡੀਗੜ੍ਹ ਦੇ ਪਿੰਡ ਧਨਾਸ ਨੇੜੇ ਸਥਿਤ ਕਬਾੜ ਮਾਰਕੀਟ ਵਿੱਚ ਸੋਮਵਾਰ ਦੇਰ ਸ਼ਾਮ ਅੱਗ ਲੱਗਣ ਦੀ ਘਟਨਾ ਵਾਪਰੀ। ਜਾਣਕਾਰੀ ਅਨੁਸਾਰ ਅੱਗ ਮਾਰਕੀਟ ਦੇ ਪਿੱਛੇ ਸਥਿਤ ਜੰਗਲੀ ਇਲਾਕੇ 'ਚ ਲੱਗੀ ਤੇ ਬਾਅਦ ਕਬਾੜ ਮਾਰਕੀਟ ਵਿੱਚ ਫੈਲ ਗਈ। ਫਾਇਰ ਬ੍ਰਿਗੇਡ ਦੀ ਟੀਮ ਨੇ ਮੌਕੇ 'ਤੇ ਪਹੁੰਚ ਕੇ ਅੱਗ 'ਤੇ ਕਾਬੂ ਪਾਇਆ। ਇਸ ਅੱਗ ਦੀ ਘਟਨਾ ਵਿੱਚ ਕਿਸੇ ਵੀ ਤਰ੍ਹਾਂ ਦੇ ਜਾਨੀ ਨੁਕਸਾਨ ਦੀ ਕੋਈ ਸੂਚਨਾ ਨਹੀਂ ਹੈ। ਅੱਗ ਲੱਗਣ ਦੀ ਸੂਚਨਾ ਮਿਲਦੇ ਹੀ ਪੁਲੀਸ ਟੀਮ ਮੌਕੇ 'ਤੇ ਪਹੁੰਚ ਗਈ ਅਤੇ ਮਾਮਲੇ ਦੀ ਜਾਂਚ ਕਰ ਰਹੀ ਹੈ। ਜਿਸ ਦੁਕਾਨ ਵਿਚ ਅੱਗ ਲੱਗੀ ਉਸ ਵਿੱਚ ਜ਼ਿਆਦਾਤਰ ਲੋਹੇ ਦਾ ਸਾਮਾਨ ਰੱਖਿਆ ਹੋਇਆ ਸੀ, ਇਸ ਕਰ ਕੇ ਅੱਗ ਜ਼ਿਆਦਾ ਨਹੀਂ ਫੈਲੀ। ਦੁਕਾਨ ਅੰਦਰ ਰੱਖਿਆ ਪਲਾਸਟਿਕ ਤੇ ਹੋਰ ਸਾਮਾਨ ਸੜ ਗਿਆ।

# ਰੈਸਲਿੰਗ ਐਸੋਸੀਏਸ਼ਨ ਦੇ ਜਨਰਲ ਸਕੱਤਰ ਬਣੇ ਸ਼ਾਹਬਾਜ਼ ਸਿੰਘ



**ਮਾਨਸਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਰਮਦਿੱਤੇਵਾਲਾ ਦੇ ਕੁਸ਼ਤੀ ਕੋਚ ਸ਼ਾਹਬਾਜ਼ ਸਿੰਘ ਨੂੰ ਪੰਜਾਬ ਰੈਸਲਿੰਗ ਐਸੋਸੀਏਸ਼ਨ ਦਾ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ। ਸ਼ਾਹਬਾਜ਼ ਸਿੰਘ ਨੇ ਪਿਛਲੇ ਸਮੇਂ ਤੋਂ ਪਿੰਡ ਰਮਦਿੱਤੇਵਾਲਾ ਵਿੱਚ ਕੁਸ਼ਤੀਆਂ ਦੀ ਸਿਖਲਾਈ ਦੇਣ ਲਈ ਸੈਂਟਰ ਖੋਲ੍ਹਿਆ ਹੋਇਆ ਹੈ, ਜਿਸ ਤੋਂ ਟ੍ਰੇਨਿੰਗ ਪ੍ਰਾਪਤ ਕਰਕੇ ਨੌਜਵਾਨ ਮੁੰਡੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਪੰਜਾਬ ਦਾ ਨਾਮ ਰੌਸ਼ਨ ਕਰ ਚੁੱਕੇ ਹਨ। ਜ਼ਿਲ੍ਹਾ ਖੇਡ ਅਫ਼ਸਰ ਮਾਨਸਾ ਨਵਜੋਤ ਸਿੰਘ ਧਾਲੀਵਾਲ ਨੇ ਦੱਸਿਆ ਕਿ ਪੰਜਾਬ ਰੈਸਲਿੰਗ ਐਸੋਸੀਏਸ਼ਨ ਦੇ ਪ੍ਰਧਾਨ ਰਮਬਲਨ ਕੁਮਾਰ ਅਨੁਸਾਰ ਰਾਜ ਸਭਾ ਮੈਂਬਰ ਸੰਤ ਵੀਰ ਸਿੰਘ ਸੀਚੇਵਾਲ ਅਤੇ ਐਸੋਸੀਏਸ਼ਨ ਦੇ ਲਾਈਫ ਟਾਈਮ ਪ੍ਰਧਾਨ ਪਦਮਸ਼੍ਰੀ ਕਰਤਾਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਰਾਜ ਪੱਧਰੀ ਮੀਟਿੰਗ ਵਿੱਚ ਸ਼ਾਹਬਾਜ਼ ਸਿੰਘ ਨੂੰ ਪੰਜਾਬ ਰੈਸਲਿੰਗ ਐਸੋਸੀਏਸ਼ਨ ਦਾ ਜਰਨਲ ਸਕੱਤਰ ਨਿਯੁਕਤ ਕੀਤਾ ਗਿਆ ਹੈ।

# ਟਰਾਂਸਫਾਰਮਰ 'ਚ ਧਮਾਕਾ ਹੋਣ ਕਾਰਨ ਅੱਗ ਲੱਗੀ

**ਮੋਰਿੰਡਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹਿਰ ਦੀ ਬਸੀ ਰੋਡ 'ਤੇ ਦੇਰ ਰਾਤ ਨੂੰ ਸ਼ਿਵ ਨੰਦਾ ਸਕੂਲ ਸਾਹਮਣੇ ਬਿਜਲੀ ਦੇ ਟਰਾਂਸਫਾਰਮਰ ਨੂੰ ਅੱਗ ਲੱਗਣ ਕਾਰਨ ਧਮਾਕਾ ਹੋ ਗਿਆ। ਇਸ ਕਾਰਨ ਟਰਾਂਸਫਾਰਮਰ ਦਾ ਤੇਲ ਸੜਕ 'ਤੇ ਫੈਲ ਗਿਆ ਤੇ ਇਸ ਨੂੰ ਅੱਗ ਲੱਗ ਗਈ। ਇਸ ਘਟਨਾ ਕਾਰਨ ਬਿਜਲੀ ਸਪਲਾਈ ਬੰਦ ਹੋ ਗਈ।ਮਹੱਲਾ ਵਾਸੀ ਤਰਸੇਮ ਸਿੰਘ ਸੇਮਾ ਨੇ ਕਿਹਾ ਕਿ ਪਿਛਲੇ ਤਿੰਨ ਚਾਰ ਦਿਨਾਂ ਤੋਂ ਬਿਜਲੀ ਦੀ ਮਾੜੀ ਸਪਲਾਈ ਕਾਰਨ ਲੋਕ ਪ੍ਰੇਸ਼ਾਨ ਸਨ।

# ਪ੍ਰੇਮੀ ਵੱਲੋਂ ਤਿੰਨ ਬੱਚਿਆਂ ਦੀ ਮਾਂ ਦੀ ਗਲਾ ਘੁੱਟ ਕੇ ਹੱਤਿਆ

**ਕੁਰੂਕਸ਼ੇਤਰ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਨੇੜਲੇ ਪਿੰਡ ਬਹਾਦਰਪੁਰਾ ਵਿੱਚ ਬੀਤੀ ਦੇਰ ਰਾਤ ਇੱਕ ਵਿਅਕਤੀ ਨੇ ਆਪਣੇ ਦੋਸਤ ਨਾਲ ਮਿਲ ਕੇ ਤਿੰਨ ਬੱਚਿਆਂ ਦੀ ਮਾਂ ਦੀ ਗਲਾ ਘੁੱਟ ਕੇ ਹੱਤਿਆ ਕਰ ਦਿੱਤੀ। ਜਾਣਕਾਰੀ ਅਨੁਸਾਰ 38 ਸਾਲਾ ਔਰਤ ਆਪਣੇ ਪਤੀ ਅਤੇ ਦੋ ਬੱਚਿਆਂ ਨਾਲ ਬਹਾਦਰਪੁਰਾ 'ਚ ਕਿਰਾਏ 'ਤੇ ਰਹਿੰਦੀ ਸੀ, ਜਦਕਿ ਉਸ ਦਾ ਤੀਜਾ ਪੁੱਤਰ ਯੂਪੀ 'ਚ ਕੰਮ ਕਰਦਾ ਹੈ। ਥਾਣਾ ਸਦਰ ਥਾਨੇਸਰ ਵਿੱਚ ਦਿੱਤੀ ਸ਼ਿਕਾਇਤ ਵਿੱਚ ਔਰਤ ਦੇ ਪਤੀ ਖੇਮਕਰਨ ਨੇ ਦੱਸਿਆ ਕਿ ਇਸੇ ਪਿੰਡ ਦਾ ਰਾਮਬੀਰ ਕਰੀਬ ਡੇਢ ਸਾਲ ਤੋਂ ਉਸ ਦੀ ਪਤਨੀ ਦੇ ਸੰਪਰਕ ਵਿੱਚ ਸੀ।

ਰਾਤ ਕਰੀਬ 12.30 ਵਜੇ ਉਹ ਆਪਣੇ ਦੋਸਤ ਨਾਲ ਉਨ੍ਹਾਂ ਦੇ ਘਰ ਆਇਆ ਤੇ ਉਸ ਦੀ ਪਤਨੀ ਨੂੰ ਜ਼ਬਰਦਸਤੀ ਚੁੱਕ ਕੇ ਕਮਿਊਨਿਟੀ ਸੈਂਟਰ ਪਾਰਕ ਵਿਚ ਲੈ ਗਿਆ। ਕੁਝ ਸਮੇਂ ਬਾਅਦ ਜਦੋਂ ਉਹ ਉਥੇ ਪਹੁੰਚਿਆ ਤਾਂ ਉਥੇ ਉਸ ਦੀ ਲਾਸ਼ ਪਈ ਸੀ।

# ਸਿੱਖੀ ਸਿਦਕ ਦੇ ਪ੍ਰਤੀਕ ਬੀਬੀ ਕੌਲਾਂ ਜੀ

ਕੁਲਦੀਪ ਸਿੰਘ ਸਲਗਾਨੀਆ

ਮੀਰੀ ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਪਾਤਸ਼ਾਹ ਜੀ ਨੇ ਸਿੱਖੀ ਲਹਿਰ ਨੂੰ ਬੀਰ-ਰਸੀ ਭਾਵਨਾ ਨਾਲ ਜੋੜ ਕੇ ਇਕ ਨਵੀਂ ਦਿਸ਼ਾ ਪ੍ਰਦਾਨ ਕੀਤੀ। ਭਗਤੀ ਤੇ ਸ਼ਕਤੀ ਨੂੰ ਇਕੱਤਰ ਕਰਨ ਵਾਲੇ ਦਲ ਭੰਜਨ ਗੁਰ ਸੂਰਮੇ ਦੇ ਇਤਿਹਾਸ ਨਾਲ ਜੁੜੀ ਬੀਬੀ ਕੌਲਾਂ ਦੀ ਜਗਤ ਪ੍ਰਸਿੱਧ ਸਾਖੀ ਸ਼ਰਧਾ ਭਾਵਨਾ ਦੇ ਆਕਾਸ਼ ਵਿਚ ਧਰੂਵ ਤਾਰੇ ਵਾਂਗ ਚਮਕਦੀ ਹੈ। ਲਾਹੌਰ ਦੀ ਸੰਜਮ ਬਸਤੀ ਦੇ ਕਾਜ਼ੀ ਰੁਸਤਮ ਖ਼ਾਂ ਦੇ ਘਰ ਪਲ ਕੇ ਜਵਾਨ ਹੋਈ ਇਸ ਬੇਟੀ ਦਾ ਸੁਭਾਅ ਬਚਪਨ ਤੋਂ ਹੀ ਪਰਮਾਰਥ ਦੀ ਖੋਜ ਵੱਲ ਸੀ। ਖ਼ੁਦਾ ਦੇ ਪਿਆਰ ਦੀ ਤਲਬ ਸਦਕਾ ਉਸਨੂੰ ਉਸ ਵਕਤ ਦੇ ਮਹਾਨ ਸੂਫ਼ੀ ਦਰਵੇਸ਼ ਸਾਈਂ ਮੀਆਂ ਮੀਰ ਜੀ ਦੀ ਸੰਗਤ ਨਸੀਬ ਹੋਈ ਜਿੱਥੇ ਉਸਦੀ ਵਿਚਾਰਧਾਰਕ ਸਾਂਝ ਗੁਰੂ ਨਾਨਕ ਦੇ ਘਰ ਨਾਲ ਜੁੜੀ। ਸਾਈਂ ਮੀਆਂ ਮੀਰ ਨੇ ਗੁਰੂ ਹਰਿਗੋਬਿੰਦ ਜੀ ਦੀ ਉਪਮਾ ਕਰਕੇ ਉਸਦੇ ਦਿਲ ਅੰਦਰ ਹਜ਼ੂਰ ਦੇ ਦਰਸ਼ਨਾਂ ਦੀ ਤਾਂਘ ਪੈਦਾ ਕਰ ਦਿੱਤੀ। ਸਤਿਗੁਰੂ ਦੇ ਦਰਸ਼ਨ ਕਰਨ ਉਪਰੰਤ ਉਸਦੀ ਆਤਮਾ ਗੁਰਬਾਣੀ ਦੇ ਪਿਆਰ ਵਿਚ ਇਸ ਤਰ੍ਹਾਂ ਰੰਗੀ ਗਈ ਕਿ ਹਰੇਕ ਵਕਤ ਬਾਣੀ ਦੇ ਸ਼ਬਦ ਦਾ ਜਾਪ ਹੁੰਦਾ ਰਹਿੰਦਾ। ਇਕ ਪਾਸੇ ਕੱਟੜਪੰਥੀ ਖ਼ਿਆਲਾਂ ਦੇ ਮਾਲਕ ਪਿਤਾ ਕਾਜ਼ੀ ਰੁਸਤਮ ਖ਼ਾਨ ਦਾ ਕ੍ਰੋਧ ਇਨਾ ਵਧਿਆ ਕਿ ਉਸ ਨੇ ਕੌਲਾਂ ਨੂੰ ਇਸਲਾਮ ਵਿਰੁੱਧ ਕਹਿ ਕੇ ਮੌਤ ਦਾ ਫਤਵਾ ਜਾਰੀ ਕਰਵਾ ਦਿੱਤਾ।

ਬੀਬੀ ਕੌਲਾਂ ਜੀ ਦੇ ਮਾਤਾ ਨੇ ਉਸ ਨੂੰ ਸਾਈਂ ਮੀਆਂ ਮੀਰ ਕੋਲ ਭੇਜ ਦਿੱਤਾ ਅਤੇ ਕਿਹਾ ਕਿ ਕਿਸੇ ਤਰੀਕੇ ਬੱਚੀ ਨੂੰ ਬਚਾਓ। ਸਾਈਂ ਮੀਆਂ ਮੀਰ ਜੀ ਨੇ ਆਪਣੇ ਨੌਕਰ ਮਖ਼ਦੂੱਲਾ ਸ਼ਾਹ ਨਾਲ ਬੀਬੀ ਕੌਲਾਂ ਜੀ ਨੂੰ ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਸ਼ਰਨ ਭੇਜ ਦਿੱਤਾ। ਗੁਰੂ ਹਰਿਗੋਬਿੰਦ ਸਾਹਿਬ ਵੱਖਰਾ ਪ੍ਰਬੰਧ ਕਰ ਕੇ ਕੌਲਾਂ ਜੀ ਨੂੰ 'ਮਾਧੋ ਕੀ ਬਰਾੜ' ਰੁਕਦੇ ਹੋਏ ਅੰਮ੍ਰਿਤਸਰ ਲੈ ਆਏ। ਗੁਰੂਘਰ ਆ ਕੇ ਗੁਰਬਾਣੀ ਦੇ ਕੀਰਤਨ ਅਤੇ ਨਿਤਾਪ੍ਰਤੀ ਸੰਗਤ ਕਰਦਿਆਂ ਆਤਮਿਕ ਅਵਸਥਾ ਸਿਖ਼ਰ ਤਕ ਜਾ ਪੁੱਜੀ ਸੀ। ਸਾਰਾ-ਸਾਰਾ ਦਿਨ ਇਕਾਂਤ ਵਿਚ ਬੈਠ ਕੇ ਸਿਮਰਨ ਅਭਿਆਸ ਕਰਨਾ ਦਾ ਹਿੱਸਾ ਬਣ ਗਿਆ। ਸਤਿਗੁਰੂ ਨੇ ਉਸਦੀ ਦਿਲੀ ਇੱਛਾ ਨੂੰ ਪੂਰਾ ਕਰਦਿਆਂ ਆਪਣੇ ਹੱਥੀਂ ਕੌਲਸਰ ਸਰੋਵਰ ਦਾ ਨਿਰਮਾਣ ਕਰ ਕੇ ਉਸਨੂੰ ਸਦੀਵ ਕਾਲ ਅਮਰ ਕਰ ਦਿੱਤਾ। ਮਨੁੱਖੀ ਜੀਵਨ ਦੇ ਮਨੋਰਥ ਨੂੰ ਪੂਰਾ ਕਰ ਕੇ ਕਰਤਾਰਪੁਰ ਦੀ ਧਰਤੀ 'ਤੇ ਬੀਬੀ ਕੌਲਾਂ ਜੀ ਨੇ ਆਤਮਾ ਨੂੰ ਸਰੀਰਕ ਪਿੰਜਰੇ ਤੋਂ ਮੁਕਤ ਕਰ ਕੇ ਪਰਮੇਸ਼ਵਰ ਨਾਲ ਅਭੇਦ ਕਰ ਲਿਆ। ਉਸਦੀ ਅਦੁੱਤੀ ਸ਼ਰਧਾ ਨੂੰ ਪ੍ਰੇਮ ਕਰਦਿਆਂ ਸਿੱਖ ਸੰਗਤਾਂ ਵਿਚ ਉਸ ਦੇਵੀ ਨੂੰ ਮਾਤਾ ਕੌਲਾਂ ਜੀ ਕਹਿ ਕੇ ਸਤਿਕਾਰਿਆ ਜਾਂਦਾ ਹੈ।

ਬੀਬੀ ਕੌਲਾਂ ਦੀ ਸਿਦਕ ਭਰਪੂਰ ਕਹਾਣੀ ਇਸ ਗੱਲ ਦੀ ਗਵਾਹ ਹੈ ਕਿ ਗੁਰੂ ਜੀ 'ਤੇ ਭਰੋਸਾ ਰੱਖ ਕੇ ਬੰਦਗੀ ਕਰਨ ਵਾਲੀਆਂ ਰੂਹਾਂ ਕਦੇ ਮਰਦੀਆਂ ਨਹੀਂ। ਅੱਜ ਸੰਸਾਰ ਅੰਦਰ ਬੀਬੀ ਕੌਲਾਂ ਜੀ ਦੇ ਨਾਂ ਉੱਤੇ ਅਨੇਕਾਂ ਧਾਰਮਿਕ ਅਤੇ ਸਮਾਜ-ਸੇਵੀ ਸੰਸਥਾਵਾਂ ਚੱਲ ਰਹੀਆਂ ਹਨ।

ਮੋਬਾਈਲ 73552-32490



## ਉਮਰਾ

*ਉਮਰਾ ਕਰਨ ਦੀ ਪ੍ਰਕਿਰਿਆ ਵਿਚ ਹੱਜ ਨਾਲੋਂ ਕੁਝ ਘੱਟ ਰਸਮਾਂ ਨਿਭਾਈਆਂ ਜਾਂਦੀਆਂ ਹਨ। ਉਮਰਾ ਕਰਨਾ ਫ਼ਰਜ਼ ਨਹੀਂ, ਨਫ਼ਲੀ ਇਬਾਦਤ ਹੈ...*

ਅਰਬੀ ਮਹੀਨੇ ਜ਼ਿੱਲ-ਹਿੱਜਾ ਦੌਰਾਨ ਹੱਜ ਦੇ ਦਿਨਾਂ ਨੂੰ ਛੱਡ ਕੇ ਸਾਲ ਦੇ ਬਾਕੀ ਮਹੀਨਿਆਂ ਦੇ ਦਿਨਾਂ ਵਿਚ ਜਦੋਂ ਮੱਕਾ ਸ਼ਰੀਫ਼ ਦੀ ਜ਼ਿਆਰਤ ਕੀਤੀ ਜਾਂਦੀ ਹੈ, ਉਸ ਨੂੰ ਉਮਰਾ ਕਿਹਾ ਜਾਂਦਾ ਹੈ। ਉਮਰਾ ਇਕ ਕਿਸਮ ਦਾ ਛੋਟਾ ਹੱਜ ਮੰਨਿਆ ਜਾਂਦਾ ਹੈ।



ਉਮਰਾ ਕਰਨ ਦੀ ਪ੍ਰਕਿਰਿਆ ਵਿਚ ਹੱਜ ਨਾਲੋਂ ਕੁਝ ਘੱਟ ਰਸਮਾਂ ਨਿਭਾਈਆਂ ਜਾਂਦੀਆਂ ਹਨ। ਉਮਰਾ ਕਰਨਾ ਫ਼ਰਜ਼ ਨਹੀਂ ਹੈ, ਨਫ਼ਲੀ ਇਬਾਦਤ ਹੈ। ਉਮਰਾ ਕਰਨ ਦਾ ਜ਼ਿਕਰ ਕੁਰਆਨ ਮਜੀਦ ਦੀ ਸੂਰਹਾ ਅਲ-ਬਕਰ ਦੀ ਆਇਤ ਨੰਬਰ 196 ਵਿਚ ਆਇਆ ਹੈ ਕਿ ਅੱਲਾਹ ਦੀ ਰਜ਼ਾ ਲਈ ਹੱਜ ਅਤੇ ਉਮਰੇ ਦੀ ਨੀਅਤ ਕਰੋ ਅਤੇ ਉਸ ਨੂੰ ਪੂਰਾ ਕਰੋ। ਪੈਗ਼ੰਬਰੇ ਇਸਲਾਮ ਨੇ ਸੰਨ 629 ਈਸਵੀ ਨੂੰ ਉਮਰਾ ਕੀਤਾ ਸੀ। ਉਮਰਾ ਕਰਨ ਦੀ ਮਹੱਤਤਾ ਭਾਵੇਂ ਹੱਜ ਕਰਨ ਨਾਲੋਂ ਘੱਟ ਹੈ ਲੇਕਿਨ ਫਿਰ ਵੀ ਇਹ ਇਕ ਅਹਿਮ ਇਬਾਦਤ ਹੈ।

• ਪ੍ਰੋ. ਗੁਰਚਰਨ ਸਿੰਘ ਤਲਵਾੜਾ

*ਭਾਈ ਘਨੱਈਆ ਜੀ ਦੇ ਜਨਮ ਅਸਥਾਨ ਦਾ ਨਾਂ-ਸੌਦਰ ਸੋਹਦਰਾ ਅਤੇ ਹੁਣ ਸੋਧਰਾ (ਪਾਕਿਸਤਾਨ) ਹੈ।*

# ਧਰਮਸ਼ਾਲ ਦੀ ਸਾਜਨਾ

• ਫ਼ਕੀਰ ਚੰਦ ਤੁਲੀ



ਦੁਸ਼ਮਣ ਨਾ ਕੋਈ ਲੱਭੇ, ਤੇਰੇ ਨੇ ਮੁੱਖ ਸੱਭੇ,
ਸੱਭੇ ਨੇ ਮੁੱਖ ਤੇਰੇ, ਤੈਨੂੰ ਰਿਝਾ ਰਿਹਾ ਹਾਂ
ਸੇਵਾ ਮੇਰੀ ਨੂੰ ਤੋਲੇ, ਇਹ ਜਗਤ-ਕਾਰੋਬਾਰੀ
ਮੈਂ ਕੀ ਕਮਾ ਰਿਹਾ ਹਾਂ, ਮੈਂ ਕੀ ਗੁਆ ਰਿਹਾ ਹਾਂ
ਤੈਨੂੰ ਕਮਾ ਕੇ ਦਾਤਾ, ਆਪਾ ਮਿਟਾ ਕੇ ਦਾਤਾ,
ਤ੍ਰਿਲੋਕੀਆਂ ਨੂੰ ਤੇਰੇ, ਮੁਖੜੇ 'ਚੋਂ ਪਾ ਰਿਹਾ ਹਾਂ।
ਆਪੇ ਹੈ ਤੂੰ ਵਿਖਾਇਆ-ਹਰ ਦਿਲ 'ਚ ਤੂੰ ਸਮਾਇਆ,
ਤੇਰਾ ਦਿਲ ਵਿਖਾ ਰਿਹਾ ਹਾਂ, ਤੱਕਣਾ ਸਿਖਾ ਰਿਹਾ ਹਾਂ
ਗਗਨਾਂ ਦੇ ਥਾਲ ਜਗਦੇ, ਸੂਰਜ ਤੇ ਚੰਨ ਦੇ ਦੀਵੇ,
ਪਾਣੀ 'ਚ ਸੇਵਾ ਵਾਲੇ, ਦੀਵੇ ਤਰਾ ਰਿਹਾ ਹਾਂ।
ਮੇਰੇ ਮਨ 'ਚ ਤੇਰਾ ਮਨ ਹੈ, ਮੇਰੇ ਦਿਲ 'ਚ ਤੇਰਾ ਦਿਲ ਹੈ,
ਤੇਰਾ ਦਿਲ ਵਿਸ਼ਾਲ ਕਿੰਨਾ, ਤੇਰਾ ਦਿਲ ਵਖਾ ਰਿਹਾ ਹਾਂ।
ਜਹਾਂ ਕਹਾਂ ਇਕ ਰੂਪ ਤੁਮਾਰਾ
ਸਿੱਖ ਅਸਿੱਖ ਤੇ ਜਗਤ ਪਸਾਰਾ,
ਰੂਪ ਤੇਰਾ ਸਾਰੇ ਦਾ ਸਾਰਾ।
ਤੂੰ ਦਿਸਦਾ ਸਭ ਥਾਂ ਸਚਿਆਰਾ,
ਜਹਾਂ ਕਹਾਂ ਇਕ ਰੂਪ ਤੁਮ੍ਹਾਰਾ।
ਮੁੱਖ ਤੇਰਾ, ਤੇਰਾ ਉਜਿਆਰਾ,
ਦਰ ਜਾਂਦਾ ਜਿਸ ਤੋਂ ਅੰਧਿਆਰਾ
ਤੂੰ ਜਲ ਹੈਂ, ਤੂੰ ਹੈ ਜਲਧਾਰਾ
ਜਹਾਂ ਕਹਾਂ ਇਕ ਰੂਪ ਤੁਮ੍ਹਾਰਾ।
ਤੂੰ ਹਰ ਜਲ ਦਾ ਸਿਰਜਣਹਾਰਾ,
ਤੂੰ ਹਰ ਪਿਆਸ ਮਿਟਾਵਣਹਾਰਾ।
ਜਦ ਤੂੰ ਹੈ ਜਲ ਮੰਗਣਹਾਰਾ।
ਦੱਸ ਫਿਰ ਸਿੱਖ ਕੀ ਕਰੇ ਵਿਚਾਰਾ!
ਮੁੱਖ ਤੇਰੇ ਤੋਂ ਬਖਸ਼ਣਹਾਰਾ!
ਦੱਸ ਕੀਕਣ ਸਿੱਖ ਕਰੇ ਕਿਨਾਰਾ?
ਅਰਸ਼ ਫ਼ਰਸ਼ ਹਰ ਤਾਰਾ ਤਾਰਾ,
ਜਹਾਂ ਕਹਾਂ ਇਕ ਰੂਪ ਤੁਮਾਰਾ।

ਯੁੱਧ ਵਿਚ ਜਲ ਪਿਲਾਉਣ ਦੀ ਸਾਰਾ ਵਾਰਤਾ ਜਾਣ ਕੇ ਦਸਮੇਸ਼ ਪਿਤਾ ਜੀ ਨੇ ਫ਼ੁਰਮਾਇਆ :


ਮੇਘਾ ਮਸ਼ਕ 'ਚ ਭਰ ਕੇ-
ਸਭ ਤੇ ਵਰ੍ਹ ਦਿਆ ਕਰ,
ਆਹ ਲੈ ਮਲ੍ਹਮ ਵੀ ਸਭ ਦੇ
ਜ਼ਖ਼ਮਾਂ ਤੇ ਲਾ ਦਿਆ ਕਰ। (ਸਮਾਪਤ)

ਸਮਾਪਤ

ਮੋਬਾਈਲ : 90419-19908

# ਅਨੰਦਮਈ ਹੈ ਅਨੰਦੁ ਸਾਹਿਬ

ਇਕਵਾਕ ਸਿੰਘ ਪੱਟੀ



ਤੀਸਰੇ ਨਾਨਕ, ਗੁਰੂ ਅਮਰਦਾਸ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 19 ਰਾਗਾਂ ਅਧੀਨ ਬਾਣੀ ਸ਼ਾਮਲ ਹੈ ਅਤੇ ਸ਼ਬਦਾਂ ਦਾ ਕੁੱਲ ਜੋੜ 907 ਬਣਦਾ ਹੈ। ਆਪ ਜੀ ਦੀਆਂ ਉਚਾਰਣ ਬਾਣੀਆਂ ਵਿੱਚੋਂ ਰਾਮਕਲੀ ਰਾਗ ਵਿਚ ਆਪ ਜੀ ਦੀ ਬਾਣੀ 'ਅਨੰਦੁ' ਪੰਨਾ ਨੰਬਰ 917 ਤੋਂ 922 ਤਕ ਸੁਸ਼ੋਭਿਤ ਹੈ। ਅਨੰਦੁ ਬਾਣੀ ਨੂੰ ਸਤਿਕਾਰ ਸਹਿਤ 'ਅਨੰਦ ਸਾਹਿਬ' ਕਿਹਾ ਜਾਂਦਾ ਹੈ ਅਤੇ ਇਸ ਵਿਚ 40 ਪਉੜੀਆਂ ਹਨ। ਕੋਈ ਵਿਰਲਾ ਹੀ ਹੋਵੇਗਾ ਜੋ ਗੁਰੂ ਅਮਰਦਾਸ ਦੀ ਇਸ ਬਾਣੀ ਬਾਰੇ ਨਾ ਜਾਣਦਾ ਹੋਵੇ, ਕਿਉਂ ਜੁ ਸਿੱਖ ਵਿਚਾਰਧਾਰਾ ਅਨੁਸਾਰ ਪੂਰੀ ਦੁਨੀਆ ਵਿਚ ਜਿੱਥੇ ਕਿਤੇ ਵੀ ਨਿੱਜੀ ਜਾਂ ਪੰਥਕ ਤੌਰ 'ਤੇ ਕੋਈ ਧਾਰਮਿਕ ਸਮਾਗਮ ਹੁੰਦਾ ਹੈ ਤਾਂ ਉਸਦੀ ਸਮਾਪਤੀ ਮੌਕੇ ਅਨੰਦੁ ਸਾਹਿਬ ਦੀ ਬਾਣੀ ਵਿੱਚੋਂ ਪਹਿਲੀਆਂ ਪੰਜ ਪਉੜੀਆਂ ਅਤੇ 40ਵੀਂ ਆਖ਼ਰੀ ਪਉੜੀ ਨੂੰ ਕੀਰਤਨ ਜਾਂ ਸੰਗਤੀ ਰੂਪ ਵਿਚ ਪੜ੍ਹਨ ਤੋਂ ਬਾਅਦ ਹੀ ਸਮਾਪਤੀ ਦੀ ਅਰਦਾਸ ਕੀਤੇ ਜਾਣ ਦੀ ਮਰਯਾਦਾ ਹੈ।


ਇਸਦੇ ਨਾਲ ਹੀ ਸਿੱਖ ਤੋਂ ਸਿੰਘ ਬਣਨ ਵੇਲੇ ਖੰਡੇ ਬਾਟੇ ਦੀ ਪਾਹੁਲ ਦੇਣ ਦੌਰਾਨ ਪੰਜ ਪਿਆਰਿਆਂ ਵੱਲੋਂ ਪਾਹੁਲ (ਅੰਮ੍ਰਿਤ) ਛਕਾਉਣ ਵੇਲੇ ਵੀ ਇਸ ਬਾਣੀ ਦਾ ਪਾਠ ਕੀਤਾ ਜਾਂਦਾ ਹੈ। ਵੈਸੇ ਵੀ ਸਿੱਖ ਧਰਮ ਵਿਚ ਅਨੰਦ ਲਫਜ਼ (ਜਿਸਦਾ ਮਾਅਨਾ ਹੀ ਪ੍ਰਸੰਨਤਾ, ਖ਼ੁਸ਼ੀ ਜਾਂ ਪੂਰਨ ਖਿੜਾਉ ਹੈ) ਨਾਲ ਕਾਫੀ ਲਗਾਉ ਹੈ, ਕਿਉਂਜ ਸਿੱਖ ਧਰਮ ਦੇ ਚਾਰ ਸੰਸਕਾਰ ਜਨਮ ਸੰਸਕਾਰ, ਅੰਮ੍ਰਿਤ ਸੰਸਕਾਰ, ਅਨੰਦ ਸੰਸਕਾਰ (ਅਨੰਦ ਕਾਰਜ), ਅਤੇ ਮੌਤ ਨਾਲ ਸਬੰਧਿਤ ਸੰਸਕਾਰ ਬਿਨ੍ਹਾਂ ਕਿਸੇ ਧਾਰਮਿਕ ਅਡੰਬਰ, ਕਰਮਕਾਂਡ ਅਤੇ ਅੰਧਵਿਸ਼ਵਾਸ ਦੇ ਗੁਰਮਤਿ ਅਨੁਸਾਰ ਹੀ ਕਰਨ ਦੀ ਹਦਾਇਤ ਹੈ ਅ... ਹਰੇਕ ਸੰਸਕਾਰ ਦੀ ਸੰਪੂਰਨਤਾ ਵੇਲੇ ਅਨੰਦ ਬਾਣੀ ਦੀਆ... ਪਹਿਲੀਆਂ ਪੰਜ ਅਤੇ ਅਖ਼ਰੀਲੀ ਪਉੜੀ ਦਾ ਪਾਠ ਕਰ... ਉਪਰੰਤ ਅਰਦਾਸ, ਹੁਕਮਨਾਮਾ ਸਾਹਿਬ ਅਤੇ ਕੜਾਹ ਪ੍ਰਸਾ... ਵਰਤਾਉਣ ਦੀ ਰੀਤੀ ਨਿਭਾਈ ਜਾਂਦੀ ਹੈ।

ਅਨੰਦ ਸਾਹਿਬ ਦੀਆਂ 40 ਪਉੜੀਆਂ ਵਿੱਚੋਂ ਹਰ ਇੱ... ਪਉੜੀ ਆਪਣੇ ਆਪ ਵਿਚ ਜ਼ਿੰਦਗੀ ਦੇ ਬੜੇ ਹੀ ਅਹਿ... ਅਤੇ ਗੂਹਜ ਭੇਦਾਂ ਨੂੰ ਖੋਲ੍ਹ ਕੇ ਸਮਝਾਇਆ ਹੈ। ਜੇਕਰ ਅਨੰ... ਸਾਹਿਬ ਦੀ ਬਾਣੀ ਨੂੰ ਕੋਈ ਵੀ ਵਿਚਾਰ ਕੇ ਪੜ੍ਹੇ ਤਾਂ ਉਸਦੇ ਮ... ਅੰਦਰ ਵੀ ਅਨੰਦ ਪੈਦਾ ਹੋ ਜਾਣਾ ਸੁਭਾਵਿਕ ਹੈ।

ਮੋ. 98150 2492...

# ਬੰਦ ਬੰਦ ਕਟਵਾਉਣ ਵਾਲੇ ਭਾਈ ਮਨੀ ਸਿੰਘ ਜੀ

ਰਮੇਸ਼ ਬੱਗਾ ਚੋਹਲਾ




ਸਿੱਖ ਇਤਿਹਾਸ ਦੇ ਪੰਨਿਆਂ ਨੂੰ ਜੇ ਪੂਰੀ ਗਹੁ ਨਾਲ ਦੇਖਿਆ ਜਾਵੇ ਤਾਂ ਇਨ੍ਹਾਂ ਦੀ ਇਬਾਰਤ ਸ਼ਹੀਦਾਂ ਦੇ ਖ਼ੂਨ ਨਾਲ ਰੰਗੀ ਹੋਈ ਦਿਖਾਈ ਦਿੰਦੀ ਹੈ। ਇਸ ਇਬਾਰਤ ਦੀ ਬਣਾਵਟ ਅਤੇ ਸਜਾਵਟ ਵਿਚ ਦੁੱਧ ਪੀਂਦੇ ਬੱਚਿਆਂ ਤੋਂ ਲੈ ਕੇ ਪੰਝੱਤਰ-ਅੱਸੀ ਸਾਲ ਦੇ ਬਾਬਿਆਂ ਦੇ ਬਲੀਦਾਨ ਦੀ ਇਕ ਅਨੋਖੀ ਅਤੇ ਦਲੇਰਾਨਾ ਪਹੁੰਚ ਕੰਮ ਕਰ ਰਹੀ ਹੈ। ਇਹ ਇਬਾਰਤ ਇਸ ਗੱਲ ਨੂੰ ਤਸਦੀਕ ਕਰਦੀ ਹੈ ਕਿ ਇਸ ਦੇ ਸਿਰਜਕਾਂ ਨੇ ਆਪਣੇ ਸਰੀਰ ਦੇ ਬੰਦ-ਬੰਦ ਤਾਂ ਹੱਸ ਕੇ ਕਟਵਾ ਲਏ ਪਰ ਕਿਸੇ ਵੀ ਕੀਮਤ 'ਤੇ ਸਿੱਖੀ ਦੇ ਸਿਧਾਂਤਾਂ ਨੂੰ ਢਾਹ ਨਹੀਂ ਲੱਗਣ ਦਿੱਤੀ। ਜਦੋਂ ਵੀ ਕਦੇ ਮਨੁੱਖੀ ਕਦਰਾਂ-ਕੀਮਤਾਂ ਜਾਂ ਇਨਸਾਨੀਅਤ ਨਾਲ ਜੁੜੇ ਪੱਖਾਂ ਦੀ ਪਹਿਰੇਦਾਰੀ ਦਾ ਵਕਤ ਆਇਆ ਤਾਂ ਸਿੱਖ ਸ਼ਹੀਦਾਂ ਨੇ ਵਕਤ ਦੇ ਹਾਕਮਾਂ ਤੋਂ ਕਿਸੇ ਕਿਸਮ ਦੀ ਕੋਈ ਰਿਆਇਤ ਨਹੀਂ ਮੰਗੀ। ਸਗੋਂ ਅਣਮਨੁੱਖੀ ਤਸੀਹਿਆਂ ਨੂੰ ਵੀ 'ਉਸ ਦੀ' ਰਜ਼ਾ ਸਮਝ ਕੇ ਸਹਿਣ ਕਰ ਲਿਆ। ਇਸੇ ਤਰ੍ਹਾਂ ਦੀ ਸਹਿਣਸ਼ੀਲਤਾ ਦਾ ਪ੍ਰਗਟਾਵਾ ਕਰਨ ਵਾਲਿਆਂ ਵਿਚ ਹੀ ਸ਼ਾਮਲ ਹੈ, ਭਾਈ ਮਨੀ ਸਿੰਘ ਜੀ ਸ਼ਹੀਦ ਦਾ ਨਾਂ।

ਭਾਈ ਮਨੀ ਸਿੰਘ ਜੀ ਦੇ ਜਨਮ ਬਾਬਤ ਲੇਖਕਾਂ ਵਿਚ ਕੁਝ ਮਤਭੇਦ ਹਨ। ਪਰ ਭੱਟ ਵਹੀਆਂ ਅਤੇ ਪੰਡਾ ਵਹੀਆਂ ਦੀ ਲਿਖਤ ਅਨੁਸਾਰ ਭਾਈ ਸਾਹਿਬ ਦਾ ਜਨਮ 10 ਮਾਰਚ 1644 ਈ: ਨੂੰ ਪਿਤਾ ਭਾਈ ਮਾਈਦਾਸ ਅਤੇ ਮਾਤਾ ਮਧਰੀ ਬਾਈ ਦੇ ਘਰ ਪਿੰਡ ਅਲੀਪੁਰ ਜ਼ਿਲ੍ਹਾ ਮੁਜ਼ੱਫਰਗੜ੍ਹ (ਪਾਕਿਸਤਾਨ) ਵਿਖੇ ਹੋਇਆ। ਭਾਈ ਮਨੀ ਸਿੰਘ ਦੇ ਪਰਿਵਾਰ ਦਾ ਨਾਤਾ ਗੁਰੂ ਨਾਨਕ ਪਾਤਸ਼ਾਹ ਦੇ ਘਰ ਨਾਲ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਤੋਂ ਹੀ ਜੁੜਦਾ ਹੈ ਕਿਉਂਕਿ ਭਾਈ ਸਾਹਿਬ ਦੇ ਦਾਦਾ ਭਾਈ ਬਲੂ ਰਾਓ ਛੇਵੇਂ ਪਾਤਸ਼ਾਹ ਦੇ ਸਿਰਕੱਢਵੇਂ ਜਰਨੈਲ ਸਨ। ਭਾਈ ਮਾਈਦਾਸ ਦੇ ਇਕ ਦਰਜਨ ਸਪੁੱਤਰ ਸਨ ਜਿਨ੍ਹਾਂ ਵਿੱਚੋਂ 11 ਸਪੁੱਤਰਾਂ ਨੇ ਸਿੱਖ ਆਦਰਸ਼ਾਂ ਦੀ ਰਖਵਾਲੀ ਕਰਦਿਆਂ ਆਪਣੀਆਂ ਜਾਨਾਂ ਤਕ ਦੀ ਪਰਵਾਹ ਨਹੀਂ ਕੀਤੀ।

ਜਦੋਂ ਭਾਈ ਮਨੀ ਸਿੰਘ ਦੀ ਉਮਰ 13 ਸਾਲ ਦੀ ਹੋਈ ਤਾਂ ਭਾਈ ਮਾਈਦਾਸ ਉਸ ਨੂੰ ਨਾਲ ਲੈ ਕੇ ਸੱਤਵੇਂ ਪਾਤਸ਼ਾਹ ਗੁਰੂ ਹਰਿਰਾਇ ਜੀ ਦੇ ਦਰਬਾਰ ਸ੍ਰੀ ਕੀਰਤਪੁਰ ਸਾਹਿਬ ਵਿਖੇ ਆ ਨਤਮਸਤਕ ਹੋਇਆ। ਜਦੋਂ ਬਾਲਕ ਮਨੀਏ (ਭਾਈ ਮਨੀ ਸਿੰਘ ਜੀ) ਨੇ ਸੱਤਵੇਂ ਪਾਤਸ਼ਾਹ ਦੇ ਚਰਨਾਂ 'ਤੇ ਮੱਥਾ ਟੇਕਿਆ ਤਾਂ ਉਸ ਦੇ ਸੁੰਦਰ ਸਰੂਪ ਨੂੰ ਦੇਖ ਕੇ ਗੁਰੂ ਸਾਹਿਬ ਕਹਿਣ ਲੱਗੇ, "ਮਨੀਆ ਗੁਨੀਆ ਹੋਵੇਗਾ ਬੀਚ ਜਗ ਸਾਰੇ।" ਦੋ ਸਾਲ ਗੁਰੂ ਘਰ ਦੇ ਜੂਠੇ ਬਰਤਨਾਂ ਨੂੰ ਮਾਂਜਦਿਆਂ ਬਾਲਕ ਮਨੀਏ ਨੇ ਆਪਣੇ ਮਨ ਦੀ ਮੈਲ ਗੁਆ ਲਈ ਅਤੇ ਇਕ ਨਿਰਮਲ ਅਤੇ ਨਿਰਛੱਲ ਹਿਰਦੇ ਦਾ ਮਾਲਕ ਬਣ ਗਿਆ।

ਜਦੋਂ ਭਾਈ ਮਨੀਏ ਦੀ ਉਮਰ 16 ਕੁ ਸਾਲ ਤਕ ਪਹੁੰਚੀ ਤਾਂ ਉਸ ਦਾ ਅਨੰਦ ਕਾਰਜ ਬੀਬੀ ਸੀਤੋ ਪੁੱਤਰੀ ਭਾਈ ਲੱਖੀਸ਼ਾਹ ਵਾਸੀ ਖੈਰਪੁਰ ਨਾਲ ਹੋ ਗਿਆ। ਅਨੰਦ ਕਾਰਜ ਦੀ ਸੰਪੂਰਨਤਾ ਤੋਂ ਬਾਅਦ ਭਾਈ ਮਨੀ ਸਿੰਘ ਆਪਣੇ ਦੋ ਭਰਾਵਾਂ ਭਾਈ ਜੇਠਾ ਅਤੇ ਭਾਈ ਦਿਆਲਾ ਜੀ ਸਮੇਤ ਮੁੜ ਕੀਰਤਪੁਰ ਸਾਹਿਬ ਆ ਗਏ। ਗੁਰੂ ਹਰਿਰਾਇ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਭਾਈ ਮਨੀ ਸਿੰਘ ਅੱਠਵੇਂ ਪਾਤਸ਼ਾਹ ਗੁਰੂ ਹਰਿਕ੍ਰਿਸ਼ਨ ਜੀ ਦੀ ਸੇਵਾ ਵਿਚ ਜੁੱਟ ਗਏ। ਅੱਠਵੇਂ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਆਪ ਬਾਬੇ ਬਕਾਲੇ ਗੁਰੂ ਤੇਗ ਬਹਾਦਰ ਕੋਲ ਆ ਗਏ। ਜਦੋਂ ਗੁਰੂ ਜੀ ਪੂਰਬ ਦੀ ਬਾਹੀ ਵੱਲ ਧਰਮ ਪ੍ਰਚਾਰ ਕਰ ਕੇ ਵਾਪਸ ਸ੍ਰੀ ਅਨੰਦਪੁਰ ਸਾਹਿਬ ਵਿਖੇ ਆ ਗਏ ਤਾਂ ਭਾਈ ਮਨੀ ਸਿੰਘ ਨੇ ਆਪਣੀ ਹਾਜ਼ਰੀ ਇੱਥੇ ਲਗਵਾਉਣੀ ਸ਼ੁਰੂ ਕਰ ਦਿੱਤੀ। ਗੁਰੂ ਸਾਹਿਬ ਨੇ ਭਾਈ ਸਾਹਿਬ ਨੂੰ ਗੁਰਬਾਣੀ ਦੀਆਂ ਪੋਥੀਆਂ ਦੇ ਉਤਾਰੇ ਕਰਨ ਦੀ ਸੇਵਾ-ਸੰਭਾਲ ਦਿੱਤੀ। ਜਿਸ ਨੂੰ ਆਪ ਨੇ ਬੜੀ ਹੀ ਤਨਦੇਹੀ ਨਾਲ ਨਿਭਾਇਆ।

ਮਜ਼ਲੂਮਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਨ ਲਈ ਜਦੋਂ ਨੌਵੇਂ ਗੁਰੂ ਹਿੰਦ ਦੀ ਚਾਦਰ ਬਣ ਕੇ ਦਿੱਲੀ ਵੱਲ ਨੂੰ ਰਵਾਨਾ ਹੋਏ ਤਾਂ ਭਾਈ ਮਨੀ ਸਿੰਘ ਗੁਰੂ ਗੋਬਿੰਦ ਸਿੰਘ ਕੋਲ ਹੀ ਰਹਿ ਗਏ। ਦਸਮ ਪਿਤਾ ਦੀ ਹਜ਼ੂਰੀ ਵਿਚ ਰਹਿ ਕੇ ਭਾਈ ਸਾਹਿਬ ਦੀ ਬੌਧਿਕਤਾ ਵਿਚ ਕਾਫ਼ੀ ਨਿਖ਼ਾਰ ਆ ਗਿਆ। ਇਸ ਨਿਖ਼ਾਰ ਸਦਕਾ ਉਹ ਸਿੱਖ ਧਰਮ ਦੇ ਮਹਾਨ ਵਿਦਵਾਨ ਬਣ ਗਏ। ਜਦੋਂ ਭੰਗਾਣੀ ਦਾ ਯੁੱਧ ਹੋਇਆ ਤਾਂ ਉਸ ਵਕਤ ਭਾਈ ਮਨੀ ਸਿੰਘ ਜੀ ਨੇ ਗੁਰੂ ਸਾਹਿਬ ਦਾ ਡਟਵਾਂ ਸਾਥ ਦਿੱਤਾ। ਇਸ ਜੰਗ ਵਿਚ ਉਨ੍ਹਾਂ ਦੇ ਭਰਾ ਹਰੀ ਚੰਦ ਸ਼ਹਾਦਤ ਦਾ ਜਾਮ ਪੀ ਗਏ। ਜਦੋਂ ਇਕ ਸਾਲ ਬਾਅਦ ਨਦੌਣ ਦੀ ਲੜਾਈ ਲੜੀ ਗਈ ਤਾਂ ਭਾਈ ਸਾਹਿਬ ਦੀ ਬਹਾਦਰੀ ਅਤੇ ਵਫ਼ਾਦਾਰੀ ਨੂੰ ਮੁੱਖ ਰੱਖਦਿਆਂ ਗੁਰੂ ਸਾਹਿਬ ਵੱਲੋਂ ਇਨ੍ਹਾਂ ਨੂੰ ਦੀਵਾਨ ਦੀ ਉਪਾਧੀ ਬਖ਼ਸ਼ਿਸ਼ ਕੀਤੀ ਗਈ।

*70 ਸਾਲ ਉਮਰ ਹੋ ਜਾਣ ਕਰਕੇ ਭਾਈ ਮਨੀ ਸਿੰਘ ਦਾ ਸਰੀਰ ਬੇਸ਼ੱਕ ਕੁਝ ਕਮਜ਼ੋਰ ਪੈ ਰਿਹਾ ਸੀ ਪਰ ਉਨ੍ਹਾਂ ਵਿਚ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਦਾ ਉਤਸ਼ਾਹ ਅਜੇ ਵੀ ਜਵਾਨ ਸੀ। ਆਪ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੀ ਸੇਵਾ-ਸੰਭਾਲ, ਮੁੱਖ ਗ੍ਰੰਥੀ ਦੇ ਰੂਪ ਵਿਚ ਕਰ ਰਹੇ ਸਨ...*

1699 ਈ: ਵਿਚ ਜਦੋਂ ਪਾਤਸ਼ਾਹ ਨੇ ਵਿਸਾਖੀ ਦੇ ਦਿਹਾੜੇ 'ਤੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਤਾਂ ਭਾਈ ਮਨੀ ਸਿੰਘ ਜੀ ਨੇ ਆਪਣੇ ਭਰਾਵਾਂ ਅਤੇ ਪੁੱਤਰਾਂ ਸਮੇਤ ਖੰਡੇ-ਬਾਟੇ ਦੀ ਪਾਹੁਲ ਪ੍ਰਾਪਤ ਕੀਤੀ। ਆਪ ਦਾ ਨਾਂ ਭਾਈ ਮਨੀਏ ਤੋਂ ਭਾਈ ਮਨੀ ਸਿੰਘ ਹੋ ਗਿਆ। ਇਸ ਤਰ੍ਹਾਂ ਗੁਰੂ-ਦਰਬਾਰ ਵਿਚ ਉਨ੍ਹਾਂ ਦਾ ਮਾਣ-ਸਤਿਕਾਰ ਪਹਿਲਾਂ ਤੋਂ ਵੀ ਵਧ ਗਿਆ। ਸੂਰਬੀਰ ਹੋਣ ਦੇ ਨਾਲ-ਨਾਲ ਆਪ ਆਪਣੇ ਸਮੇਂ ਦੇ ਸਥਾਪਤ ਕਥਾ-ਵਾਚਕ ਵੀ ਸਨ। ਸ੍ਰੀ ਅਨੰਦਪੁਰ ਸਾਹਿਬ ਵਿਖੇ ਆਪ ਰੋਜ਼ਾਨਾ ਹੀ ਕਥਾ ਦੁਆਰਾ ਸੰਗਤਾਂ ਨੂੰ ਨਿਹਾਲ ਕਰਿਆ ਕਰਦੇ ਸਨ।

ਸ੍ਰੀ ਅਨੰਦਪੁਰ ਸਾਹਿਬ ਦੀ ਪਹਿਲੀ ਲੜਾਈ ਸਮੇਂ ਜਦੋਂ ਪਹਾੜੀ ਰਾਜਿਆਂ ਨੇ ਹਾਥੀ ਨੂੰ ਸ਼ਰਾਬ ਨਾਲ ਮਸਤਾਇਆ ਸੀ ਤਾਂ ਉਸ ਦਾ ਮੂੰਹ-ਤੋੜ ਜਵਾਬ ਵੀ ਭਾਈ ਮਨੀ ਸਿੰਘ ਦੇ ਫ਼ਰਜ਼ੰਦਾਂ ਭਾਈ ਬਚਿੱਤਰ ਸਿੰਘ ਅਤੇ ਭਾਈ ਉਦੈ ਸਿੰਘ ਨੇ ਹੀ ਦਿੱਤਾ ਸੀ। ਇਨ੍ਹਾਂ ਦੋਵਾਂ ਦੀ ਬਹਾਦਰੀ ਤੋਂ ਪ੍ਰਸੰਨ ਹੋ ਕੇ ਗੁਰੂ ਗੋਬਿੰਦ ਸਿੰਘ ਨੇ ਇਨ੍ਹਾਂ ਨੂੰ ਇਕ ਵਿਸ਼ੇਸ਼ ਹੁਕਮਨਾਮੇ ਦੀ ਬਖ਼ਸ਼ਿਸ਼ ਕਰ ਦਿੱਤੀ।


ਸ੍ਰੀ ਅਨੰਦਪੁਰ ਸਾਹਿਬ ਤੋਂ ਲੈ ਕੇ ਚਮਕੌਰ ਸਾਹਿਬ ਦੀ ਕੱਚੀ ਗੜ੍ਹੀ ਤਕ ਜਿੱਥੇ ਦਸਵੇਂ ਪਾਤਸ਼ਾਹ ਦਾ ਪਰਿਵਾਰ ਅਤੇ ਜਾਨ ਤੋਂ ਪਿਆਰੇ ਸਿੰਘ ਸ਼ਹੀਦ ਹੋ ਗਏ, ਉੱਥੇ ਭਾਈ ਮਨੀ ਸਿੰਘ ਦੇ ਪੰਜ ਪੁੱਤਰ ਵੀ ਸਿੱਖ ਧਰਮ ਤੋਂ ਕੁਰਬਾਨ ਹੋ ਗਏ। ਸ੍ਰੀ ਮੁਕਤਸਰ ਦੀ ਲੜਾਈ ਤੋਂ ਬਾਅਦ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਲਵੰਡੀ ਸਾਬੋ ਵਿਖੇ ਪਹੁੰਚੇ ਤਾਂ ਭਾਈ ਮਨੀ ਸਿੰਘ ਨੇ ਵੀ ਉੱਥੇ ਪਹੁੰਚ ਕੇ ਨਮਸਕਾਰ ਕੀਤੀ। ਗੁਰੂ ਸਾਹਿਬ ਨੇ ਭਾਈ ਸਾਹਿਬ ਤੋਂ ਦਮਦਮੀ ਬੀੜ ਲਿਖਵਾਈ ਜਿਸ ਵਿਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵੀ ਦਰਜ ਕੀਤੀ ਗਈ। 1721 ਤੋਂ ਭਾਈ ਮਨੀ ਸਿੰਘ ਜੀ ਸਿੱਖ ਕੌਮ ਦੀ ਰਹਿਨੁਮਾਈ ਕਰ ਰਹੇ ਸਨ। ਦੀਵਾਲੀ ਅਤੇ ਵਿਸਾਖੀ ਦੇ ਤਿਉਹਾਰਾਂ ਮੌਕੇ ਉਹ ਅਕਸਰ ਇਕ ਵੱਡਾ ਇਕੱਠ ਕਰ ਕੇ ਸਿੱਖ ਸੰਗਤਾਂ ਨੂੰ ਆਪਸ ਵਿਚ ਮਿਲਾਉਣ ਦਾ ਯਤਨ ਕਰਿਆ ਕਰਦੇ ਸਨ।

70 ਸਾਲ ਉਮਰ ਹੋ ਜਾਣ ਕਰਕੇ ਭਾਈ ਮਨੀ ਸਿੰਘ ਦਾ ਸਰੀਰ ਬੇਸ਼ੱਕ ਕੁਝ ਕਮਜ਼ੋਰ ਪੈ ਰਿਹਾ ਸੀ ਪਰ ਉਨ੍ਹਾਂ ਵਿਚ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਦਾ ਉਤਸ਼ਾਹ ਅਜੇ ਵੀ ਜਵਾਨ ਸ... ਸੰਮਤ 1790 ਬਿਕ੍ਰਮੀ ਦਾ ਦੀਵਾਲੀ ਦਾ ਪੁਰਬ ਨੇੜੇ ਆ ਰਿ... ਸੀ। ਇਸ ਸਮੇਂ ਆਪ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ... ਸੇਵਾ-ਸੰਭਾਲ, ਮੁੱਖ ਗ੍ਰੰਥੀ ਦੇ ਰੂਪ ਵਿਚ ਕਰ ਰਹੇ ਸਨ। ਇ... ਪੁਰਬ ਨੂੰ ਮਨਾਉਣ ਲਈ ਭਾਈ ਸਾਹਿਬ ਆਪਣੇ ਸਾਥੀ... ਸੁਬੇਗ ਸਿੰਘ ਅਤੇ ਸੂਰਤ ਸਿੰਘ ਨੂੰ ਨਾਲ ਲੈ ਕੇ ਲਾਹੌਰ ਸੂਬੇਦਾਰ ਜ਼ਕਰੀਆਂ ਖ਼ਾਨ ਕੋਲ ਗਏ।

ਸੂਬੇਦਾਰ ਨੇ 10,000 ਦੀ ਰਕਮ ਜਜ਼ੀਏ ਵਜੋਂ ਮੰਗ ਲ... ਜੋ ਭਾਈ ਮਨੀ ਸਿੰਘ ਨੇ ਮੇਲੇ ਉਪਰੰਤ ਦੇਣੀ ਮੰਨ ਲ... ਆਪਸੀ ਸਹਿਮਤੀ ਹੋਣ ਦੇ ਬਾਵਜੂਦ ਲਾਹੌਰ ਦੇ ਸੂਬੇਦਾਰ... ਮਨ ਬੇਈਮਾਨ ਹੋ ਗਿਆ। ਇਸ ਬੇਈਮਾਨੀ ਤਹਿਤ ਉਸ ਮੇਲੇ 'ਤੇ ਜੁੜਨ ਵਾਲੀਆਂ ਸੰਗਤਾਂ ਨੂੰ ਖ਼ਤਮ ਕਰਨ ਦੀ ਠਾ... ਲਈ। ਜਦੋਂ ਭਾਈ ਮਨੀ ਸਿੰਘ ਜੀ ਨੂੰ ਇਸ ਗੱਲ ਦੀ ਭਿਣ... ਪਈ ਤਾਂ ਉਨ੍ਹਾਂ ਨੇ ਸੰਗਤਾਂ ਨੂੰ ਉੱਥੇ ਆਉਣ ਤੋਂ ਰੋਕਣ ਲ... ਸਿੰਘਾਂ ਨੂੰ ਭੇਜਿਆ। ਜਿਸ ਕਰਕੇ ਸੰਗਤਾਂ ਦਾ ਇਕੱਠ ਨ... ਹੋਇਆ। ਜ਼ਕਰੀਆ ਖ਼ਾਨ ਨੇ ਭਾਈ ਸਾਹਿਬ ਕੋਲੋਂ ਜਜ਼ੀਏ... ਰਕਮ ਵਸੂਲ ਕਰਨੀ ਚਾਹੀ, ਪਰ ਜਵਾਬ ਵਿਚ ਭਾਈ ਮ... ਸਿੰਘ ਨੇ ਕਿਹਾ ਕਿ, "ਇਕੱਠ ਤਾਂ ਤੁਸੀਂ ਹੋਣ ਨਹੀਂ ਦਿੱਤਾ ਫਿ... ਕਿਹੜੀ ਰਕਮ ਦੀ ਗੱਲ ਕਰਦੇ ਹੋ?" ਭਾਈ ਮਨੀ ਸਿੰਘ... ਗ੍ਰਿਫ਼ਤਾਰ ਕਰ ਕੇ ਲਾਹੌਰ ਦਰਬਾਰ ਵਿਚ ਪੇਸ਼ ਕੀਤਾ ਗਿਆ... ਜ਼ਕਰੀਆ ਖ਼ਾਨ ਨੇ ਜੁਰਮਾਨਾ ਨਾ ਭਰਨ ਦੀ ਸੂਰਤ ਵਿ... ਇਸਲਾਮ ਕਬੂਲ ਕਰਨ ਦੀ ਸ਼ਰਤ ਰੱਖ ਦਿੱਤੀ ਜੋ ਭਾ... ਸਾਹਿਬ ਨੇ ਅਪ੍ਰਵਾਨ ਕਰ ਦਿੱਤੀ। ਅੰਤ ਲਾਹੌਰ ਦੇ ਸੂਬੇਦ... ਨੇ ਭਾਈ ਸਾਹਿਬ ਦੇ ਸਰੀਰ ਦਾ ਬੰਦ-ਬੰਦ ਕੱਟਣ ਦਾ ਹੁਕ... ਦੇ ਦਿੱਤਾ। ਹੁਕਮ ਦੀ ਤਮੀਲ ਕਰਨ ਹਿਤ ਸਿਪਾਹੀ ਉਨ੍ਹਾਂ... ਸ਼ਾਹੀ ਕਿਲ੍ਹੇ ਦੇ ਮੈਦਾਨ ਵਿਚ ਲੈ ਗਏ। ਭਾਈ ਮਨੀ ਸਿੰਘ... ਇਸ ਸਜ਼ਾ ਨੂੰ ਵਾਹਿਗੁਰੂ ਦਾ ਭਾਣਾ ਸਮਝ ਕੇ ਸਵੀਕਾਰ ਕ... ਲਿਆ ਅਤੇ ਸ਼ਹਾਦਤ ਦਾ ਜਾਮ ਪੀ ਗਏ।

ਮੋਬ : 94631 327...

# ਸਿੱਖੀ ਦੀ ਨੀਂਹ ਹੈ ਗੁਰੂ ਘਰ ਦਾ ਅਦਬ



ਡਾ . ਸਤਿੰਦਰ ਪਾਲ ਸਿੰਘ
ਮੋਬਾਈਲ : 9415960533

ਚੱਲਣ ਦੀ ਜਾਚ ਹੋਵੇ ਤਾਂ ਹੀ ਪੈਂਡਾ ਤੈਅ ਕੀਤਾ ਜਾ ਸਕਦਾ ਹੈ। ਸੂਝਵਾਨ ਮੁਸਾਫ਼ਰ ਮਾਰਗ ਦੀ ਪੂਰੀ ਜਾਣਕਾਰੀ ਹਾਸਲ ਕਰਨ ਤੋਂ ਬਾਅਦ ਹੀ ਸਫ਼ਰ ਆਰੰਭ ਕਰਦਾ ਹੈ। ਯਾਤਰਾ ਲਈ ਕੋਈ ਨਾ ਕੋਈ ਢੰਗ ਜਾਣਨਾ ਪੈਂਦਾ ਹੈ। ਯਾਤਰਾ ਲਈ ਤਿਆਰੀ ਆਪਣੇ ਆਪ 'ਚ ਅਹਿਮ ਹੈ। ਬਿਨਾਂ ਤਿਆਰੀ ਕੀਤਾ ਗਿਆ ਸਫ਼ਰ ਮੁਸ਼ਕਲ ਹੋ ਜਾਂਦਾ ਹੈ। ਜੀਵਨ ਦਾ ਸਫ਼ਰ ਸਭ ਤੋਂ ਕਠਿਨ ਹੈ। ਇਸ 'ਚ ਗੂਗਲ ਮੈਪ ਦਾ ਕੋਈ ਯੋਗਦਾਨ ਨਹੀਂ ਪਰ ਇਕ ਢੰਗ ਹੈ। ਇਹ ਢੰਗ ਧਰਮ ਤੇ ਧਰਮ ਪੁਰਸ਼ਾਂ ਨੇ ਦੱਸਿਆ। ਜ਼ਿੰਦਗੀ ਜੀਉਣ ਦੀ ਵਿਧੀ ਨਾ ਹੋਵੇ ਤਾਂ ਪੂਰਾ ਜੀਵਨ ਵਿਅਰਥ ਚਲਾ ਜਾਂਦਾ ਹੈ। ਧਰਮ ਅਨੁਸਾਰ ਜੀਵਨ ਜਿਉਣ ਦੀ ਤਿਆਰੀ ਤੇ ਸਮਰਥਾ ਹਾਸਲ ਕਰਨਾ ਤੇ ਉਸ ਮਾਰਗ 'ਤੇ ਚੱਲਣਾ ਔਖਾ ਹੈ।

ਸੰਸਾਰ ਅੰਦਰ ਭਿੰਨ ਭਿੰਨ ਧਰਮ ਹਨ ਜਿਨ੍ਹਾਂ ਦੇ ਮਹਾਂਪੁਰਖਾਂ ਨੇ ਆਪਣੇ ਅਨੁਆਈਆਂ ਨੂੰ ਵੱਖ ਵੱਖ ਰਾਹ ਦੱਸੇ। ਸੰਸਾਰ ਦਾ ਸਭ ਤੋਂ ਆਧੁਨਿਕ ਧਰਮ ਸਿੱਖ ਪੰਥ ਪੂਰਨ ਸੁਚੇਤ ਹੈ ਕਿ ਜੀਵਨ ਦੀ ਸੰਪੂਰਨ ਦ੍ਰਿਸ਼ਟੀ ਪ੍ਰਾਪਤ ਕਰ ਸਿੱਖ ਦਾ ਪਰਮਾਤਮਾ ਨਾਲ ਮੇਲ ਹੋ ਸਕੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਗੁਰੂ ਦੇ ਦਰ ਤਕ ਲਿਜਾਣ ਤੋਂ ਗੁਰੂ ਘਰ ਦਾ ਬਣਾਉਣ ਤਕ ਇਕ ਨਿੱਕੇ ਬਾਲਕ ਦੇ ਪਿਤਾ ਵਾਂਗ੍ਹ ਹੈ ਜੋ ਉਸ ਨੂੰ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਤੇ ਕਦਮ ਪੁੱਟਣ ਦੀ ਜਾਚ ਸਿਖਾ ਰਿਹਾ ਹੈ। ਅੰਚਲ ਗਹਿ ਕੈ ਸਾਧ ਕਾ ਤਰਣਾ ਇਹੁ ਸੰਸਾਰੁ। ਗੁਰਬਾਣੀ ਪ੍ਰੇਰਦੀ ਹੈ 'ਤਿਤੁ ਜਾਇ ਬਹਹੁ ਸਤਸੰਗਤੀ ਜਿਥੈ ਹਰਿ ਕਾ ਹਰਿ ਨਾਮੁ ਬਿਲੋਈਐ। ਸਾਧ ਸੰਗਤ 'ਚ ਹਰਿ ਜਸ ਗਾਉਣਾ ਤੇ ਸੁਣਨਾ, ਪਰਮਾਤਮਾ ਦੀ ਨਦਰਿ ਪ੍ਰਾਪਤ ਕਰਨ ਦਾ ਸਰਵ ਸ੍ਰੇਸ਼ਠ ਮਾਰਗ ਹੈ 'ਹਰਿ ਕੀਰਤਨੁ ਕਰਹ ਹਰਿ ਜਸੁ ਸੁਣਹ ਤਿਸੁ ਕਵਲਾ ਕੰਤਾ'। ਗੁਰਸਿੱਖ ਸਾਧ ਸੰਗਤ ਲਈ ਗੁਰਦੁਆਰੇ ਆਉਂਦਾ ਹੈ। ਪਰ ਸਿੱਖ ਦੇ ਆਤਮਿਕ ਵਿਕਾਸ ਤੇ ਸਿੱਖੀ ਦੀ ਚੜ੍ਹਦੀਕਲਾ ਲਈ ਇੰਨਾ ਹੀ ਕਾਫੀ ਨਹੀਂ। ਗੁਰਦੁਆਰੇ ਆਉਣ ਤੇ ਗੁਰਬਾਣੀ ਸੁਣਨ ਮਾਤਰ ਨਾਲ 'ਕਵਲਾ ਕੰਤ' ਨਹੀਂ ਬਣਿਆ ਜਾ ਸਕਦਾ। ਗੁਰਦੁਆਰੇ ਆਉਣ ਦਾ ਮਨੋਰਥ 'ਗੁਰਸਿਖੀ ਬਾਰੀਕ' ਨੂੰ ਸਮਝਣ, 'ਖੰਡੇ ਧਾਰ' 'ਤੇ ਚੱਲਣ ਅਤੇ 'ਗਲੀ ਅਤਿ ਭੀੜੀ' ਤੋਂ ਗੁਜ਼ਰਨ ਲਈ ਤਿਆਰ ਹੋ ਕੇ ਆਉਣਾ ਹੈ। ਗੁਰਦੁਆਰੇ ਆਉਣਾ ਤਾਂ ਹੀ ਸਫਲ ਹੈ ਜੇ ਗੁਰਸਿੱਖੀ ਦੇ ਕੰਡਿਆਂ ਭਰੇ ਮਾਰਗ 'ਤੇ ਚੱਲਣਾ ਆ ਜਾਏ। ਜੀਵਨ ਦੇ ਸਵਾਲ ਹੱਲ ਕਰਨ ਲਈ ਬਿਨਾਂ ਤਿਆਰੀ ਗੁਰਦੁਆਰੇ ਜਾਣਾ ਸਰੀਰਕ ਹਾਜ਼ਰੀ ਤਾਂ ਹੋ ਸਕਦੀ ਹੈ ਪਰ ਆਤਮਿਕ ਨਹੀਂ।

ਗੁਰਦੁਆਰੇ ਸਾਧ ਸੰਗਤ ਕਰਨ ਤੇ ਗੁਰਬਾਣੀ ਧਾਰਨ ਕਰਨ ਦੇ ਮੌਕੇ ਦੇਣ ਵਾਲੇ ਉਹ ਪਾਵਨ ਅਸਥਾਨ ਹਨ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ 'ਚ ਪਰਮਾਤਮਾ ਆਪ ਵਰਤ ਰਿਹਾ ਹੈ ਤੇ ਸ਼ਰਣ ਆਈਆਂ ਦੇ ਜਨਮਾਂ ਜਨਮਾਂ ਦੇ ਪਾਪ, ਦੋਖ ਹਰ ਰਿਹਾ ਹੈ। ਕੁਲ ਸਮੂਹ ਕਰਤ ਉਧਾਰੁ, ਸੰਸਾਰੁ ਉਤਰਸਿ ਪਾਰਿ। ਗੁਰਸਿੱਖ ਲਈ ਗੁਰਦੁਆਰੇ ਜਾਣਾ ਕੋਈ ਧਾਰਮਿਕ ਰਸਮ, ਨਿਯਮ ਜਾਂ ਕਿਰਿਆ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਆਰੰਭਕ ਰਾਗੁ ਸਿਰੀਰਾਗੁ ਅੰਦਰ ਸੁਸ਼ੋਭਿਤ ਬਾਣੀ ਗੁਰਦੁਆਰੇ ਜਾਣ ਵਾਲੇ ਸਿੱਖ ਦੇ ਚਿੱਤ, ਗੁਰਬਾਣੀ ਦੇ ਸਤਿਕਾਰ ਤੇ ਗੁਰੂ ਘਰ ਤੋਂ ਆਸ ਨੂੰ ਰੌਸ਼ਨ ਕਰਨ ਵਾਲੀ ਹੈ। ਸਿਰੀ ਰਾਗ ਸੰਧਿਆ ਵੇਲੇ ਦਾ ਰਾਗ ਜੋ ਹਨੇਰਾ ਹੋਣ ਤੋਂ ਪਹਿਲਾਂ ਮਨੁੱਖੀ ਵਿਰਤੀ ਨੂੰ ਪ੍ਰੇਰਤ ਕਰਨ ਵਾਲਾ ਹੈ।

ਧਾਰਮਿਕ ਅਰਥਾਂ 'ਚ ਇਸ ਰਾਗ ਦੀ ਮਹੱਤਤਾ ਹੈ ਕਿ ਅਜੇ ਵੀ ਵੇਲਾ ਹੈ ਸੰਭਲਣ ਦਾ। ਅਜੇ ਵੀ ਗੱਲ ਬਣ ਸਕ ਇਹ ਮਿਟਦੀ ਹੋਈ ਆਸ ਜਗਾਉਣ ਦਾ ਰਾਗ ਹੈ। ਮੋਹ ਮਾਇਆ, ਵਿਕਾਰਾਂ ਪਾਖੰਡ, ਅਡੰਬਰਾਂ ਦੇ ਕੂੜ ਤੇ ਜਬਰ, ਅਨਿਆਂ 'ਚ ਡੁੱਬ ਰਹੇ ਸੰਸਾਰ ਨੂੰ ਬਚਾਉਣ ਲਈ ਗੁਰੂ ਨਾਨਕ ਸਾਹਿਬ ਦਾ ਅਵਤਾਰ ਧਰਮ ਜਗਤ ਅੰਦਰ ਸਿਰਿ ਰਾਗ ਦੀ ਗੂੰਜ ਜਿਹਾ ਹੀ ਸੀ। ਗੁਰੂ ਸਾਹਿਬ ਨੇ ਕਲਿਜੁਗ ਦੇ ਘੁੱਪ ਹਨੇਰੇ ਅੰਦਰ ਗਿਆਨ ਦਾ ਦੀਵਾ ਬਾਲਿਆ ਤੇ ਪੰਥ ਚਾਨਣ ਕਰ ਪੂਰੀ ਮਨੁੱਖਤਾ ਨੂੰ ਉਬਾਰ ਲਿਆ ਸੀ। ਰਾਗ ਸਿਰੀਰਾਗ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਵਰਤਿਆ ਗਿਆ ਪਹਿਲਾ ਰਾਗ ਹੈ। ਗੁਰਮਤਿ ਦੀ ਵਿਚਾਰ ਹੀ ਇੱਥੋਂ ਆਰੰਭ ਹੁੰਦੀ ਹੈ ਕਿ ਅਜੇ ਵੇਲਾ ਹੈ, ਸੰਭਲ ਜਾਣ 'ਚ ਭਲਾਈ ਹੈ। ਗੁਰਸਿੱਖ ਨੂੰ ਗੁਰੂ ਘਰ ਜੋਗ ਬਣਾਉਣ ਲਈ ਗੁਰਬਾਣੀ ਦੀ ਪਹਿਲੀ ਤਿਆਰੀ ਸੰਸਾਰ ਦੇ ਰੰਗ ਤਮਾਸ਼ਿਆਂ ਤੋਂ ਉਸ ਦਾ ਮੋਹ ਤੋੜਨਾ ਹੈ 'ਮਤੁ ਦੇਖਿ ਭੂਲਾ ਵੀਸਰੈ ਤੇਰਾ ਚੀਤਿ ਨ ਆਵੈ ਨਾਉ'। ਗੁਰੂ ਘਰ ਜਾਣ ਲਈ ਆਪਣੀ ਸੰਪਦਾ, ਉੱਚੇ ਆਵਾਸ, ਧਨ ਦੌਲਤ, ਰਸੂਖ, ਰੁਤਬਾ ਆਦਿ ਜਿਨ੍ਹਾਂ 'ਤੇ ਆਮ ਤੌਰ 'ਤੇ ਮਾਣ ਕੀਤਾ ਜਾਂਦਾ ਹੈ, ਵਿਸਰ ਜਾਣਾ ਜ਼ਰੂਰੀ ਹੈ। ਇਨਸਾਨ ਨੂੰ ਆਪਣੇ ਧਰਮ ਕਰਮ, ਜੋਗ ਅਭਿਆਸ, ਹਠ, ਤਿਆਗ ਆਦਿ



'ਤੇ ਵੀ ਛੇਤੀ ਮਾਣ ਹੋ ਜਾਂਦਾ ਹੈ। ਗੁਰੂ ਨਾਨਕ ਸਾਹਿਬ ਨੇ ਕਿਹਾ ਕਿ ਗੁਰੂ ਘਰ 'ਚ ਇਨ੍ਹਾਂ ਦੀ ਕੋਈ ਕੀਮਤ ਨਹੀਂ ਪੈਂਦੀ 'ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ'। ਸੰਸਾਰ ਅੰਦਰ ਕਿੰਨੀ ਹੀ ਵਡਿਆਈ ਕਿਉਂ ਨਾ ਖੱਟ ਲਈ ਜਾਵੇ ਪਰਮਾਤਮਾ ਦੇ ਦਰ 'ਤੇ ਇਹ ਪ੍ਰਵਾਨ ਨਹੀਂ ਹੁੰਦੀ ਕਿਉਂਕਿ ਉੱਥੇ ਦੇ ਆਪਣੇ ਹੀ ਨਿਯਮ ਹਨ 'ਲੇਖੈ ਵਾਟ ਚਲਾਈਆ ਲੇਖੈ ਸੁਣਿ ਵੇਖਾਉ'। ਉਸ ਘਰ ਦਾ ਤਰੀਕਾ ਸੰਸਾਰ ਤੋਂ ਵੱਖਰਾ ਹੈ। ਗੁਰਦੁਆਰੇ ਜਾਣ ਦਾ ਪਹਿਲਾ ਅਦਬ ਹੈ ਵਿਸਰ ਜਾਣਾ। ਆਪਣੀ ਸੰਸਾਰਕ ਹੋਂਦ ਭਾਵ ਦੁਨਿਆਵੀ ਪ੍ਰਾਪਤੀਆਂ, ਸਬੰਧਾਂ ਨੂੰ ਵਿਸਾਰ ਕੇ ਜਾਣਾ ਹੀ ਗੁਰੂ ਘਰ 'ਚ ਸਵੀਕਾਰ ਹੁੰਦਾ ਹੈ। ਬੋਲੀ 'ਚ ਮਿਠਾਸ ਹੋਵੇ ਸਚਿਆਈ ਤੇ ਸੰਜਮ ਹੋਵੇ, ਭਾਵੇਂ ਸੰਸਾਰ ਅੰਦਰ ਕੂੜ ਵਰਤ ਰਿਹਾ ਹੈ। 'ਅਮਲ ਗਲੋਲਾ ਕੂੜ ਕਾ ਦਿਤਾ ਦੇਵਣਹਾਰਿ' ਪਰਮਾਤਮਾ ਨੇ ਗਿਆਨੀਆਂ, ਧਰਮੀਆਂ ਨੂੰ ਸੱਚ ਦੇ ਦਰਸ਼ਨ ਵੀ ਕਰਾਏ ਹਨ ਜਿਸ ਨਾਲ ਜੀਵਨ ਸਫਲ ਹੁੰਦਾ ਹੈ 'ਸਚੁ ਮਿਲਿਆ ਤਿਨ ਸੋਫੀਆ ਰਾਖਣ ਕਉ ਦਰਵਾਰੁ'।

ਸੰਸਾਰਕ ਰਸਾਂ ਤੋਂ ਨਿਕਲ ਕੇ ਸਚ ਨੂੰ ਧਾਰਣ ਕਰਨ ਦੀ ਭਾਵਨਾ ਪ੍ਰਗਟ ਹੋਣੀ ਚਾਹੀਦੀ ਹੈ 'ਬਾਬਾ ਬੋਲੀਐ ਪਤਿ ਹੋਇ'। ਧਰਮ ਦੇ ਮਾਰਗ 'ਤੇ ਚੱਲਣ ਦਾ ਸੰਕਲਪ ਦ੍ਰਿੜ੍ਹ ਹੋਣਾ ਚਾਹੀਦੇ। ਸੱਚ ਜੇ ਮਨੁੱਖ ਦੇ ਜੀਵਨ 'ਚ ਨਿਰੰਤਰ ਪ੍ਰਗਟ ਨਹੀਂ ਹੋ ਰਿਹਾ ਤਾਂ ਉਹ ਪਰਮਾਤਮਾ ਦੀ ਮਿਹਰ ਤੋਂ ਦੂਰ ਹੀ ਹੈ 'ਤਿਸੁ ਵਿਣੁ ਸਭੁ ਅਪਵਿਤ੍ਰੁ ਹੈ ਜੇਤਾ ਪੈਨਣੁ ਖਾਣੁ'। ਇਹ ਨਹੀਂ ਹੋ ਸਕਦਾ ਕਿ ਗੁਰਸਿੱਖ ਦਾ ਆਚਰਣ ਗੁਰਦੁਆਰੇ ਕੁਝ ਹੋਰ ਤੇ ਬਾਹਰ ਕੁਝ ਹੋਰ ਹੋਵੇ। ਇਨਸਾਨੀ ਕਮਜ਼ੋਰੀ ਹੈ ਕਿ ਉਹ ਜ਼ਿਆਦਾ ਤੋਂ ਜ਼ਿਆਦਾ ਹਾਸਲ ਕਰਨਾ ਚਾਹੁੰਦਾ ਹੈ।

ਸੰਸਾਰ ਦੇ ਰਸ ਰੰਗ ਤੋਂ ਉਹ ਕਦੇ ਰੱਜਦਾ ਨਹੀਂ। ਇੰਦਰੀਆਂ ਦੇ ਰਸ ਉਸ ਨੂੰ ਸਦਾ ਹੀ ਬੇਚੈਨ ਰੱਖਦੇ ਹਨ। ਸੁਆਦਲੇ ਭੋਜਨ ਵਿਅੰਜਨ, ਵਸਤਰ, ਦੌਲਤ, ਸਲਤਨਤ, ਭੋਗ ਵਿਲਾਸ ਦਾ ਕੋਈ ਅੰਤ ਨਹੀਂ ਹੈ। ਸਾਰਾ ਜੀਵਨ ਇਨ੍ਹਾਂ ਨੂੰ ਹਾਸਲ ਕਰਨ ਤੇ ਸੰਭਾਲਣ 'ਚ ਲੱਗ ਜਾਂਦਾ ਹੈ। ਅਗਿਆਨੀ, ਮਾਇਆ-ਮੋਹ 'ਚ ਮੁਗਧ ਲੋਕ ਜੀਵਨ ਦਾ ਦੁਰਲਭ ਅਉਸਰ ਵਿਅਰਥ ਗੁਆ ਦਿੰਦੇ ਹਨ। ਗੁਰੂ ਨਾਨਕ ਸਾਹਿਬ ਨੇ ਗੁਰਸਿੱਖ ਤੇ ਸਾਕਤ ਦੀ ਪਛਾਣ ਸਪਸ਼ਟ ਕੀਤੀ। ਗੁਰਮੁਖਿ ਕੂੜੁ ਨ ਭਾਵਈ ਸਚਿ ਰਤੇ ਸਚ ਭਾਇ॥ ਸਾਕਤ ਸਚੁ ਨ ਭਾਵਈ ਕੂੜੈ ਕੂੜੀ ਪਾਇ। (ਪੰਨਾ 22)

ਮਨੁੱਖ ਆਪਣੀ ਸੋਚ ਤੇ ਰੁਚੀ ਅਨੁਸਾਰ ਹੀ ਕਿਧਰੇ ਜਾਂਦਾ ਹੈ ਜਾਂ ਕੋਈ ਕੰਮ ਕਰਦਾ ਹੈ। ਮਨ ਦਾ ਚਾਉ ਤੇ ਭਾਵਨਾ ਜੀਵਨ 'ਚ ਮਹੱਤਵਪੂਰ... ਹਨ। ਭਾਵਨਾ ਤੇ ਚਾਉ ਨਾ ਹੋਵੇ ਤਾਂ ਗੁਰਦੁਆ... ਜਾਣਾ ਲੇਖੇ ਨਹੀਂ ਲੱਗਦਾ। ਇਕ ਬਾਹਰ... ਕਰਮ ਬਣ ਕੇ ਰਹਿ ਜਾਂਦਾ ਹੈ। ਗੁਰਦੁਆ... ਜਾਣ ਦਾ ਚਾਉ ਹੋਵੇ, ਭਾਵਨਾ ਹੋਵੇ। ਮਨ ਸੰਸ... ਦੀਆਂ ਕੂੜ ਕਿਰਿਆਵਾਂ ਪ੍ਰਤੀ ਉਦਾਸ ਹੋ ਜਾਵ...

ਇੰਦਰੀਆਂ ਦੇ ਰਸ ਮੁੱਕ ਜਾਣ। ਮ... ਅੰਦਰ ਪਰਮਾਤਮਾ ਦਾ ਰਸ ਪੈਦਾ ਹੋ ਜਾਏ... ਗੁਰੂ ਘਰ ਦੇ ਦਰਸ਼ਨ ਬਿਨਾਂ ਮਨ ਵਿਆਕੁ... ਰਹੇ। ਗੁਰਦੁਆਰੇ ਜਾਣ ਲਈ ਸਾਕਤ ਅਵਸ... ਨੂੰ ਤਿਆਗ ਕੇ ਗੁਰਮੁਖ ਬਣਨਾ ਹੈ। ਗੁਰ... ਦਾ ਮਨ ਗੁਰੂ ਤੇ ਗੁਰੂ ਘਰ ਪ੍ਰਤੀ ਪਿਆਰ ਸਤਿਕਾਰ ਨਾਲ ਭਰਪੂਰ ਰਹਿੰਦਾ ਹੈ ਤੇ ਉ... ਤੁਲ ਪਾਵਨ ਤੇ ਸੁੰਦਰ ਅਸਥਾਨ ਕੋਈ ਨ... ਲੱਗਦਾ।

ਪ੍ਰਭੁ ਹਰਿਮੰਦਰੁ ਸੋਹਣਾ ਤਿਸੁ ਮਹਿ ਮਾਣ... ਲਾਲ॥

ਗੁਰਸਿੱਖ ਲਈ ਗੁਰਦੁਆਰਾ ਸੰਸਾਰ ਦਾ ... ਤੋਂ ਪਾਵਨ ਤੇ ਉੱਚਾ ਅਸਥਾਨ ਹੈ ਜਿੱਥੇ ਸਾਰੀ... ਰਿੱਧੀਆਂ ਸਿੱਧੀਆਂ ਨੌ ਨਿਧੀਆਂ ਵਰਤ ਰਹੀ... ਹਨ। ਜਿੱਥੇ ਅਨਮੋਲ ਦਾਤਾਂ ਦੇ ਅਤੁੱਟ ਭੰਡ... ਭਰੇ ਹੋਏ ਹਨ। ਇਹ ਆਤਮਿਕ ਵਿਕਾਸ ... ਸਭ ਤੋਂ ਸ੍ਰੇਸ਼ਠ ਕੇਂਦਰ ਹੈ ਜਿੱਥੇ ਪਰਮਾਤਮਾ ਅ... ਮਿਹਰ ਕਰ ਮੁਕਤੀ ਦੇ ਗੱਫੇ ਵੰਡ ਰਿਹਾ ਹੈ। ... ਇਸ ਅਸਥਾਨ 'ਤੇ ਹਾਜ਼ਰੀ ਪ੍ਰਵਾਨ ਕਰਾਉ... ਲਈ ਗੁਰੂ ਦੇ ਹੁਕਮ ਅਨੁਸਾਰ ਅੰਤਰ ਭਾਵ... ਤੇ ਸਮਰਥਾ ਪੈਦਾ ਕਰਨਾ ਬਣਦਾ ਹੈ। ਸਾ... ਆਸ ਗੁਰੂ ਘਰ 'ਤੇ ਟਿਕੀ ਹੋਵੇ।

ਗੁਰਦੁਆਰੇ ਬਾਰੇ ਪੰਥ ਦੁਆਰਾ ਡੂੰਘੀ ... ਵਿਚਾਰ ਤੋਂ ਬਾਅਦ ਸਵੀਕਾਰ ਕੀਤੀ ਗਈ ਸਿ... ਰਹਿਤ ਮਰਿਆਦਾ ਵਿਚ ਇਕ ਪੂਰਾ ਅਧਿਆ... ਗੁਰਦੁਆਰੇ ਸਿਰਲੇਖ ਹੇਠਾਂ ਰੱਖਿਆ ਗਿਆ ... ਇਸ ਦਾ ਪਹਿਲਾ ਨੁਕਤਾ ਹੈ ਕਿ 'ਗੁਰਬਾਣੀ ... ਅਸਰ ਸਾਧ ਸੰਗਤ 'ਚ ਬੈਠਿਆਂ ਵਧੇਰੇ ਹੁੰਦਾ ... ਇਸ ਲਈ ਸਿੱਖ ਲਈ ਉਚਿਤ ਹੈ ਕਿ ਸਿ... ਸੰਗਤਾਂ ਦੇ ਜੋੜ-ਮੇਲ ਅਸਥਾਨਾਂ-ਗੁਰਦੁਆਰਿ... ਦੇ ਦਰਸ਼ਨ ਕਰੇ ਤੇ ਸਾਧ ਸੰਗਤ ਵਿਚ ਬੈਠ ਗੁਰਬਾਣੀ ਤੋਂ ਲਾਭ ਉਠਾਵੇ।' ਸਿੱਖ ਦੇ ਗੁਰਦੁਆ... ਜਾਣ ਦਾ ਮਨੋਰਥ ਗੁਰਬਾਣੀ ਨਾਲ ਜੁੜਨਾ ਤੇ ਗੁ... ਸ਼ਬਦ ਤੋਂ ਗੁਣਾਂ ਦੀ ਪ੍ਰਾਪਤੀ ਹੈ। •

# ਕਿਲਾ ਬਚਾਇਆ, ਪੰਜਾਬ ਗੁਆਇਆ..!

**ਚੰਡੀਗੜ੍ਹ, 7 ਜੂਨ -**
**-ਕੌਮੀ ਪੱਤ੍ਰਿਕਾ ਬਿਊਰੋ-**
ਲੋਕ ਸਭਾ ਚੋਣਾਂ ਦੇ ਨਤੀਜਿਆਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਭਵਿੱਖ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ ਅਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਨੂੰ ਲੈ ਕੇ ਹੁਣ ਪਾਰਟੀ ਅੰਦਰ ਵਿਰੋਧੀ ਸੁਰਾਂ ਉੱਠਣ ਦੀ ਸੰਭਾਵਨਾ ਬਣ ਗਈ ਹੈ। ਸ਼੍ਰੋਮਣੀ ਅਕਾਲੀ ਦਲ ਦੀ ਵੋਟ ਦਰ ਵਿਚ ਅਸੈਂਬਲੀ ਚੋਣਾਂ ਤੋਂ ਮਗਰੋਂ ਹੁਣ ਹੋਰ ਗਿਰਾਵਟ ਦਰਜ ਕੀਤੀ ਗਈ ਹੈ। ਲੋਕ ਸਭਾ ਚੋਣਾਂ ਪਹਿਲੀ ਵਾਰ ਸ਼੍ਰੋਮਣੀ ਅਕਾਲੀ ਦਲ ਨੇ ਲੰਮੇ ਅਰਸੇ ਮਗਰੋਂ ਭਾਜਪਾ ਤੋਂ ਵੱਖ ਹੋ ਕੇ ਲੜੀਆਂ ਹਨ ਅਤੇ 13 ਸੀਟਾਂ 'ਤੇ ਆਪਣੇ ਉਮੀਦਵਾਰ ਖੜ੍ਹੇ ਕੀਤੇ ਸਨ।



ਇਨ੍ਹਾਂ ਲੋਕ ਸਭਾ ਚੋਣਾਂ ਵਿਚ ਬਾਦਲ ਪਰਿਵਾਰ ਤਾਂ ਬਠਿੰਡਾ ਤੋਂ ਪਾਸ ਹੋ ਗਿਆ ਹੈ ਜਦੋਂ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਵਿਚ ਹਾਰ ਗਿਆ ਹੈ। ਬਠਿੰਡਾ ਸੰਸਦੀ ਹਲਕੇ ਤੋਂ ਅਕਾਲੀ ਉਮੀਦਵਾਰ ਹਰਸਿਮਰਤ ਕੌਰ ਬਾਦਲ ਨੇ ਲਗਾਤਾਰ ਚੌਥੀ ਵਾਰ ਜਿੱਤ ਦਰਜ ਕੀਤੀ ਹੈ ਅਤੇ ਪਹਿਲੀ ਵਾਰ ਹੈ ਕਿ ਵੱਡੇ ਬਾਦਲ ਦੇ ਜਹਾਨੋਂ ਚਲੇ ਜਾਣ ਮਗਰੋਂ ਹਰਸਿਮਰਤ ਕੌਰ ਬਾਦਲ ਦੀ ਇਹ ਪਹਿਲੀ ਜਿੱਤ ਹੈ।

ਬੀਬੀ ਬਾਦਲ 2019 ਦੇ ਮੁਕਾਬਲੇ ਢਾਈ ਗੁਣਾ ਵੱਧ 49,656 ਵੋਟਾਂ ਦੇ ਫ਼ਰਕ ਨਾਲ ਜਿੱਤੇ ਹਨ। ਸਮੁੱਚੇ ਪੰਜਾਬ ਦੀ ਗੱਲ ਕਰੀਏ ਤਾਂ ਸ਼੍ਰੋਮਣੀ ਅਕਾਲੀ ਦਲ ਹੁਣ ਤਾਂ ਅੱਠ ਸੀਟਾਂ 'ਤੇ ਭਾਜਪਾ ਨਾਲੋਂ ਵੀ ਪਛੜ ਗਿਆ ਹੈ। ਬਠਿੰਡਾ ਤੋਂ ਬਿਨਾਂ ਪੰਜਾਬ ਦੇ ਕਿਸੇ ਵੀ ਹਲਕੇ ਵਿਚੋਂ ਸ਼੍ਰੋਮਣੀ ਅਕਾਲੀ ਦਲ ਨੂੰ ਦੂਜੇ ਜਾਂ ਤੀਜੇ ਨੰਬਰ 'ਤੇ ਆਉਣਾ ਵੀ ਨਸੀਬ ਨਹੀਂ ਹੋਇਆ। ਸ਼੍ਰੋਮਣੀ ਅਕਾਲੀ ਦਲ 13 ਵਿਚੋਂ 11 ਹਲਕਿਆਂ 'ਤੇ ਚੌਥੇ ਨੰਬਰ 'ਤੇ ਰਿਹਾ ਹੈ ਜਿਨ੍ਹਾਂ ਵਿਚ ਸ੍ਰੀ ਆਨੰਦਪੁਰ ਸਾਹਿਬ, ਅੰਮ੍ਰਿਤਸਰ, ਫ਼ਰੀਦਕੋਟ, ਜਲੰਧਰ, ਲੁਧਿਆਣਾ, ਫ਼ਤਿਹਗੜ੍ਹ ਸਾਹਿਬ, ਗੁਰਦਾਸਪੁਰ, ਹੁਸ਼ਿਆਰਪੁਰ, ਪਟਿਆਲਾ, ਫ਼ਿਰੋਜ਼ਪੁਰ, ਖਡੂਰ ਸਾਹਿਬ ਸ਼ਾਮਲ ਹਨ। ਸੰਗਰੂਰ ਹਲਕੇ 'ਚ ਅਕਾਲੀ ਉਮੀਦਵਾਰ ਪੰਜਵੇਂ ਸਥਾਨ 'ਤੇ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਵੋਟ ਫ਼ੀਸਦੀ ਦਾ ਇਤਿਹਾਸ ਦੇਖੀਏ ਤਾਂ ਪਹਿਲੀ ਵਾਰ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਸਭ ਤੋਂ ਘੱਟ ਵੋਟਾਂ ਮਿਲੀਆਂ ਹਨ। ਅਸੈਂਬਲੀ ਚੋਣਾਂ 2022 ਵਿਚ ਅਕਾਲੀ ਦਲ ਨੇ ਤਿੰਨ ਸੀਟਾਂ ਜਿੱਤੀਆਂ ਸਨ ਅਤੇ ਉਸ ਵਕਤ ਅਕਾਲੀ ਦਲ ਨੂੰ 18.38 ਫ਼ੀਸਦੀ ਵੋਟਾਂ ਪਈਆਂ ਸਨ ਪਰ ਅੱਜ ਜੋ ਨਤੀਜੇ ਆਏ ਹਨ, ਉਨ੍ਹਾਂ ਵਿਚ ਅਕਾਲੀ ਦਲ ਦਾ ਵੋਟ ਫੀਸਦ 13.42 ਰਹਿ ਗਿਆ ਹੈ। ਸਾਲ 2022 ਨਾਲੋਂ ਐਤਕੀਂ ਅਕਾਲੀ ਦਲ ਦਾ ਵੋਟ ਸ਼ੇਅਰ 4.96 ਫੀਸਦੀ ਘਟਿਆ ਹੈ। ਸ਼੍ਰੋਮਣੀ ਅਕਾਲੀ ਦਲ ਨੇ 2019 ਦੀਆਂ ਲੋਕ ਸਭਾ ਚੋਣਾਂ ਵਿਚ ਦੋ ਸੀਟਾਂ ਜਿੱਤੀਆਂ ਸਨ ਅਤੇ ਵੋਟ ਦਰ 27.8 ਫ਼ੀਸਦੀ ਰਹੀ ਸੀ। 2019 ਦੇ ਮੁਕਾਬਲੇ ਸ਼੍ਰੋਮਣੀ ਅਕਾਲੀ ਦਲ ਦਾ ਵੋਟ ਬੈਂਕ 14.38 ਫ਼ੀਸਦੀ ਘਟਿਆ ਹੈ। ਵਰ੍ਹਾ 2017 ਦੀਆਂ ਅਸੈਂਬਲੀ ਚੋਣਾਂ ਵਿਚ ਅਕਾਲੀ ਦਲ ਦੇ ਬੁਰੇ ਦਿਨਾਂ ਦੀ ਸ਼ੁਰੂਆਤ ਹੋਈ ਸੀ ਅਤੇ ਉਦੋਂ ਅਕਾਲੀ ਦਲ ਨੇ 14 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਸੀ ਜੋ 2022 ਦੀਆਂ ਚੋਣਾਂ ਵਿਚ ਘੱਟ ਕੇ 3 ਸੀਟਾਂ ਤੱਕ ਰਹਿ ਗਈ ਸੀ। ਸ਼੍ਰੋਮਣੀ ਅਕਾਲੀ ਦਲ ਨੇ 1977 ਦੀਆਂ ਚੋਣਾਂ ਵਿਚ 9 ਸੀਟਾਂ ਹਾਸਲ ਕਰਕੇ 42.5 ਫ਼ੀਸਦੀ ਵੋਟਾਂ ਲਈਆਂ ਸਨ ਅਤੇ 1984 ਦੀਆਂ ਚੋਣਾਂ ਵਿਚ 7 ਸੀਟਾਂ ਜਿੱਤ ਕੇ 37.2 ਫ਼ੀਸਦੀ ਵੋਟਾਂ ਪ੍ਰਾਪਤ ਕੀਤੀਆਂ ਸਨ।

ਜਦੋਂ 2022 ਦੀਆਂ ਚੋਣਾਂ ਵਿਚ ਅਕਾਲੀ ਦਲ ਨੂੰ ਬੁਰੀ ਤਰ੍ਹਾਂ ਹਾਰ ਦਾ ਸਾਹਮਣਾ ਕਰਨਾ ਪਿਆ ਸੀ ਤਾਂ ਪਾਰਟੀ ਦੀ ਕੋਰ ਕਮੇਟੀ ਨੇ ਝੂੰਦਾਂ ਕਮੇਟੀ ਦਾ ਗਠਨ ਕੀਤਾ ਸੀ ਅਤੇ ਇਸ ਕਮੇਟੀ ਨੇ ਆਪਣੀ ਰਿਪੋਰਟ ਵੀ ਦੇ ਦਿੱਤੀ ਸੀ ਜੋ ਹਾਲੇ ਤੱਕ ਜਨਤਕ ਨਹੀਂ ਕੀਤੀ ਗਈ ਹੈ

ਹੁਣ ਸ਼੍ਰੋਮਣੀ ਅਕਾਲੀ ਦਲ ਵਿਚ ਸੁਖਬੀਰ ਸਿੰਘ ਬਾਦਲ ਦੀ ਲੀਡਰਸ਼ਿਪ 'ਤੇ ਉਂਗਲਾਂ ਉੱਠਣੀਆਂ ਤੈਅ ਹਨ। ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਅੰਮ੍ਰਿਤਸਰ ਸੀਟ ਤੋਂ ਜ਼ਿੰਮੇਵਾਰੀ ਸੰਭਾਲੀ ਹੋਈ ਸੀ ਅਤੇ ਉਸ ਹਲਕੇ ਤੋਂ ਵੀ ਅਕਾਲੀ ਉਮੀਦਵਾਰ ਅਨਿਲ ਜੋਸ਼ੀ ਚੌਥੇ ਨੰਬਰ 'ਤੇ ਆਏ ਹਨ। ਢੀਂਡਸਾ ਪਰਿਵਾਰ ਨੇ ਵੀ ਇਨ੍ਹਾਂ ਚੋਣਾਂ ਵਿਚ ਚੁੱਪ ਹੀ ਵਰਤੀ ਹੈ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਸਾਬਕਾ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੂੰ ਚੋਣਾਂ ਦੌਰਾਨ ਹੀ ਆਊਟ ਕਰ ਦਿੱਤਾ ਸੀ। ਚੋਣਾਂ ਦੌਰਾਨ ਰਵੀਕਰਨ ਸਿੰਘ ਕਾਹਲੋਂ ਵੀ ਭਾਜਪਾ ਵਿੱਚ ਸ਼ਾਮਲ ਹੋ ਗਏ ਸਨ।

ਬਠਿੰਡਾ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਜੇਤੂ ਰਹੇ ਉਮੀਦਵਾਰ ਹਰਸਿਮਰਤ ਕੌਰ ਬਾਦਲ ਨੇ ਕਿਹਾ, 'ਮੈਂ ਗੁਰੂ ਮਹਾਰਾਜ ਜੀ ਦਾ ਸ਼ੁਕਰਾਨਾ ਕਰਦੀ ਹਾਂ ਅਤੇ ਅਕਾਲੀ ਦਲ ਦੇ ਸਾਰੇ ਮਿਹਨਤੀ ਵਰਕਰਾਂ ਅਤੇ ਬਠਿੰਡਾ ਹਲਕੇ ਦੇ ਸਮੂਹ ਵੋਟਰਾਂ ਦਾ ਤਹਿ ਦਿਲੋਂ ਧੰਨਵਾਦ ਕਰਦੀ ਹਾਂ, ਜਿਨ੍ਹਾਂ ਨੇ ਲਗਾਤਾਰ ਚੌਥੀ ਵਾਰੀ ਮੇਰੇ ਹੱਕ ਵਿੱਚ ਫ਼ਤਵਾ ਦੇ ਕੇ ਮੈਨੂੰ ਸੇਵਾ ਦਾ ਮੌਕਾ ਬਖ਼ਸ਼ਿਆ ਹੈ। ਮੈਂ ਸਮੂਹ ਹਲਕਾ ਨਿਵਾਸੀਆਂ ਨੂੰ ਵਿਸ਼ਵਾਸ ਦਿਵਾਉਂਦੀ ਹਾਂ ਕਿ ਉਨ੍ਹਾਂ ਦੀ ਭਲਾਈ ਅਤੇ ਹਲਕੇ ਦੀ ਤਰੱਕੀ ਲਈ ਅਣਥੱਕ ਮਿਹਨਤ ਕਰਾਂਗੀ।' ਇਸ ਦੇ ਨਾਲ ਹੀ ਉਨ੍ਹਾਂ ਸੋਸ਼ਲ ਮੀਡੀਆ 'ਤੇ ਸੰਦੇਸ਼ ਜਾਰੀ ਕਰ ਕੇ ਜਸ਼ਨ ਨਾ ਮਨਾਉਣ ਦੀ ਅਪੀਲ ਕੀਤੀ। ਉਨ੍ਹਾਂ ਆਖਿਆ ਕਿ ਜੂਨ ਮਹੀਨੇ ਵਿੱਚ ਕਾਂਗਰਸ ਹਕੂਮਤ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਕੀਤੇ ਹਮਲੇ ਕਰਕੇ ਸਮੁੱਚੀ ਸਿੱਖ ਕੌਮ ਦਾ ਹਿਰਦਾ ਵਲੂੰਧਰਿਆ ਗਿਆ ਸੀ, ਇਸ ਕਰਕੇ ਸ਼ਹੀਦੀ ਹਫ਼ਤੇ ਨੂੰ ਧਿਆਨ ਵਿੱਚ ਰੱਖਦਿਆਂ ਸਮੂਹ ਬਠਿੰਡਾ ਹਲਕਾ ਵਾਸੀਆਂ ਨੂੰ ਬੇਨਤੀ ਹੈ ਕਿ ਜਿੱਤ ਦਾ ਕਿਸੇ ਵੀ ਤਰ੍ਹਾਂ ਦਾ ਜਸ਼ਨ ਨਾ ਮਨਾਇਆ ਜਾਵੇ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਉਹ ਵੋਟਰਾਂ ਵੱਲੋਂ ਦਿੱਤੇ ਫਤਵੇ ਨੂੰ ਖਿੜੇ ਮੱਥੇ ਸਵੀਕਾਰ ਕਰਦੇ ਹਨ। ਉਨ੍ਹਾਂ ਪਿੰਡ ਬਾਦਲ ਵਿੱਚ ਮੀਡੀਆ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਸਮੂਹ ਵਰਕਰਾਂ ਦਾ ਤਹਿ ਦਿਲੋਂ ਸ਼ੁਕਰਾਨਾ ਕੀਤੀ ਜਿਨ੍ਹਾਂ ਨੇ ਅਤਿ ਦਰਜੇ ਦੀ ਗਰਮੀ ਤੇ ਔਕੜਾਂ ਦਾ ਸਾਹਮਣਾ ਕਰਦਿਆਂ ਸੂਬੇ ਭਰ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਚੋਣ ਮੁਹਿੰਮ ਲਈ ਦਿਨ-ਰਾਤ ਅਣਥੱਕ ਮਿਹਨਤ ਕੀਤੀ।

# ਭਾਜਪਾ ਸੀਟਾਂ 'ਚ ਫ਼ੇਲ੍ਹ, ਵੋਟਾਂ ਲੈਣ 'ਚ ਪਾਸ

**ਚੰਡੀਗੜ੍ਹ, 7 ਜੂਨ -**
**-ਕੌਮੀ ਪੱਤ੍ਰਿਕਾ ਬਿਊਰੋ-**
ਬੇਸ਼ੱਕ ਭਾਜਪਾ ਦਾ 'ਮਿਸ਼ਨ ਪੰਜਾਬ' ਫ਼ੇਲ੍ਹ ਰਿਹਾ ਹੈ ਪਰ ਭਾਜਪਾ ਨੇ ਸੂਬੇ ਵਿੱਚ ਵੋਟ ਫ਼ੀਸਦੀ ਵਧਾ ਲਿਆ ਹੈ। ਇੱਥੋਂ ਤੱਕ ਕਿ ਭਾਜਪਾ ਇਨ੍ਹਾਂ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਨਾਲੋਂ ਅਗਾਂਹ ਨਿਕਲ ਗਈ ਹੈ। ਭਾਜਪਾ ਅੱਗੇ ਦੋ ਪ੍ਰਮੁੱਖ ਚੁਣੌਤੀਆਂ ਸਨ। ਇੱਕ ਕਿਸਾਨ ਜਥੇਬੰਦੀਆਂ ਦਾ ਤਿੱਖਾ ਵਿਰੋਧ ਅਤੇ ਦੂਜਾ ਸ਼੍ਰੋਮਣੀ ਅਕਾਲੀ ਦਲ ਨਾਲੋਂ ਵੱਖ ਹੋ ਕੇ ਚੋਣ ਮੈਦਾਨ ਵਿਚ ਉਤਰਨਾ। ਭਾਜਪਾ ਆਪਣੇ ਮਾਝੇ ਤੇ ਦੋਆਬੇ ਵਾਲੇ ਗੜ੍ਹ ਵਿਚ ਚੋਣ ਹਾਰ ਗਈ ਹੈ।

ਭਾਜਪਾ ਦੇ ਉਮੀਦਵਾਰ ਸਾਰੀਆਂ 13 ਸੀਟਾਂ 'ਤੇ ਖੜ੍ਹੇ ਸਨ ਜਿਨ੍ਹਾਂ ਵਿੱਚੋਂ ਸਿਰਫ਼ ਲੁਧਿਆਣਾ, ਜਲੰਧਰ ਅਤੇ ਗੁਰਦਾਸਪੁਰ ਤੋਂ ਹੀ ਕਾਂਗਰਸ ਨੂੰ ਟੱਕਰ ਦੇ ਸਕੇ ਹਨ। ਫ਼ਿਰੋਜ਼ਪੁਰ ਸੀਟ ਤੋਂ ਭਾਜਪਾ ਦੇ ਰਾਣਾ ਗੁਰਮੀਤ ਸਿੰਘ ਸੋਢੀ ਤੀਜੇ ਨੰਬਰ 'ਤੇ ਰਹੇ ਹਨ। ਇਸ ਸੰਸਦੀ ਹਲਕੇ ਵਿਚ ਪੈਂਦੇ ਫ਼ਿਰੋਜ਼ਪੁਰ ਸ਼ਹਿਰੀ, ਫ਼ਾਜ਼ਿਲਕਾ ਅਤੇ ਅਬੋਹਰ ਤੋਂ ਅਸੰਬਲੀ ਚੋਣ ਭਾਜਪਾ ਜਿੱਤਦੀ ਰਹੀ ਹੈ।

ਭਾਜਪਾ ਨੇ 2019 ਅਤੇ 2014 ਵਿੱਚ ਦੋ-ਦੋ ਸੀਟਾਂ 'ਤੇ ਜਿੱਤ ਹਾਸਲ ਕੀਤੀ ਸੀ ਅਤੇ 2009 ਵਿੱਚ ਇੱਕ ਸੀਟ ਜਿੱਤੀ ਸੀ। ਉਸ ਤੋਂ ਪਹਿਲਾਂ 2004 ਵਿੱਚ ਭਾਜਪਾ ਨੇ ਤਿੰਨ, 1999 ਵਿੱਚ ਇੱਕ ਅਤੇ 1998 ਵਿੱਚ ਤਿੰਨ ਸੀਟਾਂ ਜਿੱਤੀਆਂ ਸਨ। ਭਾਜਪਾ ਦੇ ਪੰਜਾਬ ਵਿੱਚ ਵੋਟ ਫੀਸਦ 'ਤੇ ਨਜ਼ਰ ਮਾਰੀਏ ਤਾਂ 2019 ਵਿਚ 9.7 ਫ਼ੀਸਦੀ ਵੋਟ ਹਾਸਲ ਕੀਤੇ ਸਨ ਅਤੇ ਹੁਣ ਇਹ ਦਰ ਵੱਧ ਕੇ 18.56 ਫ਼ੀਸਦੀ ਹੋ ਗਈ ਹੈ। f


ਇਸ ਤੋਂ ਸਾਫ ਹੈ ਕਿ 2019 ਦੀਆਂ ਲੋਕ ਸਭਾ ਚੋਣਾਂ ਦੇ ਮੁਕਾਬਲੇ ਭਾਜਪਾ ਨੇ ਆਪਣੇ ਵੋਟ ਸ਼ੇਅਰ ਵਿਚ 8.86 ਫ਼ੀਸਦੀ ਦਾ ਵਾਧਾ ਕੀਤਾ ਹੈ। ਹਾਲਾਂਕਿ ਭਾਜਪਾ ਦੇ ਉਮੀਦਵਾਰਾਂ ਦਾ ਕਿਸਾਨ ਜਥੇਬੰਦੀਆਂ ਨੇ ਕਰੀਬ 250 ਤੋਂ ਵੱਧ ਥਾਵਾਂ 'ਤੇ ਵਿਰੋਧ ਵੀ ਕੀਤਾ ਸੀ। ਸਿਆਸੀ ਮਾਹਿਰ ਦੱਸਦੇ ਹਨ ਕਿ ਭਾਜਪਾ ਨੇ ਪੰਜਾਬ ਵਿਚ ਸ਼ਹਿਰੀ ਵੋਟ ਬੈਂਕ ਅਤੇ ਦਲਿਤ ਵੋਟ ਬੈਂਕ 'ਤੇ ਹੀ ਫੋਕਸ ਕੀਤਾ ਸੀ।

ਮਾਲਵਾ ਖ਼ਿੱਤੇ ਵਿਚ ਡੇਰਾ ਸਿਰਸਾ ਦੇ ਪੈਰੋਕਾਰਾਂ ਦੀ ਵੋਟ ਵੀ ਭਾਜਪਾ ਨੂੰ ਭੁਗਤਣ ਦੇ ਚਰਚੇ ਹਨ। ਭਾਜਪਾ ਦੀ ਕੌਮੀ ਲੀਡਰਸ਼ਿਪ ਨੇ ਐਤਕੀਂ ਚੋਣ ਪ੍ਰਚਾਰ ਦੌਰਾਨ ਪੂਰਾ ਤਾਣ ਲਾਇਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਭਾਜਪਾ ਪ੍ਰਧਾਨ ਜੇਪੀ ਨੱਢਾ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪੰਜਾਬ ਵਿਚ ਚੋਣ ਰੈਲੀਆਂ ਕੀਤੀਆਂ।

ਭਾਜਪਾ ਲੁਧਿਆਣਾ, ਗੁਰਦਾਸਪੁਰ, ਜਲੰਧਰ ਵਿਚ ਦੂਜੇ ਸਥਾਨ 'ਤੇ ਰਹੀ ਹੈ ਜਦੋਂਕਿ ਅੰਮ੍ਰਿਤਸਰ, ਫ਼ਿਰੋਜ਼ਪੁਰ, ਆਨੰਦਪੁਰ ਸਾਹਿਬ, ਹੁਸ਼ਿਆਰਪੁਰ, ਫ਼ਤਹਿਗੜ੍ਹ ਸਾਹਿਬ ਅਤੇ ਪਟਿਆਲਾ ਵਿੱਚ ਤੀਜੇ ਨੰਬਰ 'ਤੇ ਰਹੀ। ਇਸੇ ਤਰ੍ਹਾਂ ਭਾਜਪਾ ਬਠਿੰਡਾ, ਖਡੂਰ ਸਾਹਿਬ ਅਤੇ ਸੰਗਰੂਰ ਵਿੱਚ ਚੌਥੇ ਸਥਾਨ 'ਤੇ ਰਹੀ ਹੈ ਅਤੇ ਇਕੱਲਾ ਫ਼ਰੀਦਕੋਟ ਹਲਕਾ ਅਜਿਹਾ ਹੈ ਜਿੱਥੇ ਭਾਜਪਾ ਪੰਜਵੇਂ ਨੰਬਰ 'ਤੇ ਹੈ ਅਤੇ ਇਸ ਹਲਕੇ ਤੋਂ ਹੰਸ ਰਾਜ ਹੰਸ ਭਾਜਪਾ ਦੇ ਉਮੀਦਵਾਰ ਸਨ।

# ਪੰਜਾਬ ਨੂੰ 'ਆਪ' ਤੇ ਕਾਂਗਰਸ ਦੇ ਭਰੋਸੇ ਨਹੀਂ ਛੱਡੇਗੀ ਭਾਜਪਾ: ਜਾਖੜ

**ਚੰਡੀਗੜ੍ਹ, 7 ਜੂਨ -**
**-ਕੌਮੀ ਪੱਤ੍ਰਿਕਾ ਬਿਊਰੋ-**
ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਅੱਜ ਪੰਜਾਬ ਦੇ ਲੋਕਾਂ ਦਾ ਫਤਵਾ ਪ੍ਰਵਾਨ ਕਰ ਲਿਆ ਹੈ। ਉਨ੍ਹਾਂ ਕਿਹਾ ਕਿ 'ਆਪ' ਤੇ ਕਾਂਗਰਸ ਪਹਿਲੇ ਦਿਨ ਤੋਂ ਆਪਸ ਵਿੱਚ ਮਿਲੇ ਹੋਏ ਹਨ, ਜਿਨ੍ਹਾਂ ਵੱਲੋਂ ਸੋਚੀ ਸਮਝੀ ਸਾਜਿਸ਼ ਤਹਿਤ ਭਾਜਪਾ ਨੂੰ ਕਿਸਾਨ ਵਿਰੋਧੀ ਕਰਾਰ ਦਿੱਤਾ ਗਿਆ ਹੈ। ਹਾਲਾਂਕਿ ਭਾਜਪਾ ਪੰਜਾਬ ਵਿੱਚ ਕਿਸਾਨਾਂ ਨੂੰ ਵਿਸ਼ਵਾਸ ਦਿਵਾਉਣ ਵਿੱਚ ਨਾਕਾਮ ਰਹੀ ਹੈ ਕਿ ਉਹ ਕਿਸਾਨਾਂ ਦੀ ਹਮਾਇਤੀ ਹੈ, ਜਿਸ ਨੇ ਕਿਸਾਨਾਂ ਦੀ ਆਮਦਨ



ਵਧਾਉਣ ਲਈ ਤੇ 6 ਹਜ਼ਾਰ ਰੁਪਏ ਸਾਲਾਨਾ ਦੇਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਇਸ ਲਈ ਉਹ ਪੰਜਾਬ ਵਿੱਚ ਭਾਜਪਾ ਦੀ ਹਾਰ ਦੀ ਜ਼ਿੰਮੇਵਾਰੀ ਆਪਣੇ ਸਿਰ ਲੈਂਦੇ ਹਨ। ਇਹ ਗੱਲ ਸੁਨੀਲ ਜਾਖੜ ਨੇ ਚੰਡੀਗੜ੍ਹ ਸੈਕਟਰ-37 ਸਥਿਤ ਪੰਜਾਬ ਭਾਜਪਾ ਦੇ ਦਫ਼ਤਰ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖੀ। ਜਾਖੜ ਨੇ ਕਿਹਾ ਕਿ ਲੋਕ ਸਭਾ ਚੋਣਾਂ ਦੌਰਾਨ ਭਾਵੇਂ ਭਾਜਪਾ ਦਾ ਕੋਈ ਉਮੀਦਵਾਰ ਜਿੱਤ ਨਹੀਂ ਸਕਿਆ, ਪਰ ਪਾਰਟੀ ਦੀਆਂ ਵੋਟਾਂ 6 ਫ਼ੀਸਦ ਤੋਂ ਵੱਧ ਕੇ 19 ਫ਼ੀਸਦ ਹੋ ਗਈਆਂ ਹਨ।

# ਹਰਿਆਣਾ: ਭਾਜਪਾ ਤੇ ਕਾਂਗਰਸ ਨੇ 5-5 ਸੀਟਾਂ ਜਿੱਤੀਆਂ

**ਚੰਡੀਗੜ੍ਹ, 7 ਜੂਨ -**
**-ਕੌਮੀ ਪੱਤ੍ਰਿਕਾ ਬਿਊਰੋ-**
ਹਰਿਆਣਾ ਵਿੱਚ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਨੂੰ ਵੱਡਾ ਝਟਕਾ ਲੱਗਾ ਹੈ। ਪਿਛਲੀਆਂ ਲੋਕ ਸਭਾ ਚੋਣਾਂ ਦੌਰਾਨ ਹਰਿਆਣਾ ਦੀਆਂ ਸਾਰੀਆਂ 10 ਸੀਟਾਂ ਜਿੱਤਣ ਵਾਲੀ ਭਾਜਪਾ ਐਤਕੀਂ ਸਿਰਫ਼ 5 ਸੀਟਾਂ 'ਤੇ ਹੀ ਸਿਮਟ ਕੇ ਰਹਿ ਗਈ ਹੈ। ਇਸ ਦੇ ਨਾਲ ਹੀ ਭਾਜਪਾ ਦੇ ਵੋਟ ਫੀਸਦ ਵਿੱਚ ਵੀ 12 ਫ਼ੀਸਦ ਦੀ ਕਟੌਤੀ ਦਰਜ ਕੀਤੀ ਗਈ ਹੈ। ਭਾਜਪਾ ਨੂੰ ਇਸ ਵਾਰ 46 ਫ਼ੀਸਦ ਦੇ ਕਰੀਬ ਵੋਟਾਂ ਪਈਆਂ ਹਨ, ਜਦੋਂ ਕਿ ਸਾਲ 2019 ਦੀਆਂ ਲੋਕ ਸਭਾ ਚੋਣਾਂ ਵਿੱਚ 58 ਫ਼ੀਸਦ ਵੋਟ ਪਈ ਸੀ। ਇਸੇ ਤਰ੍ਹਾਂ ਕਾਂਗਰਸ ਨੂੰ 44 ਫ਼ੀਸਦ ਵੋਟਾਂ ਪਈਆਂ ਹਨ, ਜਦੋਂ ਕਿ ਪਿਛਲੀ ਚੋਣਾਂ ਵਿੱਚ 28 ਫ਼ੀਸਦ ਵੋਟਾਂ ਪਈਆਂ ਸਨ। ਭਾਜਪਾ ਹਰਿਆਣਾ 'ਚ ਕਰਨਾਲ, ਕੁਰੂਕਸ਼ੇਤਰ, ਫਰੀਦਾਬਾਦ, ਗੁਰੂਗ੍ਰਾਮ ਅਤੇ ਭਿਵਾਨੀ-ਮਹਿੰਦਰਗੜ੍ਹ ਸੀਟਾਂ 'ਤੇ ਜਿੱਤ ਹਾਸਲ ਕਰਨ ਵਿੱਚ ਕਾਮਯਾਬ ਰਹੀ ਹੈ ਜਦੋਂ ਕਿ ਕਾਂਗਰਸ ਪਾਰਟੀ ਅੰਬਾਲਾ, ਸੋਨੀਪਤ, ਹਿਸਾਰ, ਸਿਰਸਾ ਅਤੇ ਰੋਹਤਕ ਦੀ ਸੀਟ 'ਤੇ ਜਿੱਤ ਗਈ ਹੈ। ਲੋਕ ਸਭਾ ਚੋਣਾਂ ਦੌਰਾਨ ਸੂਬੇ ਵਿੱਚੋਂ ਜੇਜੇਪੀ ਤੇ ਇਨੈਲੋ ਦਾ ਵੀ ਸਫਾਇਆ ਹੋ ਗਿਆ ਹੈ।



ਰੋਹਤਕ ਤੋਂ ਕਾਂਗਰਸੀ ਉਮੀਦਵਾਰ ਦੀਪੇਂਦਰ ਹੁੱਡਾ ਨੇ ਸੂਬੇ ਵਿੱਚ ਸਭ ਤੋਂ ਵੱਧ ਵੋਟਾਂ ਦੇ ਫਰਕ ਨਾਲ ਜਿੱਤ ਹਾਸਲ ਕੀਤੀ ਹੈ। ਉਨ੍ਹਾਂ ਨੇ 3.5 ਲੱਖ ਦੇ ਕਰੀਬ ਵੋਟਾਂ ਦੇ ਫਰਕ ਨਾਲ ਆਪਣੇ ਵਿਰੋਧੀ ਤੇ ਭਾਜਪਾ ਉਮੀਦਵਾਰ ਡਾ. ਅਰਵਿੰਦ ਕੁਮਾਰ ਸ਼ਰਮਾ ਨੂੰ ਹਰਾਇਆ। ਕਰਨਾਲ ਤੋਂ ਸਾਬਕਾ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ 2.20 ਲੱਖ ਵੋਟਾਂ ਦੇ ਫਰਕ ਨਾਲ ਕਾਂਗਰਸੀ ਉਮੀਦਵਾਰ ਦਿਵਯਾਂਸ਼ੂ ਬੁੱਧੀਰਾਜਾ ਨੂੰ ਹਰਾ ਦਿੱਤਾ ਹੈ।

ਸਿਰਸਾ ਤੋਂ ਕਾਂਗਰਸੀ ਉਮੀਦਵਾਰ ਕੁਮਾਰੀ ਸ਼ੈਲਜਾ ਨੇ 7,33,823 ਵੋਟਾਂ ਹਾਸਲ ਕਰਕੇ ਆਪਣੇ ਵਿਰੋਧੀ ਤੇ ਭਾਜਪਾ ਉਮੀਦਵਾਰ ਅਸ਼ੋਕ ਤੰਵਰ ਨੂੰ 2,68,497 ਵੋਟਾਂ ਦੇ ਫਰਕ ਨਾਲ ਹਰਾਇਆ। ਤੰਵਰ ਨੂੰ 4,65,326 ਵੋਟਾਂ ਪਈਆਂ। ਗੁਰੂਗ੍ਰਾਮ ਤੋਂ ਕਾਂਗਰਸੀ ਉਮੀਦਵਾਰ ਤੇ ਫਿਲਮ ਅਦਾਕਾਰ ਰਾਜ ਬੱਬਰ ਵੀ ਭਾਜਪਾ ਉਮੀਦਵਾਰ ਰਾਓ ਇੰਦਰਜੀਤ ਸਿੰਘ ਤੋਂ 73 ਹਜ਼ਾਰ ਤੋਂ ਵੱਧ ਵੋਟਾਂ ਨਾਲ ਹਾਰ ਗਏ ਹਨ। ਭਿਵਾਨੀ ਮਹਿੰਦਰਗੜ੍ਹ ਤੋਂ ਭਾਜਪਾ ਉਮੀਦਵਾਰ ਧਰਮਬੀਰ ਸਿੰਘ 5,82,735 ਵੋਟਾਂ ਹਾਸਲ ਕਰਕੇ ਜੇਤੂ ਰਹੇ। ਕੁਰੂਕਸ਼ੇਤਰ ਤੋਂ 'ਇੰਡੀਆ' ਗਠਜੋੜ ਵੱਲੋਂ ਚੋਣ ਮੈਦਾਨ ਵਿੱਚ ਨਿਤਰੇ ਡਾ. ਸੁਸ਼ੀਲ ਗੁਪਤਾ ਵੀ ਭਾਜਪਾ ਉਮੀਦਵਾਰ ਨਵੀਨ ਜਿੰਦਲ ਤੋਂ 29 ਹਜ਼ਾਰ ਵੋਟਾਂ ਦੇ ਫਰਕ ਨਾਲ ਹਾਰ ਗਏ। ਫਰੀਦਾਬਾਦ ਤੋਂ ਭਾਜਪਾ ਉਮੀਦਵਾਰ ਕ੍ਰਿਸ਼ਨਪਾਲ ਗੁੱਜਰ 1.73 ਲੱਖ ਵੋਟਾਂ ਨਾਲ ਜੇਤੂ ਰਹੇ। ਹਿਸਾਰ ਤੋਂ ਕਾਂਗਰਸੀ ਉਮੀਦਵਾਰ ਜੈ ਪ੍ਰਕਾਸ਼ ਸਿੰਘ, ਸੋਨੀਪਤ ਤੋਂ ਕਾਂਗਰਸੀ ਉਮੀਦਵਾਰ ਸੱਤਪਾਲ ਬ੍ਰਹਮਚਾਰੀ, ਅੰਬਾਲਾ ਤੋਂ ਕਾਂਗਰਸੀ ਉਮੀਦਵਾਰ ਵਰੁਣ ਚੌਧਰੀ ਨੇ ਬੰਤੋ ਕਟਾਰੀਆ ਨੂੰ 49036 ਵੋਟਾਂ ਦੇ ਫਰਕ ਨਾਲ ਹਰਾਇਆ। ਕਰਨਾਲ ਵਿਧਾਨ ਸਭਾ ਦੀ ਜ਼ਿਮਨੀ ਚੋਣ ਨਾਇਬ ਸਿੰਘ ਸੈਣੀ ਨੇ 41540 ਵੋਟਾਂ ਦੇ ਫਰਕ ਨਾਲ ਜਿੱਤੀ।

# ਸਿਰਸਾ 'ਚ ਕਾਂਗਰਸੀ ਉਮੀਦਵਾਰ ਸ਼ੈਲਜਾ ਜਿੱਤੀ



**ਸਿਰਸਾ, 7 ਜੂਨ -**
**-ਕੌਮੀ ਪੱਤ੍ਰਿਕਾ ਬਿਊਰੋ-**
ਸਿਰਸਾ ਲੋਕ ਸਭਾ ਖੇਤਰ ਤੋਂ ਇੰਡੀਆ ਗੱਠਜੋੜ ਦੀ ਕਾਂਗਰਸੀ ਉਮੀਦਵਾਰ ਅਤੇ ਸਾਬਕਾ ਮੰਤਰੀ ਕੁਮਾਰੀ ਸ਼ੈਲਜਾ ਵੱਡੇ ਫਰਕ ਨਾਲ ਚੋਣ ਜਿੱਤ ਗਈ ਹੈ। ਕੁਮਾਰੀ ਸ਼ੈਲਜਾ ਨੇ ਆਪਣੇ ਨੇੜਲੇ ਵਿਰੋਧੀ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਡਾ. ਅਸ਼ੋਕ ਤੰਵਰ ਨੂੰ 268497 ਵੋਟਾਂ ਦੇ ਫਰਕ ਨਾਲ ਹਰਾਇਆ।

ਇਸ ਚੋਣ ਵਿੱਚ ਕੁਮਾਰੀ ਸ਼ੈਲਜਾ ਨੂੰ 733823 ਵੋਟਾਂ ਮਿਲੀਆਂ ਜਦਕਿ ਡਾ. ਅਸ਼ੋਕ ਤੰਵਰ ਨੂੰ 465326 ਵੋਟਾਂ ਮਿਲੀਆਂ। ਇਸ ਤਰ੍ਹਾਂ ਹੀ ਇੰਡੀਅਨ ਨੈਸ਼ਨਲ ਲੋਕਦਲ ਦੇ ਉਮੀਦਵਾਰ ਸੰਦੀਪ ਲੋਟ ਨੂੰ 92453 ਵੋਟਾਂ, ਜਨਨਾਇਕ ਜਨਤਾ ਪਾਰਟੀ ਦੇ ਰਮੇਸ਼ ਖਟਕ ਨੂੰ 20080 ਵੋਟਾਂ, ਬਹੁਜਨ ਸਮਾਜ ਪਾਰਟੀ ਦੇ ਲੀਲੂਰਾਮ ਆਸਾਖੇੜਾ ਨੂੰ 10151 ਵੋਟਾਂ, ਆਜ਼ਾਦ ਉਮੀਦਵਾਰ ਰਾਹੁਲ ਚੌਹਾਨ ਨੂੰ 6160, ਆਜਾਦ ਉਮੀਦਵਾਰ ਕਰਨੈਲ ਸਿੰਘ ਔਢਾਂ ਨੂੰ 4166 ਵੋਟਾਂ, ਆਜ਼ਾਦ ਉਮੀਦਵਾਰ ਸੱਤਪਾਲ ਲਾਡਵਾਲ ਨੂੰ 3413, ਪੀਪਲਜ਼ ਪਾਰਟੀ ਆਫ ਇੰਡੀਆ (ਡੈਮੋਕ੍ਰੇਟਿਕ) ਦੇ ਮਿਸਤਰੀ ਦੌਲਤ ਰਾਮ ਰੋਲਾਨ ਨੂੰ 3061, ਆਜ਼ਾਦ ਉਮੀਦਵਾਰ ਜੋਗਿੰਦਰ ਰਾਮ ਨੂੰ 2142, ਆਜ਼ਾਦ ਉਮੀਦਵਾਰ ਰਨ ਸਿੰਘ ਪੰਵਾਰ ਨੂੰ 1550 ਵੋਟਾਂ, ਭਾਰਤੀ ਆਸ਼ਾ ਪਾਰਟੀ ਦੇ ਰਜਿੰਦਰ ਕੁਮਾਰ ਨੂੰ 1242, ਆਜ਼ਾਦ ਉਮੀਦਵਾਰ ਬਗਦਾਵਤ ਰਾਮ ਨੂੰ 1224, ਆਜ਼ਾਦ ਉਮੀਦਵਾਰ ਜਸਵੀਰ ਸਿੰਘ 1136, ਆਜ਼ਾਦ ਉਮੀਦਵਾਰ ਨਵੀਨ ਕੁਮਾਰ ਕਮਾਂਡੋ ਨੂੰ 1116, ਆਜ਼ਾਦ ਉਮੀਦਵਾਰ ਸੁਖਦੇਵ ਸਿੰਘ ਸੰਧੂ ਨੂੰ 999, ਰਿਪਬਲਿਕਨ ਸੁਸਾਇਟੀ ਪਾਰਟੀ ਦੇ ਡਾ. ਰਾਜੇਸ਼ ਮਹਾਂਦੀਆ ਨੂੰ 931, ਲੋਕਤਾਂਤਰਿਕ ਲੋਕ ਰਜਯਾਮ ਪਾਰਟੀ ਦੇ ਧਰਮਪਾਲ ਵਾਰਤੀਆ ਨੂੰ 919, ਸੁਰਿੰਦਰ ਕੁਮਾਰ ਫੂਲਾਂ ਨੂੰ 617 ਅਤੇ ਨੋਟਾ ਨੂੰ 4123 ਵੋਟਾਂ ਮਿਲੀਆਂ।

# ਅੰਬਾਲਾ ਸੀਟ ਤੋਂ ਕਾਂਗਰਸ ਦੇ ਵਰੁਣ ਚੌਧਰੀ ਜੇਤੂ



**ਅੰਬਾਲਾ, 7 ਜੂਨ -**
**-ਕੌਮੀ ਪੱਤ੍ਰਿਕਾ ਬਿਊਰੋ-**
ਭਾਜਪਾ ਦਾ ਗੜ੍ਹ ਮੰਨੀ ਜਾਂਦੀ ਅੰਬਾਲਾ ਲੋਕ ਸਭਾ ਸੀਟ ਤੋਂ ਕਾਂਗਰਸ ਦੇ ਵਰੁਣ ਚੌਧਰੀ ਨੇ ਜਿੱਤ ਦਰਜ ਕੀਤੀ ਹੈ। ਉਹ ਸਾਰੇ 9 ਵਿਧਾਨ ਸਭਾ ਹਲਕਿਆਂ ਤੋਂ 6,62,592 ਵੋਟਾਂ ਲੈ ਕੇ ਆਪਣੇ ਵਿਰੋਧੀ ਭਾਜਪਾ ਦੀ ਉਮੀਦਵਾਰ ਬੰਤੋ ਕਟਾਰੀਆ ਤੋਂ 48,806 ਵੋਟਾਂ ਦੇ ਫ਼ਰਕ ਨਾਲ ਜਿੱਤ ਗਏ। ਬੰਤੋ ਕਟਾਰੀਆ ਨੂੰ 6,13,786 ਵੋਟਾਂ ਮਿਲੀਆਂ ਹਨ ਜਦੋਂਕਿ 6371 ਲੋਕਾਂ ਨੇ ਨੋਟਾ ਦਬਾਇਆ ਹੈ।ਸ੍ਰੀ ਚੌਧਰੀ ਤੇ ਭਾਜਪਾ ਦੀ ਬੰਤੋ ਕਟਾਰੀਆਂ ਤੋਂ ਬਿਨਾ ਬਾਕੀ 12 ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ ਹਨ ਜਦੋਂਕਿ 6 ਹਜ਼ਾਰ ਤੋਂ ਵੱਧ ਵੋਟਰਾਂ ਨੇ ਨੋਟਾ ਦੀ ਵਰਤੋਂ ਕੀਤੀ ਹੈ। ਵਰੁਣ ਅਕਤੂਬਰ 2019 ਤੋਂ ਅੰਬਾਲਾ ਜ਼ਿਲ੍ਹੇ ਦੇ ਵਿਧਾਨ ਸਭਾ ਹਲਕੇ ਮੁਲਾਣਾ ਤੋਂ ਵਿਧਾਇਕ ਹਨ ਤੇ ਕਾਂਗਰਸ ਦੇ ਸਾਬਕਾ ਸੂਬਾਈ ਪ੍ਰਧਾਨ ਤੇ ਸੂਬਾ ਸਰਕਾਰ ਵਿੱਚ ਮੰਤਰੀ ਰਹਿ ਚੁੱਕੇ ਚਾਰ ਵਾਰ ਵਿਧਾਇਕ ਰਹੇ ਫੂਲ ਚੰਦ ਮੁਲਾਣਾ ਦੇ ਪੁੱਤਰ ਹਨ। ਕਾਂਗਰਸ ਆਗੂ ਚਿਤਰਾ ਸਰਵਾਰਾ ਨੇ ਆਪਣੇ ਸਮਰਥਕਾਂ ਨਾਲ ਰੋਡ ਸ਼ੋਅ ਕੱਢਿਆ ਜਿਸ ਦਾ ਲੋਕਾਂ ਨੇ ਥਾਂ-ਥਾਂ ਸਵਾਗਤ ਕੀਤਾ।

ਇਸੇ ਦੌਰਾਨ ਵਰੁਣ ਨੇ ਸ਼ਾਮ ਨੂੰ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਤਾਂ ਪਹਿਲੇ ਦਿਨ ਤੋਂ ਹੀ ਕਹਿ ਰਹੇ ਹਨ ਕਿ ਇਹ ਚੋਣ ਉਹ ਨਹੀਂ ਬਲਕਿ ਅੰਬਾਲਾ ਲੋਕ ਸਭਾ ਹਲਕੇ ਦੀ ਜਨਤਾ ਲੜ ਰਹੀ ਹੈ। ਇਸ ਜਿੱਤ ਲਈ ਜਨਤਾ ਦੀ ਮਿਹਨਤ ਰੰਗ ਲਿਆਈ ਹੈ। ਉਨ੍ਹਾਂ ਲੋਕਾਂ ਦਾ ਧੰਨਵਾਦ ਕੀਤਾ।

ਸ਼ਹਿਰ ਵਾਸੀ ਹਾਈਕੋਰਟ ਦੇ ਐਡਵੋਕੇਟ ਅਤੇ ਚੋਣ ਵਿਸ਼ਲੇਸ਼ਕ ਹੇਮੰਤ ਕੁਮਾਰ ਨੇ ਦੱਸਿਆ ਕਿ 4 ਜੂਨ 2024 ਨੂੰ ਅੰਬਾਲਾ ਲੋਕ ਸਭਾ ਸੀਟ ਜਿੱਤ ਕੇ 44 ਸਾਲਾ ਵਰੁਣ ਚੌਧਰੀ ਨੇ ਕਰੀਬ 25 ਸਾਲ ਪਹਿਲਾਂ ਆਪਣੇ ਪਿਤਾ ਫੂਲ ਚੰਦ ਮੁਲਾਣਾ ਦੀ ਬੰਤੋ ਕਟਾਰੀਆ ਦੇ ਪਤੀ ਮਰਹੂਮ ਰਤਨ ਲਾਲ ਕਟਾਰੀਆ ਦੇ ਹੱਥੋਂ ਹੋਈ ਹਾਰ ਦਾ ਬਦਲਾ ਲਿਆ ਹੈ। ਉਨ੍ਹਾਂ ਦੱਸਿਆ ਕਿ ਸਤੰਬਰ-ਅਕਤੂਬਰ 1999 ਵਿੱਚ ਜਦੋਂ 13ਵੀਂ ਲੋਕ ਸਭਾ ਲਈ ਚੋਣਾਂ ਹੋਈਆਂ ਸਨ ਤਾਂ ਅੰਬਾਲਾ ਲੋਕ ਸਭਾ ਹਲਕੇ ਤੋਂ ਭਾਜਪਾ ਉਮੀਦਵਾਰ ਦੇ ਤੌਰ 'ਤੇ ਬੰਤੋ ਕਟਾਰੀਆ ਦੇ ਪਤੀ ਮਰਹੂਮ ਰਤਨ ਲਾਲ ਕਟਾਰੀਆ ਨੇ ਆਪਣੀ ਪਹਿਲੀ ਚੋਣ ਲੜੀ ਸੀ ਅਤੇ ਮੁਕਾਬਲੇ ਵਿੱਚ ਕਾਂਗਰਸ ਉਮੀਦਵਾਰ ਵਰੁਣ ਚੌਧਰੀ ਦੇ ਪਿਤਾ ਫੂਲ ਚੰਦ ਮੁਲਾਣਾ ਨੂੰ 1 ਲੱਖ 24 ਹਜ਼ਾਰ 478 ਵੋਟਾਂ ਦੇ ਫ਼ਰਕ ਨਾਲ ਹਰਾਇਆ ਸੀ। ਉਸ ਚੋਣ ਵਿਚ ਕਟਾਰੀਆ ਨੂੰ 3.57 ਲੱਖ ਤੇ ਮੁਲਾਣਾ ਨੂੰ 2.33 ਲੱਖ ਵੋਟ ਮਿਲੇ ਸਨ।

ਅੰਬਾਲਾ ਲੋਕ ਸਭਾ ਹਲਕਾ ਜਿਸ ਵਿੱਚ ਪੰਚਕੂਲਾ, ਕਾਲਕਾ ਵਿਧਾਨ ਸਭਾ ਹਲਕੇ ਆਉਂਦੇ ਹਨ ਤੋਂ ਕਾਂਗਰਸੀ ਉਮੀਦਵਾਰ ਵਰੁਣ ਚੌਧਰੀ ਮੌਲਾਣਾ ਦੇ ਜੇਤੂ ਰਹਿਣ 'ਤੇ ਕਾਲਕਾ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਪ੍ਰਦੀਪ ਚੌਧਰੀ ਨੇ ਖ਼ੁਸ਼ੀ ਵਿੱਚ ਲੱਡੂ ਵੰਡੇ।

# ਬਿਨਾਂ ਮਨਜ਼ੂਰੀ ਰੁੱਖ ਵੱਢਣ 'ਤੇ ਐੱਸਸੀਓ ਮਾਲਕ ਖ਼ਿਲਾਫ਼ ਕੇਸ

**ਸ਼ਾਹਬਾਦ ਮਾਰਕੰਡਾ, 7 ਜੂਨ -**
**-ਕੌਮੀ ਪੱਤ੍ਰਿਕਾ ਬਿਊਰੋ-**
ਇੱਥੇ ਸੈਕਟਰ 10 ਦੇ ਐੱਸਸੀਓ ਨੰਬਰ 233 ਦੇ ਸਾਹਮਣੇ ਠੇਕੇਦਾਰ ਵੱਲੋਂ ਐੱਸਸੀਓ ਮਾਲਕ ਦੇ ਕਹਿਣ 'ਤੇ ਵਿਭਾਗ ਦੀ ਇਜਾਜ਼ਤ ਤੋਂ ਬਿਨਾਂ ਦਰਖੱਤ ਵੱਢਣ ਦਾ ਮਾਮਲਾ ਹਰਿਆਣਾ ਸ਼ਹਿਰੀ ਵਿਕਾਸ ਅਥਾਰਿਟੀ ਦੇ ਧਿਆਨ ਵਿਚ ਆਇਆ ਹੈ। ਇਸ ਸਬੰਧੀ ਕਿਸੇ ਨੇ ਸਬੰਧਤ ਵਿਭਾਗ ਨੂੰ ਇਸ ਦੀ ਜਾਣਕਾਰੀ ਦਿੱਤੀ। ਇਸ ਸਬੰਧੀ ਬਾਗਬਾਨੀ ਵਿਭਾਗ ਨੇ ਇਸ ਦੀ ਸੂਚਨਾ ਮਿਲਣ 'ਤੇ ਹਰਿਆਣਾ ਸ਼ਹਿਰੀ ਵਿਕਾਸ ਅਥਾਰਿਟੀ ਤੇ ਬਾਗਬਾਨੀ ਵਿਭਾਗ ਦੇ ਮੁਲਾਜ਼ਮਾਂ ਨੇ ਮੌਕੇ 'ਤੇ ਜਾ ਕੇ ਮੁਆਇਨਾ ਕੀਤਾ। ਮੌਕੇ 'ਤੇ ਘਟਨਾ ਸਥਾਨ 'ਤੇ ਵੱਢਿਆ ਦਰੱਖਤ ਪਿਆ ਸੀ। ਬਾਗਬਾਨੀ ਵਿਭਾਗ ਦੇ ਐੱਸਡੀਓ ਪਵਨ ਕੁਮਾਰ ਨੇ ਦੱਸਿਆ ਕਿ ਇਸ ਸਬੰਧੀ ਸ਼ਿਕਾਇਤ ਕਰਨ 'ਤੇ ਕਾਰਵਾਈ ਕਰਦਿਆਂ ਸੈਕਟਰ 7 ਦੀ ਪੁਲੀਸ ਚੌਕੀ ਨੇ ਐੱਸਸੀਓ ਮਾਲਕ



ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਜੇ ਕੋਈ ਵਿਅਕਤੀ ਸਰਕਾਰੀ ਦਰੱਖਤ ਵੱਢਦਾ ਹੈ ਤਾਂ ਇਸ ਦੀ ਸੂਚਨਾ ਨਜ਼ਦੀਕੀ ਪੁਲੀਸ ਸਟੇਸ਼ਨ ਜਾਂ ਬਾਗਬਾਨੀ ਵਿਭਾਗ ਨੂੰ ਦਿੱਤੀ ਜਾਵੇ ਤਾਂ ਜੋ ਵਾਤਾਵਰਣ ਨੂੰ ਬਚਾਇਆ ਜਾ ਸਕੇ।

# ਐਨਸੀਆਰ: ਭਾਜਪਾ ਦੀ ਵਧੀਆ ਕਾਰਗੁਜ਼ਾਰੀ, ਕਾਂਗਰਸ ਨੇ ਵੀ ਖਾਤਾ ਖੋਲ੍ਹਿਆ

**ਫਰੀਦਾਬਾਦ, 7 ਜੂਨ -**
**-ਕੌਮੀ ਪੱਤ੍ਰਿਕਾ ਬਿਊਰੋ-**
ਭਾਜਪਾ ਦਿੱਲੀ ਵਿੱਚ ਸਾਰੇ ਸੱਤ ਲੋਕ ਸਭਾ ਹਲਕਿਆਂ ਵਿੱਚ ਜਿੱਤ ਪ੍ਰਾਪਤ ਕਰਨ ਮਗਰੋਂ ਕੌਮੀ ਰਾਜਧਾਨੀ ਦਿੱਲੀ ਖੇਤਰ (ਐੱਨਸੀਆਰ) ਦੇ ਲੋਕ ਸਭਾ ਹਲਕਿਆਂ ਵਿੱਚ ਵੀ ਜੇਤੂ ਰਹੀ। ਇਸ ਵਾਰ ਇੱਥੇ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ 2019 ਦੇ ਮੁਕਾਬਲੇ ਵੋਟਾਂ ਘੱਟ ਲੈ ਸਕੇ। ਹਰਿਆਣਾ ਦੇ ਵੱਡੇ ਜ਼ਿਲ੍ਹੇ ਫਰੀਦਾਬਾਦ ਵਿੱਚ ਕੇਂਦਰੀ ਰਾਜ ਮੰਤਰੀ ਕ੍ਰਿਸ਼ਨਪਾਲ ਗੁੱਜਰ ਨੇ ਲਗਾਤਾਰ ਤੀਜੀ ਵਾਰ ਕਾਂਗਰਸੀ ਉਮੀਦਵਾਰ ਨੂੰ ਹਰਾਇਆ। ਉਨ੍ਹਾਂ ਕਾਂਗਰਸ ਦੇ ਮਹਿੰਦਰ ਪ੍ਰਤਾਪ ਸਿੰਘ ਨੂੰ ਹਰਾਇਆ।

ਗੁਰੂਗ੍ਰਾਮ ਵਿੱਚ ਭਾਜਪਾ ਦੇ ਰਾਓ ਇੰਦਰਜੀਤ ਸਿੰਘ ਨੇ ਕਾਂਗਰਸ ਦੇ ਉੱਘੇ ਆਗੂ ਰਾਜ ਬੱਬਰ ਨੂੰ ਕਰੀਬ 80,000 ਵੋਟਾਂ ਨਾਲ ਹਰਾਇਆ। ਸ਼ੁਰੂ ਵਿੱਚ ਰਾਜ ਬੱਬਰ ਨੇ ਲੀਡ ਬਣਾਈ ਪਰ ਗਿਣਤੀ ਦੇ ਅੱਗੇ ਵਧਣ ਨਾਲ ਹੀ ਉਹ ਪਛੜਨ ਲੱਗ ਪਏ। ਉੱਤਰ ਪ੍ਰਦੇਸ਼ ਦੇ ਗਾਜ਼ੀਆਬਾਦ ਹਲਕੇ ਤੋਂ ਭਾਜਪਾ ਦੇ ਅਤੁੱਲ ਗਰਗ ਨੇ ਕਾਂਗਰਸ ਦੀ ਡੋਲੀ ਸ਼ਰਮਾ ਨੂੰ ਹਰਾਇਆ। ਗੌਤਮ ਬੁੱਧ ਨਗਰ ਹਲਕੇ ਤੋਂ ਭਾਜਪਾ ਦੇ ਡਾ. ਮਹੇਸ਼ ਸ਼ਰਮਾ ਨੇ ਸਮਾਜਵਾਦੀ ਪਾਰਟੀ ਦੇ ਡਾ. ਮਹਿੰਦਰ ਸਿੰਘ ਨਾਗਰ ਨੂੰ 55,000 ਤੋਂ ਵੱਧ ਵੋਟਾਂ ਨਾਲ ਹਰਾਇਆ। 2019 ਵਿੱਚ ਐੱਨਸੀਆਰ ਖੇਤਰ ਦੀਆਂ ਸਾਰੀਆਂ ਸੀਟਾਂ ਭਾਜਪਾ ਨੇ ਜਿੱਤੀਆਂ ਸਨ। ਇਸ ਵਾਰ ਹਰਿਆਣਾ ਦੇ ਸੋਨੀਪਤ ਵਿੱਚ ਕਾਂਗਰਸ ਦੇ ਸੱਤਪਾਲ ਬ੍ਰਹਮਚਾਰੀ ਨੇ ਭਾਜਪਾ ਦੇ ਮੋਹਨ ਲਾਲ ਬਡੋਲੀ ਨੂੰ 20, 000 ਤੋਂ ਵੱਧ ਵੋਟਾਂ ਨਾਲ ਹਰਾਇਆ। ਇਸ ਕਾਰਨ ਇਸ ਵਾਰ ਇੱਥੋਂ ਕਾਂਗਰਸ ਦਾ ਖਾਤਾ ਖੁੱਲ੍ਹ ਗਿਆ ਹੈ।

ਗੌਤਮ ਬੁੱਧ ਨਗਰ ਲੋਕ ਸਭਾ ਹਲਕੇ ਤੋਂ ਭਾਜਪਾ ਦੇ ਡਾਕਟਰ ਮਹੇਸ਼ ਸ਼ਰਮਾ ਨੇ ਜਿੱਤ ਦੀ ਹੈਟ੍ਰਿਕ ਬਣਾਈ। ਉਨ੍ਹਾਂ ਸਪਾ ਉਮੀਦਵਾਰ ਡਾ. ਮਹਿੰਦਰ ਨਾਗਰ ਨੂੰ ਕਰੀਬ 5,62,000 ਵੋਟਾਂ ਨਾਲ ਹਰਾਇਆ। ਇਸ ਸੀਟ ਤੋਂ 15 ਉਮੀਦਵਾਰ ਆਪਣੀ ਕਿਸਮਤ ਅਜ਼ਮਾਰਹੇ ਸਨ ਪਰ ਮੁੱਖ ਮੁਕਾਬਲਾ ਭਾਜਪਾ ਦੇ ਡਾ. ਮਹੇਸ਼ ਸ਼ਰਮਾ, ਬਸਪਾ ਦੇ ਰਾਜਿੰਦਰ ਸੋਲੰਕੀ ਅਤੇ ਸਪਾ-ਕਾਂਗਰਸ ਗੱਠਜੋੜ ਦੇ ਡਾ. ਮਹਿੰਦਰ ਨਗਰ ਵਿਚਕਾਰ ਸੀ। ਨਤੀਜਿਆਂ ਤੋਂ ਪਹਿਲਾਂ ਤਿੰਨੋਂ ਉਮੀਦਵਾਰ ਆਪਣੀ-ਆਪਣੀ ਜਿੱਤ ਦਾ ਦਾਅਵਾ ਕਰ ਰਹੇ ਸਨ। ਵੋਟਰਾਂ ਵਿੱਚ ਇਹ ਵੀ ਉਤਸੁਕਤਾ ਸੀ ਕਿ ਕੀ ਭਾਜਪਾ ਦੇ ਡਾਕਟਰ ਮਹੇਸ਼ ਸ਼ਰਮਾ ਜਿੱਤ ਦੀ ਹੈਟ੍ਰਿਕ ਲਗਾਉਣ ਵਿੱਚ ਕਾਮਯਾਬ ਹੋਣਗੇ ਜਾਂ ਬਸਪਾ 2009 ਦਾ ਇਤਿਹਾਸ ਦੁਹਰਾਏਗੀ। ਸਪਾ ਇਸ ਸੀਟ ਤੋਂ ਕਦੇ ਵੀ ਜਿੱਤ ਨਹੀਂ ਸਕੀ।

# ਵਰਕਰਾਂ ਨੇ ਸ਼ੈਲਜਾ ਦੀ ਜਿੱਤ ਦਾ ਜਸ਼ਨ ਮਨਾਇਆ



**ਕਾਲਾਂਵਾਲੀ, 7 ਜੂਨ -**
**-ਕੌਮੀ ਪੱਤ੍ਰਿਕਾ ਬਿਊਰੋ-**
ਸਿਰਸਾ ਲੋਕ ਸਭਾ ਹਲਕੇ ਤੋਂ ਕਾਂਗਰਸੀ ਉਮੀਦਵਾਰ ਕੁਮਾਰੀ ਸ਼ੈਲਜਾ ਦੀ ਕਰੀਬ 2 ਲੱਖ 67 ਹਜ਼ਾਰ 826 ਵੋਟਾਂ ਨਾਲ ਜਿੱਤਣ ਤੋਂ ਬਾਅਦ ਕਾਲਾਂਵਾਲੀ ਵਿੱਚ ਕਾਂਗਰਸੀ ਵਰਕਰਾਂ ਨੇ ਪਾਰਟੀ ਦਫ਼ਤਰ ਵਿੱਚ ਲੱਡੂ ਵੰਡ ਕੇ ਖ਼ੁਸ਼ੀ ਮਨਾਈ ਅਤੇ ਇੱਕ ਦੂਜੇ ਨੂੰ ਵਧਾਈ ਦਿੱਤੀ।


ਇਸ ਮੌਕੇ ਸੀਨੀਅਰ ਕਾਂਗਰਸੀ ਆਗੂ ਰਾਜ ਕੁਮਾਰ ਬਾਂਸਲ, ਸੁਰੇਸ਼ ਸਿੰਗਲਾ, ਮਹੇਸ਼ ਝੋਰੜ, ਰਵੀ ਦਾਨੇਵਾਲੀਆ, ਨੇਮ ਚੰਦ ਜੈਨ, ਓਮ ਪ੍ਰਕਾਸ਼ ਲੁਹਾਨੀ, ਸੰਜੇ ਸੈਨ, ਵਿਨੋਦ ਜੈਨ, ਹੁਸ਼ਿਆਰ ਸਿੰਘ, ਅਸ਼ੋਕ ਟੋਨੀ, ਜੱਗਾ ਸਿੰਘ ਗਿੱਲ, ਗੁਰਜੀਤ ਸਿੰਘ ਸ਼ਰਮਾ, ਤੁਸ਼ਾਰ ਗਰਗ, ਸਿਕੰਦਰ ਸਿੰਘ ਬਾਹੀਆ, ਖਿਲੂ ਰਾਮ ਗਰਗ, ਗੋਬਿੰਦ ਸ਼ਰਮਾ, ਕਾਲਾ ਭੱਟੀ, ਮੋਤੀ ਰਾਮ ਸਮੇਤ ਕਈ ਲੋਕ ਹਾਜ਼ਰ ਸਨ।

# ਨਕਾਬਪੋਸ਼ਾਂ ਨੇ ਨੌਜਵਾਨ ਤੋਂ ਮੋਟਰਸਾਈਕਲ ਖੋਹਿਆ

**ਰਤੀਆ, 7 ਜੂਨ -**
**-ਕੌਮੀ ਪੱਤ੍ਰਿਕਾ ਬਿਊਰੋ-**
ਪਿੰਡ ਰੱਤਾਖੇੜਾ ਦੇ ਬੱਸ ਅੱਡੇ 'ਤੇ ਨਕਾਬਪੋਸ਼ ਨੌਜਵਾਨ ਖੇਤ ਵਿੱਚ ਟਿਊਬਵੈੱਲ ਦੀ ਮੋਟਰ ਚਲਾ ਕੇ ਆ ਰਹੇ ਨੌਜਵਾਨ ਤੋਂ ਜ਼ਬਰਦਸਤੀ ਮੋਟਰਸਾਈਕਲ ਖੋਹ ਕੇ ਫ਼ਰਾਰ ਹੋ ਗਏ। ਮੋਟਰਸਾਈਕਲ ਖੋਹਣ ਵਾਲੇ ਇਕ ਨੌਜਵਾਨ ਦੀ ਪਛਾਣ ਹੋਣ 'ਤੇ ਲੋਕਾਂ ਨੇ ਪੁਲੀਸ ਦੇ ਸਹਿਯੋਗ ਨਾਲ ਇੱਕ ਨੌਜਵਾਨ ਨੂੰ ਫੜ ਲਿਆ।

# ਕਾਲਾਂਵਾਲੀ 'ਚ ਸਾਰੀ ਰਾਤ ਠੱਪ ਰਹੀ ਬਿਜਲੀ ਸਪਲਾਈ

**ਕਾਲਾਂਵਾਲੀ, 7 ਜੂਨ -**
**-ਕੌਮੀ ਪੱਤ੍ਰਿਕਾ ਬਿਊਰੋ-**
ਦਿਨੋਂ ਦਿਨ ਵਧ ਰਹੀ ਗਰਮੀ ਕਾਰਨ ਬੀਤੀ ਰਾਤ ਤੇਜ਼ ਹਨੇਰੀ ਕਾਰਨ ਚੋਰਮਾਰ ਪਾਵਰ ਪਲਾਂਟ ਤੋਂ ਕਾਲਾਂਵਾਲੀ ਪਾਵਰ ਪਲਾਂਟ ਨੂੰ ਬਿਜਲੀ ਸਪਲਾਈ ਕਰਨ ਵਾਲੀ ਕੇਬਲ ਵਿੱਚ ਨੁਕਸ ਪੈਣ ਕਾਰਨ ਸ਼ਹਿਰ ਦੇ ਮਾਡਲ ਟਾਊਨ, ਅਨਾਜ ਮੰਡੀ ਅਤੇ ਹੋਰ ਇਲਾਕਿਆਂ ਵਿੱਚ ਕਰੀਬ 12 ਘੰਟੇ ਬਿਜਲੀ ਸਪਲਾਈ ਠੱਪ ਰਹੀ, ਜਿਸ ਕਾਰਨ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ।



ਬੀਤੀ ਰਾਤ ਕਰੀਬ 12 ਵਜੇ ਸਪਲਾਈ ਵਿੱਚ ਵਿਘਨ ਪਿਆ। ਇਸ ਤੋਂ ਬਾਅਦ ਮੰਗਲਵਾਰ ਦੁਪਹਿਰ ਕਰੀਬ 12 ਵਜੇ ਸਪਲਾਈ ਬਹਾਲ ਕੀਤੀ ਗਈ। ਚੇਤੇ ਰਹੇ ਕਿ ਸ਼ਹਿਰ ਦੇ ਮਾਡਲ ਟਾਊਨ, ਅਨਾਜ ਮੰਡੀ, ਗੁਰਦੁਆਰਾ ਬਸਤੀ, ਜੰਗੀਰ ਸਿੰਘ ਕਲੋਨੀ, ਪੰਜਾਬ ਬੱਸ ਸਟੈਂਡ ਆਦਿ ਇਲਾਕੇ ਡੱਬਵਾਲੀ ਰੋਡ 'ਤੇ ਸਥਿਤ ਪੁਰਾਣੇ ਬਿਜਲੀ ਘਰ ਅਧੀਨ ਆਉਂਦੇ ਹਨ।

ਪੁਰਾਣੇ ਬਿਜਲੀਘਰ ਨੂੰ ਸਪਲਾਈ ਚੋਰਮਾਰ ਤੋਂ ਆਉਂਦੀ 33 ਕੇਵੀ ਲਾਈਨ 'ਤੇ ਬੀਤੀ ਰਾਤ ਨੂੰ ਆਏ ਤੇਜ਼ ਝੱਖੜ ਕਾਰਨ ਇਕ-ਦੋ ਥਾਵਾਂ 'ਤੇ ਦਰੱਖਤ ਡਿੱਗ ਗਏ। ਭਾਵੇਂ ਵਿਭਾਗ ਨੇ ਲਾਈਨ 'ਤੇ ਡਿੱਗੇ ਦਰੱਖਤਾਂ ਨੂੰ ਜਲਦੀ ਹਟਾ ਦਿੱਤਾ ਸੀ ਪਰ ਨੁਕਸ ਦੇ ਕਾਰਨ ਦਾ ਪਤਾ ਨਹੀਂ ਲੱਗ ਸਕਿਆ। ਐਸ.ਡੀ.ਓ. ਰਵੀ ਕੁਮਾਰ ਨੇ ਦੱਸਿਆ ਕਿ ਮਾਮੂਲੀ ਨੁਕਸ ਦਾ ਪਤਾ ਨਾ ਲੱਗਣ ਕਾਰਨ ਸਪਲਾਈ ਬਹਾਲ ਕਰਨ ਵਿੱਚ ਜ਼ਿਆਦਾ ਸਮਾਂ ਲੱਗ ਗਿਆ।

# ਕੁੱਟਮਾਰ ਅਤੇ ਜਾਨੋਂ ਮਾਰ ਦੇਣ ਦੀ ਧਮਕੀ ਦੇਣ ਵਾਲਾ ਦੂਜਾ ਮੁਲਜ਼ਮ ਵੀ ਗ੍ਰਿਫ਼ਤਾਰ

**ਸ਼ਾਹਬਾਦ ਮਾਰਕੰਡਾ, 7 ਜੂਨ -**
**-ਕੌਮੀ ਪੱਤ੍ਰਿਕਾ ਬਿਊਰੋ-**
ਬਾਬੈਨ ਪੁਲੀਸ ਨੇ ਕੁੱਟਮਾਰ ਤੇ ਜਾਨੋਂ ਮਾਰ ਦੇਣ ਦੀਆਂ ਧਮਕੀਆਂ ਦੇਣ ਦੇ ਮਾਮਲੇ ਵਿਚ ਦੂਜੇ ਮੁਲਜ਼ਮ ਸ਼ਗਨ ਕੁਮਾਰ ਉਰਫ ਸਾਗਾ ਵਾਸੀ ਬੁਹਾਵਾ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲੀਸ ਦੇ ਬੁਲਾਰੇ ਨੇ ਦੱਸਿਆ ਕਿ ਬੀਤੀ 18 ਮਾਰਚ ਨੂੰ ਦਿੱਤੀ ਸ਼ਿਕਾਇਤ ਵਿਚ ਸ਼ੀਸ਼ਪਾਲ ਪੁੱਤਰ ਗੁਰਨਾਮ ਸਿੰਘ ਵਾਸੀ ਬੁਹਾਵਾ ਨੇ ਦੱਸਿਆ ਸੀ ਕਿ ਉਹ ਖੇਤੀ ਦਾ ਕੰਮ ਕਰਦਾ ਹੈ। 16 ਮਾਰਚ ਨੂੰ ਉਸ ਦਾ ਭਰਾ ਸੰਜੀਵ ਕੁਮਾਰ ਆਪਣੇ ਚਾਚੇ ਦੇ ਪੁੱਤਰ ਰਾਮ ਕੁਮਾਰ ਦੇ ਘਰ ਅੱਗੇ ਖੜ੍ਹਾ ਸੀ। ਉਸ ਨੇ ਦੇਖਿਆ ਕਿ ਰਾਤ ਦੇ ਕਰੀਬ 10 ਵਜੇ



ਸੰਦੀਪ ,ਪ੍ਰਦੀਪ ਕੁਮਾਰ ਤੇ ਬਿੱਟੂ ਮਿਲ ਕੇ ਉਸ ਦੇ ਭਰਾ ਦੀ ਕੁੱਟਮਾਰ ਕਰ ਰਹੇ ਹਨ। ਜਦ ਉਹ ਆਪਣੇ ਭਰਾ ਨੂੰ ਬਚਾਉਣ ਲਈ ਉਥੇ ਪਹੁੰਚਿਆ ਤਾਂ ਉਨ੍ਹਾਂ ਸਾਰਿਆਂ ਨੇ ਡੰਡਿਆਂ ਤੇ ਗੰਨਾ ਵੱਢਣ ਵਾਲੇ ਗੰਡਾਸਿਆਂ ਨਾਲ ਉਸ 'ਤੇ ਹਮਲਾ ਕਰ ਦਿੱਤਾ। ਰੌਲਾ ਪਾਉਣ 'ਤੇ ਮੁਲਜ਼ਮ ਜਾਨੋਂ ਮਾਰਨ ਦੀਆਂ ਧਮਕੀਆਂ ਦਿੰਦੇ ਹੋਏ ਫ਼ਰਾਰ ਹੋ ਗਏ। 22 ਅਪਰੈਲ ਨੂੰ ਪੁਲੀਸ ਨੇ ਪ੍ਰਦੀਪ ਵਾਸੀ ਬੁਹਾਵਾ ਨੂੰ ਕਾਬੂ ਕਰ ਲਿਆ ਸੀ। ਦੂਜੇ ਮੁਲਜ਼ਮ ਸ਼ਗਨ ਕੁਮਾਰ ਵਾਸੀ ਬੁਹਾਵਾ ਨੂੰ ਅੱਜ ਗ੍ਰਿਫ਼ਤਾਰ ਕਰ ਲਿਆ ਹੈ। ਅਦਾਲਤ ਨੇ ਮੁਲਜ਼ਮ ਨੂੰ ਦੋ ਰੋਜ਼ਾ ਪੁਲੀਸ ਰਿਮਾਂਡ 'ਤੇ ਭੇਜ ਦਿੱਤਾ ਹੈ।

# ਪੰਚਕੂਲਾ ਤੇ ਕਾਲਕਾ 'ਚ ਭਾਜਪਾ ਮੋਹਰੀ

**ਪੰਚਕੂਲਾ, 7 ਜੂਨ -**
**-ਕੌਮੀ ਪੱਤ੍ਰਿਕਾ ਬਿਊਰੋ-**
ਕਾਲਕਾ ਤੇ ਪੰਚਕੂਲਾ ਵਿਧਾਨ ਸਭਾ ਇਲਾਕੇ ਦੀਆਂ ਵੋਟਾਂ ਦੀ ਗਿਣਤੀ ਪੰਚਕੂਲਾ ਦੇ ਡੀਸੀ ਯਸ਼ ਗਰਗ ਦੀ ਦੇਖ-ਰੇਖ ਹੇਠ ਹੋਈ। ਇਸ ਤਹਿਤ ਭਾਜਪਾ ਉਮੀਦਵਾਰ ਬੰਤੋ ਕਟਾਰੀਆ ਨੂੰ ਕਾਲਕਾ 'ਚੋਂ 69,257 ਤੇ ਪੰਚਕੂਲਾ ਵਿੱਚੋਂ 79,172, ਕਾਂਗਰਸ ਦੇ ਵਰੁਣ ਚੌਧਰੀ ਨੂੰ ਕਾਲਕਾ 'ਚ 58,412 ਤੇ ਪੰਚਕੂਲਾ ਵਿੱਚੋਂ 58251 ਵੋਟਾਂ ਮਿਲੀਆਂ। ਇਸੇ ਤਰ੍ਹਾਂ ਜਨਨਾਇਕ ਜਨਤਾ ਪਾਰਟੀ ਦੀ ਕਿਰਨ ਪੂਨੀਆ ਨੂੰ ਕਾਲਕਾ ਤੇ ਪੰਚਕੂਲਾ ਤੋਂ ਕ੍ਰਮਵਾਰ 1914 ਤੇ 958, ਇੰਡੀਅਨ ਨੈਸ਼ਨਲ ਲੋਕ ਦਲ ਦੇ ਗੁਰਪ੍ਰੀਤ ਸਿੰਘ ਨੂੰ 825 ਤੇ 638, ਬਸਪਾ ਦੇ ਪਵਨ ਰੰਧਾਵਾ ਨੂੰ 1340 ਤੇ 1512, ਸਮਾਜ ਪਾਰਟੀ (ਕਾਂਸ਼ੀ ਰਾਮ) ਦੇ ਆਜ਼ਾਦ ਕਮਲ ਕੁਮਾਰ ਬਰਾੜਾ ਨੂੰ 868 ਤੇ 380, ਪੀਪਲਜ਼ ਪਾਰਟੀ ਆਫ਼ ਇੰਡੀਆ ਦੇ ਗੁਲਾਬ ਸਿੰਘ ਨੂੰ 240 ਤੇ 149, ਭਾਰਤੀ ਸ਼ਕਤੀ ਚੇਤਨਾ ਪਾਰਟੀ ਦੇ ਡਾ. ਨਿਤੇਸ਼ ਚੋਪੜਾ ਨੂੰ 95 ਤੇ 84, ਭਾਰਤੀ ਨੌਜਵਾਨ ਕਿਸਾਨ ਪਾਰਟੀ ਦੇ ਬਲਜੀਤ ਸਿੰਘ ਨੂੰ 379 ਤੇ 184, ਭਾਰਤੀ ਯੁਵਾ ਜਨ ਸ਼ਕਤੀ ਪਾਰਟੀ ਮਾਮ ਚੰਦ ਨੂੰ 158 ਤੇ 104, ਇਕਮ ਸਨਾਤਨ ਭਾਰਤ ਦਲ ਦੇ ਮੇਹਰ ਸਿੰਘ ਚਾਲੀਆ ਨੂੰ 204 ਤੇ 179, ਹਰਿਆਣਾ ਜਨਸੇਨਾ ਪਾਰਟੀ ਦੇ ਰਾਕੇਸ਼ ਕੁਮਾਰ ਨੂੰ 281 ਤੇ 250, ਬਹੁਜਨ ਮੁਕਤੀ ਪਾਰਟੀ ਦੇ ਸੂਰਜ ਕੁਮਾਰ ਨੂੰ 141 ਤੇ 100, ਆਜ਼ਾਦ ਮੋਹਰ ਸਿੰਘ ਨੂੰ 149 ਤੇ 118 ਤੇ ਨੋਟਾ ਨੂੰ 768 ਤੇ 1168 ਵੋਟਾਂ ਮਿਲੀਆਂ।

## ਏਜੰਟ ਰਾਹੀਂ ਲਾਇਸੰਸ ਜਾਂ ਅਧਾਰ ਕਾਰਡ ਬਣਵਾਉਣ ਵਾਲੇ ਸਾਵਧਾਨ !

ਸਾਹਨੇਵਾਲ/ਕੁਹਾੜਾ 7 ਜੂਨ। ਲੋਕਾਂ ਨਾਲ ਆਨਲਾਈਨ ਸਾਈਬਰ ਠੱਗੀਆਂ ਤਾਂ ਕਾਫੀ ਵੱਜਦੀਆਂ ਸਨ, ਜਿਸ ਤੋਂ ਸਮੇਂ-ਸਮੇਂ 'ਤੇ ਪ੍ਰਸਾਸਨ ਜਾਗਰੂਕ ਕਰਦਾ ਰਹਿੰਦਾ ਹੈ, ਪਰ ਜਦੋਂ ਕਿਸੇ ਨੂੰ ਕੋਲ ਆ ਕੇ ਵਾਰ-ਵਾਰ ਭਰੋਸੇ 'ਚ ਲੈ ਕੇ ਬੈਂਕ ਤੋਂ ਫਰਾਡ ਕਰੇ ਅਤੇ ਨਗਦੀ ਲੈ ਕੇ ਰਫੂਚੱਕਰ ਹੋ ਜਾਵੇ ਤਾਂ ਫਿਰ ਸੋਚਣ ਵਾਲੀ ਗੱਲ ਹੈ। ਅਜਿਹਾ ਹੀ ਇਕ ਮਾਮਲਾ ਥਾਣਾ ਕੂੰਮ ਕਲਾਂ ਦੇ ਇਲਾਕੇ 'ਚ ਸਾਹਮਣੇ ਆਇਆ ਜਿੱਥੇ ਇਕ ਵਿਅਕਤੀ ਨਾਲ 2 ਲੱਖ 55 ਹਜਾਰ ਦੀ ਠੱਗੀ ਮਾਰ ਕੇ ਵਿਅਕਤੀ ਰਫੂਚੱਕਰ ਹੋ ਗਿਆ। ਪਿੰਡ ਬਰਵਾਲਾ ਲੁਧਿਆਣਾ ਦੇ ਰਹਿਣ ਵਾਲੇ ਪਰਮਜੀਤ ਸਿੰਘ ਪੁੱਤਰ ਹਰਨੇਕ ਸਿੰਘ ਤੋਂ ਅਧਾਰ ਕਾਰਡ ਅਤੇ ਜਨਮ ਸਰਟੀਫਿਕੇਟ 'ਚ ਦਰੁੱਸਤੀ ਦੇ ਬਦਲੇ 35 ਹਜਾਰ ਅਤੇ ਲਾਇਸੰਸ ਬਣਾਉਣ ਲਈ 5 ਹਜਾਰ ਰੁਪਏ ਠੱਗੇ। ਇੱਥੇ ਹੀ ਬਸ ਨਹੀਂ ਸਗੋਂ ਵਾਰ-ਵਾਰ ਮਸ਼ੀਨ 'ਚ ਅੰਗੂਠਾ ਲਗਾ ਕੇ ਬੈਂਕ 'ਚੋਂ 2 ਲੱਖ 15 ਹਜਾਰ ਰੁਪਏ ਕਢਵਾ ਲਏ। ਇਸ ਠੱਗ ਦੀ ਪਛਾਣ ਉਪਕਾਰ ਸਿੰਘ ਪੁੱਤਰ ਜਗਪਾਲ ਸਿੰਘ ਵਾਸੀ ਮਕਾਨ ਨੰ. 1 ਫਸਟ ਫਲੋਰ ਸਾਹਮਣੇ ਆਂਸਲ ਵਾਈਨ ਸੌਪ ਭਾਮੀਆਂ ਰੋਡ ਦੇ ਖ?ਿਲਾਫ ਮਾਮਲਾ ਦਰਜ ਕਰਕੇ ਉਸ ਦੀ ਭਾਲ ਸੁਰੂ ਕਰ ਦਿੱਤੀ ਹੈ।

## ਹੋਟਲ 'ਚ ਮਸਾਜ ਦੇ ਨਾਂ 'ਤੇ ਚੱਲ ਰਿਹਾ ਸੀ ਦੇਹ ਵਪਾਰ, ਪੁਲਸ ਨੇ ਰੇਡ ਮਾਰੀ ਤਾਂ ਕੁੜੀਆਂ ਦੇ ਬਿਆਨ ਸੁਣ ਉਡੇ ਹੋਸ਼

ਚੰਡੀਗੜ੍ਹ 7 ਜੂਨ। ਬੁੜੈਲ ਦੇ ਹੋਟਲ ਮਹਾਰਾਜਾ ਵਿਚ ਮਸਾਜ ਦੀ ਆੜ 'ਚ ਦੇਹ ਵਪਾਰ ਕਰਵਾਉਣ ਵਾਲੇ ਹੋਟਲ ਮਾਲਕ ਨੂੰ ਸੈਕਟਰ-34 ਥਾਣਾ ਪੁਲਸ ਨੇ ਗ੍ਰਿਫਤਾਰ ਕਰਦਿਆਂ ਤਿੰਨ ਕੁੜੀਆਂ ਨੂੰ ਛੁਡਾਇਆ ਹੈ। ਹੋਟਲ ਮਾਲਕ ਦੀ ਪਛਾਣ ਬਨਾਰਸੀ ਪ੍ਰਸਾਦ ਦੇ ਰੂਪ 'ਚ ਹੋਈ ਹੈ। ਥਾਣਾ ਪੁਲਸ ਨੇ ਮਾਮਲਾ ਦਰਜ ਕਰਕੇ ਉਸ ਨੂੰ ਜ਼ਿਲਾ ਅਦਾਲਤ 'ਚ ਪੇਸ਼ ਕੀਤਾ। ਅਦਾਲਤ ਨੇ ਮੁਲਜ਼ਮ ਨੂੰ ਨਿਆਂਇਕ ਹਿਰਾਸਤ 'ਚ ਜਦਕਿ ਤਿੰਨਾਂ ਕੁੜੀਆਂ ਨੂੰ ਨਾਰੀ ਨਿਕੇਤਨ ਭੇਜ ਦਿੱਤਾ। ਡੀ.ਐੱਸ.ਪੀ. ਸਾਊਥ ਦਲਬੀਰ ਸਿੰਘ ਨੂੰ ਸੂਚਨਾ ਮਿਲੀ ਕਿ ਬੁੜੈਲ ਸਥਿਤ ਹੋਟਲ ਮਹਾਰਾਜਾ 'ਚ ਮਸਾਜ ਦੀ ਆੜ 'ਚ ਦੇਹ ਵਪਾਰ ਚੱਲ ਰਿਹਾ ਹੈ। ਉਨ੍ਹਾਂ ਹੋਟਲ 'ਤੇ ਛਾਪਾ ਮਾਰਨ ਲਈ ਸਪੈਸ਼ਲ ਟੀਮ ਬਣਾਈ। ਪੁਲਸ ਟੀਮ ਪਹੁੰਚੀ ਤਾਂ ਕੁੜੀਆਂ ਨੇ ਪੁਲਸ ਨੂੰ ਖੁਲਾਸਾ ਕਰਦਿਆਂ ਦੱਸਿਆ ਕਿ ਹੋਟਲ ਮਾਲਕ ਬਨਾਰਸੀ ਪ੍ਰਸਾਦ ਉਨ੍ਹਾਂ ਤੋਂ ਮਸਾਜ ਦੀ ਆੜ 'ਚ ਦੇਹ ਵਪਾਰ ਕਰਵਾ ਰਿਹਾ ਸੀ। ਜਾਂਚ 'ਚ ਪਤਾ ਲੱਗਾ ਕਿ ਉਹ ਕਈ ਸਾਲਾਂ ਤੋਂ ਦੇਹ ਵਪਾਰ ਕਰਵਾ ਰਿਹਾ ਸੀ।

### ਮਸ਼ਹੂਰ ਪੰਜਾਬੀ ਗਾਇਕ ਨਾਲ ਜਲੰਧਰ-ਪਠਾਨਕੋਟ ਨੈਸ਼ਨਲ ਹਾਈਵੇਅ 'ਤੇ ਵਾਪਰਿਆ ਵੱਡਾ ਹਾਦਸਾ

ਭੋਗਪੁਰ 7 ਜੂਨ। ਮਸ਼ਹੂਰ ਪੰਜਾਬੀ ਗਾਇਕ ਸਰਦਾਰ ਅਲੀ ਦੀ ਗੱਡੀ ਦਾ ਜਲੰਧਰ-ਪਠਾਨਕੋਟ ਹਾਈਵੇਅ 'ਤੇ ਭੋਗਪੁਰ ਨੇੜੇ 12 ਵਜੇ ਦੇ ਕਰੀਬ ਸਨੌਰਾ ਪੁਲ 'ਤੇ ਭਿਆਨਕ ਹਾਦਸਾ ਵਾਪਰ ਗਿਆ। ਹਾਦਸੇ ਵਿਚ ਮਸ਼ਹੂਰ ਗਾਇਕ ਸਰਦਾਰ ਅਲੀ ਦਾ ਵਾਲ ਵਾਲ ਬਚਾਅ ਹੋ ਗਿਆ। ਸਰਦਾਰ ਅਲੀ ਦੇ ਮਾਮੂਲੀ ਸੱਟਾਂ ਲੱਗੀਆਂ ਹਨ ਜਦਕਿ ਸਰਦਾਰ ਅਲੀ ਦੇ ਦੋ ਭਤੀਜੇ ਅਤੇ ਕਾਰ ਚਾਲਕ ਗੰਭੀਰ ਜਖਮੀ ਹੋਏ ਹਨ, ਜਿਨ੍ਹਾਂ ਨੂੰ ਪੰਜਾਬ ਪੁਲਸ ਦੀ ਸੜਕ ਸੁਰੱਖਿਆ ਦੀ ਟੀਮ ਨੇ ਹਸਪਤਾਲ ਦਾਖਲ ਕਰਵਾਇਆ ਹੈ।

# ਪੰਜਾਬ 'ਚ 35 ਸਾਲ ਬਾਅਦ ਦੋਬਾਰਾ ਦੇਖਣ ਨੂੰ ਮਿਲਿਆ ਕੱਟੜਪੰਥੀ ਵਿਚਾਰਧਾਰਾ ਦਾ ਪਰਛਾਂਵਾਂ

**ਕਿਸ਼ਨ ਪਾਲ**

ਲੁਧਿਆਣਾ 7 ਜੂਨ। ਪੰਜਾਬ ਵਿਚ ਕੱਟੜਪੰਥੀ ਵਿਚਾਰਧਾਰਾ ਦੇ ਲਈ ਜਾਣੇ ਜਾਂਦੇ ਸਿਮਰਨਜੀਤ ਸਿੰਘ ਮਾਨ ਬੇਸ਼ਕ ਹੀ ਸੰਗਰੂਰ ਲੋਕਸਭਾ ਚੋਣ ਹਾਰ ਗਏ ਪਰ ਉਨ੍ਹਾਂ ਦੇ ਜਾਂ ਹੋਰ ਕੱਟੜਪੰਥੀ ਵਿਚਾਰਧਾਰਾ ਦੇ ਸਮਰਥਕਾਂ ਵਲੋਂ 35 ਸਾਲ ਪਹਿਲਾਂ ਜੋ ਮੁਹਿੰਮ ਸ਼ੁਰੂ ਕੀਤੀ ਗਈ ਸੀ ਉਸ ਦਾ ਪਰਛਾਂਵਾਂ ਇਕਵਾਰ ਫਿਰ ਪੰਜਾਬ ਵਿਚ ਦੇਖਣ ਨੂੰ ਮਿਲਿਆ ਹੈ। ਜਿਸ ਦਾ ਸਬੂਤ ਫਰੀਦਕੋਟ ਸੀਟ 'ਤੇ ਸਰਬਜੀਤ ਸਿੰਘ ਅਤੇ ਖਡੂਰ ਸਾਹਿਬ ਤੋਂ ਅੰਮ੍ਰਿਤਪਾਲ ਸਿੰਘ ਨੂੰ ਮਿਲੀ ਜਿੱਤ ਦੇ ਰੂਪ ਵਿਚ ਦੇਖਣ ਨੂੰ ਮਿਲਿਆ ਹੈ। ਇਹ ਦੋਵੇਂ ਹੀ ਖਾਲਿਸਤਾਨ ਸਮਰਥਕ ਮੰਨੇ ਜਾਂਦੇ ਹਨ। ਇਨ੍ਹਾਂ ਵਿਚੋਂ ਸਰਬਜੀਤ ਸਿੰਘ ਦੇ ਪਿਤਾ ਵਲੋਂ ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਦਾ ਬਦਲਾ ਲੈਣ ਦੇ ਨਾਂ 'ਤੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਕਤਲ ਕੀਤਾ ਗਿਆ ਸੀ। ਇਸੇ ਤਰਾਂ ਅੰਮ੍ਰਿਤਪਾਲ ਸਿੰਘ ਨੂੰ ਐੱਨ.ਐੱਸ.ਏ. ਦੀਆਂ ਧਰਾਵਾਂ ਦੇ ਅਧੀਨ ਜੇਲ ਵਿਚ ਬੰਦ ਕੀਤਾ ਗਿਆ ਹੈ। ਇਨ੍ਹਾਂ ਦੋਵਾਂ ਨੂੰ ਮਿਲੀ ਭਾਰੀ ਜਿੱਤ ਵਰਗਾ ਮਾਹੌਲ ਇਸ ਤੋਂ ਪਹਿਲਾ 1989 ਦੀਆਂ ਲੋਕਸਭਾ ਚੋਣਾਂ ਵਿਚ ਦੇਖਣ ਨੂੰ ਮਿਲਿਆ ਸੀ ਜਦ ਸਿਮਰਨਜੀਤ ਸਿੰਘ ਮਾਨ ਸਮੇਤ ਕੱਟੜਪੰਥੀ ਵਿਚਾਰਧਾਰਾ ਦੇ 9 ਉਮੀਦਵਾਰਾਂ ਨੂੰ ਜਿੱਤ ਹਾਸਲ ਹੋਈ ਸੀ। ਇਨ੍ਹਾਂ ਵਿਚ ਉਕਤ ਸਰਬਜੀਤ ਸਿੰਘ ਦੀ ਮਾਤਾ ਬਿਮਲ ਕੌਰ ਵੀ ਸ਼ਾਮਲ ਸੀ। ਜਿਨ੍ਹਾਂ ਨੂੰ ਰੋਪੜ ਤੋਂ ਜਿੱਤ ਹਾਸਲ ਹੋਈ ਸੀ ਭਾਂਵੇ 1992 ਵਿਚ ਵਿਧਾਨਸਭਾ ਚੋਣ ਅਤੇ ਫਿਰ ਲੋਕਸਭਾ ਚੋਣ ਦੇ ਦੌਰਾਨ ਕਾਂਗਰਸ ਦੇ ਇਲਾਵਾ ਅਕਾਲੀ ਦਲ ਅਤੇ ਭਾਜਪਾ ਵਲੋਂ ਉਮੀਦਵਾਰ ਖੜ੍ਹੇ ਕਰਨ ਦੀ ਵਜ੍ਹਾ ਨਾਲ ਕੱਟੜਪੰਥੀ ਵਿਚਾਰਧਾਰਾ ਦੇ ਉਮੀਦਵਾਰਾਂ ਨੂੰ ਦੋਬਾਰਾ ਲੰਮੇ ਸਮੇਂ ਤੱਕ ਲੋਕਾਂ ਦਾ ਸਮਰਥਨ ਨਹੀਂ ਮਿਲਿਆ ਪਰ 2022 ਦੇ ਦੌਰਾਨ ਕੱਟੜਪੰਥੀ ਵਿਚਾਰਧਾਰਾ ਦਾ ਇਹ ਫੈਸਲਾ



ਸੰਗਰੂਰ ਲੋਕਸਭਾ ਜ?ਿਮਨੀ ਚੋਣ ਦੇ ਦੌਰਾਨ ਇਕ ਵਾਰ ਫਿਰ ਦੇਖਣ ਨੂੰ ਮਿਲਿਆ। ਜਦ ਅਕਾਲੀ ਦਲ ਵਲੋਂ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਮਾਮਲੇ ਵਿਚ ਜੇਲ ਵਿਚ ਬੰਦ ਬਲਵੰਤ ਸਿੰਘ ਰਾਜੋਆਣਾ ਦੀ ਭੈਣ ਨੂੰ ਟਿਕਟ ਦਿੱਤੀ ਗਈ ਅਤੇ ਸਿਮਰਨਜੀਤ ਸਿੰਘ ਮਾਨ ਨੂੰ ਜਿੱਤ ਹਾਸਲ ਹੋਈ। ਇਸਦੇ ਬਾਅਦ ਕੱਟੜਪੰਥੀ ਵਿਚਾਰਧਾਰਾ ਦਾ ਪ੍ਰਚਾਰ-ਪ੍ਰਸਾਰ ਵਧ ਗਿਆ ਜੋ ਅੰਮ੍ਰਿਤਪਾਲ ਸਿੰਘ ਦੀਆਂ ਸਰਗਰਮੀਆਂ ਦੇ ਰੂਪ ਵਿਚ ਦੇਖਣ ਨੂੰ ਮਿਲਿਆ। ਬੇਸ਼ਕ ਅੰਮ੍ਰਿਤਪਾਲ ਸਿੰਘ ਨੂੰ ਹੁਣ ਜੇਲ ਵਿਚ ਬੰਦ ਕੀਤਾ ਹੋਇਆ ਹੈ ਪਰ ਉਸਨੇ ਜੇਲ ਵਿਚ ਰਹਿ ਕੇ ਖਡੂਰ ਸਾਹਿਬ ਤੋਂ ਲੋਕਸਭਾ ਚੋਣ ਜਿੱਤ ਲਈ ਹੈ ਜਿੱਥੇ 1989 ਦੇ ਦੌਰਾਨ ਸਿਮਰਨਜੀਤ ਸਿੰਘ ਮਾਨ ਨੇ ਜਿੱਤ ਹਾਸਲ ਕੀਤੀ ਸੀ। ਇਸੇ ਤਰ੍ਹਾਂ ਪੰਜਾਬ ਦੀਆਂ ਕੁਝ ਹੋਰ ਸੀਟਾਂ 'ਤੇ ਵੀ ਕੱਟੜਪੰਥੀ ਵਿਚਾਰਧਾਰਾ ਦੇ ਉਮੀਦਵਾਰਾਂ ਨੂੰ ਸਮਰਥਨ ਮਿਲਣ ਦੀ ਗੱਲ ਸਾਹਮਣੇ ਆਈ ਹੈ। ਜਿਸ ਨੂੰ ਲੈ ਕੇ ਹੁਣ ਦੇਖਣਾ ਇਹ ਹੋਵੇਗਾ ਕਿ ਇਸ ਵੱਕਾਸ ਦਾ ਪੰਜਾਬ ਦਾ ਮਾਹੌਲ 'ਤੇ ਆਉਣ ਵਾਲੇ ਸਮੇਂ ਦੇ ਦੌਰਾਨ ਕੀ ਅਸਰ ਪਵੇਗਾ ਅਤੇ ਕੇਂਦਰ ਅਤੇ ਸੂਬਾ ਸਰਕਾਰ ਇਸ ਸਥਿਤੀ ਨਾਲ ਨਿਜੱਠਣ ਦੇ ਲਈ ਕੀ ਕਦਮ ਚੁੱਕੇਗੀ।

## ਘਰ ਵਾਪਸ ਜਾ ਰਹੇ ਮਾਂ-ਪੁੱਤ ਨਾਲ ਵਾਪਰੀ ਅਣਹੋਣੀ ਨੇ ਵਿਛਾ ਦਿੱਤੇ ਸੱਥਰ

ਜਾਡਲਾ 7 ਜੂਨ। ਪਿੰਡ ਠਠਿਆਲਾ ਢਾਹਾਂ ਨੇੜੇ ਬੀਤੀ ਰਾਤ ਇਕ ਟਰੈਕਟਰ-ਟਰਾਲੀ ਅਤੇ ਮੋਟਰਸਾਈਕਲ ਦੀ ਟੱਕਰ 'ਚ ਇਕ ਔਰਤ ਦੀ ਮੌਤ ਹੋ ਗਈ। ਜਾਣਕਾਰੀ ਦਿੰਦਿਆਂ ਮ੍ਰਿਤਕ ਦੇ ਲੜਕੇ ਦੀਦਾਰ ਸਿੰਘ ਦਾਰਾ ਨੇ ਦੱਸਿਆ ਕਿ ਉਹ ਆਪਣੀ ਮਾਤਾ ਜਸਵੀਰ ਕੌਰ (60) ਨਾਲ ਪਿੰਡ ਸੁੱਧਾ ਮਾਜਰਾ ਆਪਣੀ ਭੈਣ ਦੇ ਘਰੋਂ ਵਾਪਸ ਆਪਣੇ ਪਿੰਡ ਸਿੰਬਲ ਮਜਾਰਾ ਵਿਖੇ ਆ ਰਹੇ ਸਨ। ਜਦੋਂ ਪਿੰਡ ਠਠਿਆਲਾ ਢਾਹਾਂ ਨੇੜੇ ਪਹੁੰਚੇ ਤਾਂ ਸਾਹਮਣੇ ਤੋਂ ਆ ਰਹੇ ਇਕ ਟਰੈਕਟਰ-ਟਰਾਲੀ ਵਾਲੇ ਨੇ ਉਨ੍ਹਾਂ ਨੂੰ ਟੱਕਰ ਮਾਰ ਦਿੱਤੀ। ਟੱਕਰ ਤੋਂ ਬਾਅਦ ਮੇਰੀ ਮਾਂ ਟਰੈਕਟਰ-ਟਰਾਲੀ ਹੇਠਾਂ ਡਿੱਗ ਪਈ ਅਤੇ ਮੈਂ ਦੂਜੇ ਪਾਸੇ ਵੱਲ ਡਿੱਗ ਗਿਆ। ਉਨ੍ਹਾਂ ਦੱਸਿਆ ਕਿ ਮਾਂ ਜਸਵੀਰ ਕੌਰ ਟਰਾਲੀ ਹੇਠਾਂ ਆ ਗਏ ਅਤੇ ਉਨ੍ਹਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮ੍ਰਿਤਕ ਜਸਵੀਰ ਕੌਰ ਆਪਣੇ ਪਿੱਛੇ ਆਪਣੇ ਪਤੀ ਇਕ ਲੜਕੀ ਅਤੇ ਲੜਕਾ ਛੱਡ ਗਏ ਹਨ। ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਹ ਜਸਵੀਰ ਕੌਰ ਦਾ ਉਦੋਂ ਤੱਕ ਪੋਸਟਮਾਰਟਮ ਅਤੇ ਅੰਤਿਮ ਸੰਸਕਾਰ ਨਹੀਂ ਕਰਨਗੇ, ਜਦੋਂ ਤੱਕ ਦੋਸ਼ੀ ਨੂੰ ਪੁਲਸ ਗ੍ਰਿਫਤਾਰ ਨਹੀਂ ਕਰ ਲੈਂਦੀ। ਲੋਕਾਂ ਨੇ ਦੱਸਿਆ ਕਿ ਜਿਸ ਟਰੈਕਟਰ ਨਾਲ ਇਹ ਹਾਦਸਾ ਵਾਪਰਿਆ, ਉਸ ਦਾ ਨੰਬਰ ਵੀ ਨਹੀਂ ਸੀ। ਇਸ ਸਬੰਧੀ ਜਾਂਚ ਕਰ ਰਹੇ ਪੁਲਸ ਅਧਿਕਾਰੀ ਨੇ ਦੱਸਿਆ ਕਿ ਦੋਸ਼ੀ ਦਾ ਕੁਝ ਸੁਰਾਗ ਮਿਲ ਗਿਆ ਹੈ, ਜਲਦ ਉਸ ਨੂੰ ਫੜ ਲਿਆ ਜਾਵੇਗਾ ਅਤੇ ਪਰਿਵਾਰ ਨੂੰ ਇਨਸਾਫ ਦਿਵਾਇਆ ਜਾਵੇਗਾ।

## ਸਮੁੰਦਰ ਕਿਨਾਰੇ ਤੋਂ 130 ਕਰੋੜ ਰੁਪਏ ਮੁੱਲ ਦੀ ਕੋਕੀਨ ਦੇ 13 ਪੈਕੇਟ ਬਰਾਮਦ

ਗਾਂਧੀਧਾਮ 7 ਜੂਨ। ਗੁਜਰਾਤ ਦੇ ਕੱਛ ਜ?ਿਲ੍ਹੇ 'ਚ ਗਾਂਧੀਧਾਮ ਸ਼ਹਿਰ ਕੋਲ ਇਕ ਖਾੜੀ ਖੇਤਰ ਤੋਂ ਕੋਕੀਨ ਦੇ 13 ਲਾਵਾਰਸ ਪੈਕੇਟ ਬਰਾਮਦ ਕੀਤੇ ਗਏ, ਜਿਨ੍ਹਾਂ ਦੀ ਅੰਤਰਰਾਸ਼ਟਰੀ ਬਜਾਰ 'ਚ ਕੀਮਤ 130 ਕਰੋੜ ਰੁਪਏ ਹੈ। ਇਕ ਪੁਲਸ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਕੱਛ-ਪੂਰਬੀ ਡਿਵੀਜਨ ਦੇ ਪੁਲਸ ਸੁਪਰਡੈਂਟ ਸਾਗਰ ਬਾਗਮਾਰ ਨੇ ਕਿਹਾ ਕਿ ਸ਼ੁਰੂਆਤੀ ਜਾਂਚ ਤੋਂ ਪਤਾ ਲੱਗਾ ਹੈ ਕਿ ਤਸਕਰਾਂ ਨੇ ਫੜੇ ਜਾਣ ਤੋਂ ਬਚਣ ਲਈ ਨਸ਼ੀਲੇ ਪਦਾਰਥ ਨੂੰ ਸਮੁੰਦਰ ਦੇ ਕਿਨਾਰੇ ਲੁਕਾ ਦਿੱਤਾ ਸੀ। ਉਨ੍ਹਾਂ ਦੱਸਿਆ ਕਿ 8 ਮਹੀਨਿਆਂ 'ਚ ਉਸੇ ਖਾੜੀ ਖੇਤਰ ਤੋਂ ਇਹ ਨਸ਼ੀਲੇ ਪਦਾਰਥ ਦੀ ਦੂਜੀ ਵੱਡੀ ਬਰਾਮਦਗੀ ਹੈ। ਉਨ੍ਹਾਂ ਕਿਹਾ,"ਅੱਤਵਾਦ ਵਿਰੋਧੀ ਦਸਤੇ (ਏ.ਟੀ.ਐੱਸ.) ਅਤੇ ਵਿਸ਼ੇਸ਼ ਮੁਹਿੰਮ ਸਮੂਹ ਦੀ ਇਕ ਸਾਂਝੀ ਟੀਮ ਨੇ ਗਾਂਧੀਧਾਮ ਸ਼ਹਿਰ ਕੋਲ ਮੀਠੀ ਰੋਹਰ ਪਿੰਡ ਤੋਂ ਲੰਘਣ ਵਾਲੇ ਕ੍ਰੀਕ ਖੇਤਰ ਤੋਂ 130 ਕਰੋੜ ਰੁਪਏ ਮੁੱਲ ਦੀ ਕੋਕੀਨ ਦੇ 13 ਲਾਵਾਰਸ ਪੈਕੇਟ ਬਰਾਮਦ ਕੀਤੇ।" ਬਾਗਮਾਰ ਨੇ ਕਿਹਾ ਕਿ ਇਸ ਪਾਬੰਦੀਸ਼ੁਦਾ ਸਮੱਗਰੀ ਨੂੰ ਤਸਕਰਾਂ ਨੇ ਸਮੁੰਦਰ ਦੇ ਕਿਨਾਰੇ ਲੁਕਾ ਦਿੱਤਾ ਸੀ ਅਤੇ ਇਹ ਪੈਕੇਟ ਪਿਛਲੇ ਸਾਲ ਸਤੰਬਰ 'ਚ ਉਸੇ ਇਲਾਕੇ ਤੋਂ ਬਰਾਮਦ ਕੀਤੇ ਗਏ ਪੈਕੇਟ ਦੇ ਸਾਮਾਨ ਹਨ। ਉਨ੍ਹਾਂ ਕਿਹਾ ਕਿ ਏ.ਟੀ.ਐੱਸ. ਮਾਮਲੇ ਦੀ ਜਾਂਚ ਕਰ ਰਹੀ ਹੈ। ਪੁਲਸ ਸੁਪਰਡੈਂਟ (ਏ.ਟੀ.ਐੱਸ.) ਸੁਨੀਲ ਜੋਸ਼ੀ ਨੇ ਕਿਹਾ,"ਅਸੀਂ ਕੱਛ 'ਚ ਗਾਂਧੀਧਾਮ ਕੋਲ ਇਕ ਖਾੜੀ ਖੇਤਰ ਤੋਂ ਤੜਕੇ ਕੋਕੀਨ ਦੇ 13 ਲਾਵਾਰਸ ਪੈਕੇਟ ਬਰਾਮਦ ਕੀਤੇ ਹਨ। ਹਰ ਪੈਕੇਟ ਦਾ ਭਾਰ ਇਕ ਕਿਲੋਗ੍ਰਾਮ ਹੈ। ਅਸੀਂ ਅਣਪਛਾਤੇ ਵਿਅਕਤੀਆਂ ਖ?ਿਲਾਫ ਮਾਮਲਾ ਦਰਜ ਕੀਤਾ ਹੈ ਅਤੇ ਅੱਗੇ ਦੀ ਜਾਂਚ ਜਾਰੀ ਹੈ।" ਪਿਛਲੇ ਸਾਲ ਸਤੰਬਰ 'ਚ ਕੱਛ-ਪੂਰਬੀ ਪੁਲਸ ਨੇ ਉਸੇ ਖੇਤਰ ਤੋਂ ਕੋਕੀਨ ਦੇ 80 ਲਾਵਾਰਸ ਪੈਕੇਟ ਬਰਾਮਦ ਕੀਤੇ ਸਨ, ਜਿਨ੍ਹਾਂ 'ਚੋਂ ਹਰੇਕ ਦਾ ਭਾਰ ਇਕ ਕਿਲੋਗ੍ਰਾਮ ਸੀ। ਅੰਤਰਰਾਸ਼ਟਰੀ ਬਜਾਰ 'ਚ ਉਸ ਦੀ ਕੀਮਤ 800 ਕਰੋੜ ਰੁਪਏ ਸੀ।

## 10,000 ਰੁਪਏ ਦੀ ਨਕਦੀ ਖੋਹਣ ਵਾਲੇ ਵਿਅਕਤੀ ਨੂੰ 5 ਸਾਲ ਦੀ ਕੈਦ ਅਤੇ ਜੁਰਮਾਨਾ

**ਸਰਦੂਲ ਸਿੰਘ**

ਮੋਗਾ 7 ਜੂਨ। ਜ਼ਿਲ੍ਹਾ ਸੈਸ਼ਨ ਜੱਜ ਸਰਬਜੀਤ ਸਿੰਘ ਧਾਲੀਵਾਲ ਦੀ ਅਦਾਲਤ ਨੇ 2 ਸਾਲ ਪਹਿਲਾਂ 10 ਹਜ਼ਾਰ ਰੁਪਏ ਦੀ ਨਕਦੀ ਖੋਹਣ ਵਾਲੇ ਵਿਅਕਤੀ ਨੂੰ ਸਜ਼ਾ ਸੁਣਾਈ ਹੈ। ਵਿਅਕਤੀ ਨੂੰ ਸਬੂਤਾਂ ਅਤੇ ਗਵਾਹਾਂ ਦੇ ਆਧਾਰ 'ਤੇ ਦੋਸ਼ੀ ਕਰਾਰ ਦਿੱਤਾ ਗਿਆ ਹੈ। ਮੁਲਜ਼ਮ ਨੂੰ ਥਾਣਾ ਸਿਟੀ ਪੁਲਸ ਨੇ 2 ਸਾਲ ਪਹਿਲਾਂ ਇਸ ਕੇਸ ਵਿਚ ਵੱਖ-ਵੱਖ ਧਾਰਾਵਾਂ ਤਹਿਤ ਨਾਮਜ਼ਦ ਕੀਤਾ ਸੀ। ਮਾਣਯੋਗ ਅਦਾਲਤ ਨੇ ਦੋਸ਼ੀ ਨੂੰ ਦੋਸ਼ੀ ਕਰਾਰ ਦਿੰਦੇ ਹੋਏ 5 ਸਾਲ ਦੀ ਕੈਦ ਅਤੇ 10,000 ਰੁਪਏ ਜੁਰਮਾਨਾ ਭਰਨ ਦਾ ਹੁਕਮ ਦਿੱਤਾ ਹੈ। ਇਸ ਮਾਮਲੇ ਸਬੰਧੀ ਸ਼ਿਕਾਇਤਕਰਤਾ ਨਿਰਮਲ ਸਿੰਘ ਪੁੱਤਰ ਹਰਬੰਸ ਸਿੰਘ ਵਾਸੀ ਬੀਬੀ ਜਾਨਕੀ ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਨਗਰ ਮੋਗਾ ਨੇ ਥਾਣਾ ਸਿਟੀ ਮੋਗਾ ਵਿਖੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਘਟਨਾ ਵਾਲੇ ਦਿਨ ਉਹ ਵਾਪਸ ਆ ਗਿਆ ਸੀ। ਕੋਟਕਪੂਰਾ ਬਾਈਪਾਸ 'ਤੇ ਆਪਣੇ ਇਕ ਰਿਸ਼ਤੇਦਾਰ ਨੂੰ ਘਰ ਛੱਡ ਕੇ ਜਦੋਂ ਉਹ ਲੁਧਿਆਣਾ ਰੋਡ 'ਤੇ ਸਥਿਤ ਆਈ. ਟੀ. ਆਈ. ਨੇੜੇ ਪਹੁੰਚਿਆ ਤਾਂ ਉਸ ਦੇ ਮੋਟਰਸਾਈਕਲ ਦਾ ਪੈਟਰੋਲ ਖਤਮ ਹੋ ਗਿਆ, ਜਿਸ ਕਾਰਨ ਉਹ ਮੋਟਰਸਾਈਕਲ ਲੈ ਕੇ ਪੈਦਲ ਹੀ ਪੈਟਰੋਲ ਪੰਪ ਵੱਲ ਜਾਣ ਲੱਗਾ। ਇਸ ਦੌਰਾਨ ਪਿੱਛੇ ਤੋਂ ਇਕ ਨੌਜਵਾਨ ਆਇਆ ਅਤੇ ਪਹਿਲਾਂ ਉਸ ਨੂੰ ਬਾਈਕ ਦਾ ਤੇਲ ਖਤਮ ਹੋਣ ਬਾਰੇ ਸਵਾਲ ਪੁੱਛਿਆ ਤੇ ਉਸ ਨੇ



ਦੱਸਿਆ ਕਿ ਉਸ ਦੇ ਮੋਟਰਸਾਈਕਲ ਦਾ ਤੇਲ ਖਤਮ ਹੋ ਗਿਆ ਸੀ ਤਾਂ ਉਕਤ ਵਿਅਕਤੀ ਨੇ ਉਸ ਦੀ ਜੇਬ 'ਚੋਂ ਜ਼ਬਰਦਸਤੀ 10 ਹਜ਼ਾਰ ਰੁਪਏ ਦੀ ਨਕਦੀ ਖੋਹ ਕੇ ਉਸ ਨੂੰ ਜ਼ਮੀਨ 'ਤੇ ਧੱਕਾ ਦੇ ਦਿੱਤਾ ਅਤੇ ਮੌਕੇ ਤੋਂ ਫਰਾਰ ਹੋ ਗਏ, ਜਿਸ ਦੀ ਸੂਚਨਾ ਪੁਲਸ ਨੂੰ ਦਿੱਤੀ ਗਈ। ਮੁੱਢਲੀ ਜਾਂਚ ਤੋਂ ਬਾਅਦ ਪਤਾ ਲੱਗਾ ਕਿ ਦਲਬੀਰ ਸਿੰਘ ਪੁੱਤਰ ਫਤਿਹ ਸਿੰਘ ਵਾਸੀ ਪਿੰਡ ਡਾਲਾ ਨੇ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਹੈ, ਜਿਸ 'ਤੇ ਪੁਲਸ ਨੇ ਦਲਜੀਤ ਸਿੰਘ ਖਿਲਾਫ ਥਾਣਾ ਸਦਰ 'ਚ ਧਾਰਾ 379 ਅਤੇ 411 ਆਈ. ਪੀ. ਸੀ. ਇਸ ਮਾਮਲੇ 'ਚ ਅੰਤਿਮ ਸੁਣਵਾਈ ਤੋਂ ਬਾਅਦ ਅੱਜ ਮਾਣਯੋਗ ਅਦਾਲਤ ਨੇ ਆਪਣਾ ਫੈਸਲਾ ਸੁਣਾਇਆ ਹੈ।

# ਪੰਜਾਬ 'ਚ ਵੱਡੇ ਫੇਰਬਦਲ ਦੀ ਤਿਆਰੀ 'ਚ ਭਾਜਪਾ ਹਾਈਕਮਾਨ, ਕਈਆਂ ਦੇ ਖੁੱਸ ਜਾਣਗੇ ਅਹੁਦੇ ਤਾਂ ਕਈਆਂ ਦੀ ਸੁਰੱਖਿਆ

**ਏਜੰਸੀਆਂ**

ਜਲੰਧਰ 7 ਜੂਨ। ਦੇਸ਼ 'ਚ ਲੋਕ ਸਭਾ ਚੋਣਾਂ ਦਾ ਸਿਲਸਿਲਾ ਸ਼ੁਰੂ ਹੋਣ ਤੋਂ ਪਹਿਲਾਂ ਕਈ ਸਿਆਸੀ ਪਾਰਟੀਆਂ 'ਚ ਦਲ-ਬਦਲੀ ਦਾ ਕ੍ਰਮ ਖੂਬ ਚੱਲਿਆ। ਖਾਸ ਕਰ ਕੇ ਭਾਜਪਾ ਨੇ ਪੰਜਾਬ ਸਮੇਤ ਕਈ ਸੂਬਿਆਂ 'ਚ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਹੋਰ ਪਾਰਟੀਆਂ ਤੋਂ ਆਗੂਆਂ ਨੂੰ ਇੰਪੋਰਟ ਕੀਤਾ। ਇੰਪੋਰਟ ਕੀਤੇ ਜਾਣ ਤੋਂ ਬਾਅਦ ਪਾਰਟੀ ਨੇ ਉਨ੍ਹਾਂ ਨੂੰ ਜਾਂ ਤਾਂ ਟਿਕਟ ਦਿੱਤੀ ਜਾਂ ਉਨ੍ਹਾਂ ਨੂੰ ਅਹਿਮ ਜ?ਿੰਮੇਵਾਰੀਆਂ ਨਾਲ ਨਵਾਜਿਆ। ਇਸ ਦਰਮਿਆਨ ਕਈ ਅਜਿਹੇ ਆਗੂ ਸਨ, ਜੋ ਹਾਈ ਲੈਵਲ ਸਕਿਓਰਿਟੀ ਵਿਵਸਥਾ ਲੈਣ 'ਚ ਵੀ ਸਫਲ ਰਹੇ ਪਰ ਪੰਜਾਬ 'ਚ ਭਾਜਪਾ ਨੂੰ ਸਿਰਫ 9 ਫੀਸਦੀ ਦੇ ਲਗਭਗ ਵੋਟ ਫੀਸਦੀ ਦੀ ਸਫਲਤਾ ਮਿਲੀ, ਜੋ ਕਿ ਇੰਨੇ ਪਾਪੜ ਵੇਲਣ ਤੋਂ ਬਾਅਦ ਕੁਝ ਵੀ ਨਹੀਂ ਹੈ। ਪੰਜਾਬ 'ਚ ਭਾਜਪਾ ਦੀ ਜੋ ਦੁਰਗਤ ਹੋਈ ਹੈ, ਉਸ ਲਈ ਪਾਰਟੀ ਦੇ ਪੁਰਾਣੇ ਆਗੂਆਂ ਜਾਂ ਵਰਕਰਾਂ ਤੋਂ ਕਿਤੇ ਵੱਧ ਉਹ ਲੋਕ ਜ?ਿੰਮੇਵਾਰ ਹਨ, ਜਿਨ੍ਹਾਂ ਨੇ ਪਿਛਲੇ ਕੁਝ ਸਮੇਂ 'ਚ ਆਪਣੀ ਮਨਮਰਜੀ ਨਾਲ ਕੰਮ ਕੀਤਾ। ਅਹਿਮ ਅਹੁਦੇ ਹੋਣ ਦੇ ਬਾਅਦ ਪੁਰਾਣੇ ਵਰਕਰਾਂ ਨੂੰ ਨਾ ਤਾਂ ਵੈਲਿਊ ਦਿੱਤੀ, ਨਾ ਹੀ ਉਨ੍ਹਾਂ ਨੂੰ ਕਿਤੇ ਅਹਿਮੀਅਤ ਦਿੱਤੀ, ਜਿਸ ਦੇ ਕਾਰਨ ਭਾਜਪਾ ਨੂੰ ਪੰਜਾਬ 'ਚ ਨਿਰਾਸ਼ਾ ਦਾ ਸਾਹਮਣਾ ਕਰਨਾ ਪਿਆ। ਬਾਹਰੋਂ ਜੋ ਆਗੂ ਇੰਪੋਰਟ ਕੀਤੇ ਗਏ, ਉਹ ਵੀ ਸਿਰਫ ਆਪਣੀ ਡਫਲੀ ਹੀ ਵਜਾਉਂਦੇ ਰਹੇ। ਪਾਰਟੀ ਦੀ ਭਲਾਈ ਲਈ ਕਿਸੇ ਆਗੂ




ਨੇ ਕੋਈ ਕੰਮ ਨਹੀਂ ਕੀਤਾ। ਕੇਂਦਰ ਵੱਲੋਂ ਦਿੱਤੀ ਗਈ ਸੁਰੱਖਿਆ ਵਿਵਸਥਾ ਦਾ ਹੀ ਉਹ ਆਨੰਦ ਮਾਣਦੇ ਰਹੇ। ਸੂਤਰਾਂ ਦੇ ਹਵਾਲੇ ਨਾਲ ਇਹ ਖਬਰ ਸਾਹਮਣੇ ਆ ਰਹੀ ਹੈ ਕਿ ਪੰਜਾਬ 'ਚ ਕੇਂਦਰ ਵੱਲੋਂ ਵੱਡੇ ਪੱਧਰ 'ਤੇ ਬਦਲਾਅ ਕਰਨ ਦੀ ਯੋਜਨਾ ਬਣਾਈ ਗਈ ਹੈ, ਜਿਸ ਦੇ ਅਧੀਨ ਸੂਬੇ 'ਚ ਅਹਿਮ ਅਹੁਦਿਆਂ 'ਤੇ ਬੈਠੇ ਕਈ ਨੇਤਾਵਾਂ ਨੂੰ ਜਿੱਥੇ ਜ?ਿੰਮੇਵਾਰੀਆਂ ਤੋਂ ਹੱਥ ਧੋਣਾ ਪੈ ਸਕਦਾ ਹੈ, ਉੱਥੇ ਹੀ ਕੁਝ ਨੇਤਾਵਾਂ ਦੀ ਸੁਰੱਖਿਆ ਵਿਵਸਥਾ ਵੀ ਵਾਪਸ ਲਈ ਜਾ ਸਕਦੀ ਹੈ ਕਿਉਂਕਿ ਜਿਸ ਕਾਰਨ ਇਨ੍ਹਾਂ ਨੇਤਾਵਾਂ ਨੂੰ ਜ?ਿੰਮੇਵਾਰੀਆਂ ਦਿੱਤੀਆਂ ਗਈਆਂ ਸਨ, ਇਹ ਲੋਕ ਉਸ 'ਚ ਕਾਮਯਾਬ ਨਹੀਂ ਹੋਏ। ਜਾਣਕਾਰ ਤਾਂ ਇਹ ਵੀ ਦੱਸ ਰਹੇ ਹਨ ਕਿ ਪਾਰਟੀ ਨੂੰ ਪਹਿਲਾਂ ਹੀ ਪਤਾ ਲੱਗ ਗਿਆ ਸੀ ਕਿ ਪੰਜਾਬ 'ਚ ਹਾਲਤ ਬਿਹਤਰ ਨਹੀਂ ਹਨ, ਇਸ ਲਈ ਪਾਰਟੀ ਪੰਜਾਬ ਨੂੰ ਲੈ ਕੇ ਪਹਿਲਾਂ ਹੀ ਯੋਜਨਾ ਬਣਾ ਚੁੱਕੀ ਹੈ। ਐਕਸਪੈਰੀਮੈਂਟ ਲਈ ਪਾਰਟੀ ਨੇ ਪੰਜਾਬ 'ਚ ਆਪਣੀ ਪੁਰਾਣੀ ਲੀਡਰਸ਼ਿਪ ਅਤੇ ਵਰਕਰ ਨੂੰ ਇਗਨੋਰ ਕਰ ਕੇ ਕਾਂਗਰਸ ਅਤੇ ਪਤਾ ਨਹੀਂ ਕਿਹੜੀਆਂ-ਕਿਹੜੀਆਂ ਪਾਰਟੀਆਂ ਤੋਂ ਆਗੂਆਂ ਨੂੰ ਇੰਪੋਰਟ ਕਰ ਲਿਆ ਸੀ ਪਰ ਜੋ ਸਥਿਤੀ ਅੱਜ ਪਾਰਟੀ ਦੇ ਸਾਹਮਣੇ ਹੈ, ਉਸ ਸਬੰਧੀ ਕਿਤੇ ਵੀ ਦੋ ਰਾਇ ਨਹੀਂ ਕਿ ਭਾਜਪਾ ਦਾ ਇਹ ਐਕਸਪੈਰੀਮੈਂਟ ਫਲਾਪ ਸਾਬਿਤ ਹੋਇਆ ਹੈ। ਇਸ ਚੱਕਰ 'ਚ ਪਾਰਟੀ ਨੇ ਆਪਣੇ ਪੁਰਾਣੇ ਵਰਕਰ ਨੂੰ ਵੀ ਅੱਖੋਂ-ਪਰੋਖੇ ਕਰ ਕਰ ਦਿੱਤਾ, ਜਿਸ ਦੇ ਕਾਰਨ ਪੁਰਾਣਾ ਵਰਕਰ ਘਰ ਬੈਠ ਗਿਆ ਅਤੇ ਉਹ ਜਿਸ ਤਰ੍ਹਾਂ ਦੀ ਲਗਨ ਨਾਲ ਪਹਿਲਾਂ ਕੰਮ ਕਰਦਾ ਸੀ, ਉਸ ਤਰ੍ਹਾਂ ਇਨ੍ਹਾਂ ਚੋਣਾਂ 'ਚ ਕੰਮ ਕਰਦਾ ਨਹੀਂ ਦਿਸਿਆ।

## ਭਾਰਤੀ ਰੇਲਵੇ 'ਚ ਨੌਕਰੀ ਦਾ ਸੁਨਹਿਰੀ ਮੌਕਾ, ਉਮਰ ਹੱਦ ਸਣੇ ਹੋਰ ਸ਼ਰਤਾਂ

**ਏਜੰਸੀਆਂ**

ਨਵੀਂ ਦਿੱਲੀ 7 ਜੂਨ। ਰੇਲਵੇ ਵਿਚ ਨੌਕਰੀ ਕਰਨ ਦੇ ਚਾਹਵਾਨ ਉਮੀਦਵਾਰਾਂ ਲਈ ਖੁਸਖਬਰੀ ਹੈ। ਇੰਟਗਰਲ ਕੋਚ ਫੈਕਟਰੀ ਚੇਨਈ ਚੇਨਈ ਨੇ ਵੱਖ-ਵੱਖ ਟਰੇਡਾਂ ਵਿਚ 1 ਹਜਾਰ ਤੋਂ ਵੱਧ ਅਪ੍ਰੈਂਟਿਸ ਅਸਾਮੀਆਂ ਦੀ ਭਰਤੀ ਲਈ ਅਰਜੀਆਂ ਦੀ ਮੰਗ ਕੀਤੀ ਹੈ। ਇਨ੍ਹਾਂ ਅਸਾਮੀਆਂ ਲਈ ਅਪਲਾਈ ਕਰਨ ਦੇ ਚਾਹਵਾਨ ਉਮੀਦਵਾਰ ਅਧਿਕਾਰਤ ਵੈੱਬਸਾਈਟ ://....ਆਨਲਾਈਨ ਅਰਜੀ ਪ੍ਰਕਿਰਿਆ ਨੂੰ ਪੂਰਾ ਕਰ ਸਕਦੇ ਹਨ। ਇਸ ਦੇ ਲਈ 22 ਮਈ 2024 ਤੋਂ ਰਜਿਸਟ੍ਰੇਸਨ ਪ੍ਰਕਿਰਿਆ ਸੁਰੂ ਹੋ ਗਈ ਹੈ। ਧਿਆਨ ਵਿਚ ਰੱਖਣ ਵਾਲੀ ਗੱਲ ਇਹ ਹੈ ਕਿ ਰਜਿਸਟ੍ਰੇਸਨ ਫਾਰਮ ਭਰਨ ਦੀ ਆਖਰੀ ਤਾਰੀਖ 21 ਜੂਨ 2024 ਹੈ। ਭਾਰਤੀ ਰੇਲਵੇ ਚੇਨਈ ਦੀ ਇਸ ਭਰਤੀ ਲਈ ਅਪ੍ਰੈਂਟਿਸ ਦੀਆਂ 1010 ਅਸਾਮੀਆਂ 'ਤੇ ਉਮੀਦਵਾਰਾਂ ਦੀ ਨਿਯੁਕਤੀ ਕੀਤੀ ਜਾਵੇਗੀ। ਜਿਸ ਵਿਚ ਤਰਖਾਣ, ਇਲੈਕਟ੍ਰੀਸੀਅਨ, ਫਿਟਰ, ਮਸੀਨਿਸਟ, ਪੇਂਟਰ, ਵੈਲਡਰ ਅਤੇ ਹੋਰ ਕਈ ਟਰੇਡਾਂ ਦੀਆਂ ਅਸਾਮੀਆਂ ਵੀ ਸਾਮਲ ਹਨ। ਇਨ੍ਹਾਂ ਸਾਰੀਆਂ ਅਸਾਮੀਆਂ ਲਈ ਅਪਲਾਈ ਕਰਨ ਲਈ ਉਮੀਦਵਾਰਾਂ ਦੀ ਵਿਦਿਅਕ ਯੋਗਤਾ ਅਤੇ ਉਮਰ ਹੱਦ ਸਬੰਧਤ ਅਸਾਮੀਆਂ ਅਨੁਸਾਰ ਹੋਣੀ ਚਾਹੀਦੀ ਹੈ। ਉਮੀਦਵਾਰ ਦੀ ਅਧਿਕਾਰਤ ਵੈੱਬਸਾਈਟ ://.../. 'ਤੇ ਜਾ ਕੇ ਰੇਲਵੇ ਅਪ੍ਰੈਂਟਿਸ ਦੀਆਂ ਇਨ੍ਹਾਂ ਅਸਾਮੀਆਂ ਲਈ ਅਰਜੀ ਦੇ ਸਕਦੇ ਹਨ। ਚੇਨਈ ਅਪ੍ਰੈਂਟਿਸ ਦੀ ਇਸ ਭਰਤੀ ਲਈ ਅਪਲਾਈ ਕਰਨ ਲਈ ਉਮੀਦਵਾਰਾਂ ਨੂੰ ਘੱਟੋ-ਘੱਟ 50 ਫੀਸਦੀ ਅੰਕਾਂ ਨਾਲ 10ਵੀਂ ਪਾਸ ਕਰਨੀ ਚਾਹੀਦੀ ਹੈ। ਨਾਲ ਹੀ ਜਿਸ ਪੋਸਟ ਲਈ ਤੁਸੀਂ ਅਪਲਾਈ ਕਰ ਰਹੇ ਹੋ, ਉਸ ਵਿਚ ਹੋਣਾ ਵੀ ਜਰੂਰੀ ਹੈ। ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਉਮੀਦਵਾਰ ਅਧਿਕਾਰਤ ਨੋਟੀਫਿਕੇਸਨਵਿੱਚ ਦਿੱਤੀ ਗਈ ਜਾਣਕਾਰੀ ਨੂੰ ਦੇਖ ਸਕਦੇ ਹਨ। ਇਸ ਭਰਤੀ ਲਈ ਅਤੇ ਗੈਰ ਉਮੀਦਵਾਰਾਂ ਦੀ ਉਮਰ ਹੱਦ ਵੱਖਰੇ ਤੌਰ 'ਤੇ ਨਿਰਧਾਰਤ ਕੀਤੀ ਗਈ ਹੈ। ਬਿਨੈਕਾਰਾਂ ਦੀ 24 ਸਾਲ ਤੋਂ ਵੱਧ ਨਹੀਂ ਹੋਣੀ ਚਾਹੀਦੀ।

## ਹਾਦਸੇ ਦੇ 40 ਘੰਟੇ ਬਾਅਦ ਵੀ ਪ੍ਰੇਸ਼ਾਨੀ ਜਾਰੀ: ਸ਼ਤਾਬਦੀ ਸਣੇ ਕਈ ਟਰੇਨਾਂ ਨੇ ਕਰਵਾਈ 7-8 ਘੰਟੇ ਲੰਬੀ ਉਡੀਕ

ਜਲੰਧਰ 7 ਜੂਨ। ਅੰਬਾਲਾ ਦੇ ਰਸਤੇ ਸਾਧੂਗੜ੍ਹ ਅਤੇ ਸਰਹਿੰਦ ਕੋਲ ਮਾਲਗੱਡੀਆਂ ਦੀ ਟੱਕਰ ਦੇ ਬਾਅਦ ਰੇਲ ਟਰੈਕ ਬੁਰੀ ਤਰ੍ਹਾਂ ਨਾਲ ਪ੍ਰਭਾਵਿਤ ਹੋਇਆ, ਜਿਸ ਕਾਰਨ ਅੱਜ ਵੀ ਯਾਤਰੀਆਂ ਨੂੰ ਰਾਹਤ ਨਹੀਂ ਮਿਲ ਸਕੀ। ਐਤਵਾਰ ਸਵੇਰੇ 3.30 ਵਜੇ ਹੋਏ ਹਾਦਸੇ ਤੋਂ ਬਾਅਦ ਟਰੇਨਾਂ ਦੇ ਲੇਟ ਹੋਣ ਦਾ ਜੋ ਸਿਲਸਿਲਾ ਸ਼ੁਰੂ ਹੋਇਆ ਸੀ, ਉਸ ਦੇ 40 ਘੰਟੇ ਬਾਅਦ ਵੀ ਦਿੱਕਤਾਂ ਜਾਰੀ ਰਹੀਆਂ, ਹਾਲਾਂਕਿ ਰੇਲ ਪ੍ਰਸ਼ਾਸਨ ਵੱਲੋਂ ਟਰੈਕ ਬਹਾਲ ਹੋਣ ਸਬੰਧੀ ਦੱਸਿਆ ਜਾ ਰਿਹਾ ਹੈ ਪਰ ਕਈ ਅਹਿਮ ਟਰੇਨਾਂ ਅਜੇ ਵੀ ਦੇਰੀ ਨਾਲ ਪਹੁੰਚ ਰਹੀਆਂ ਹਨ, ਜੋ ਕਿ ਯਾਤਰੀਆਂ ਲਈ ਪ੍ਰੇਸ਼ਾਨੀ ਦਾ ਸਬੱਬ ਬਣ ਰਹੀਆਂ ਹਨ। ਸਭ ਤੋਂ ਵੱਧ ਦੇਰੀ ਨਾਲ ਪੁੱਜੀ 14682 ਜਲੰਧਰ ਇੰਟਰਸਿਟੀ ਐਕਸਪ੍ਰੈੱਸ 4.35 ਦੀ ਥਾਂ 10.40 ਵਜੇ ਪੁੱਜੀ ਅਤੇ 6.10 ਘੰਟੇ ਲੇਟ ਰਹੀ, ਜਦਕਿ ਜੰਮੂ ਰੂਟ ਦੀ 18309 ਆਪਣੇ ਨਿਰਧਾਰਿਤ ਸਮੇਂ 6.40 ਤੋਂ ਲੱਗਭਗ ਸਾਢੇ 8 ਘੰਟੇ ਲੇਟ ਰਹੀ ਅਤੇ 2.22 'ਤੇ ਪਹੁੰਚੀ। ਇਨ੍ਹਾਂ ਟਰੇਨਾਂ ਵਿਚ 12716 ਸੱਚਖੰਡ ਆਪਣੇ ਨਿਰਧਾਰਿਤ ਸਮੇਂ 6.35 ਤੋਂ 8.12 ਘੰਟੇ ਲੇਟ ਰਹਿੰਦੇ ਹੋਏ 2.07 ਵਜੇ ਪੁੱਜੀ।. ਸੁਪਰਫਾਸਟ ਗੱਡੀਆਂ ਵਿਚ ਸ਼ਾਮਲ ਗੱਡੀਆਂ ਸਮੇਤ ਕਈ ਅਹਿਮ ਟਰੇਨਾਂ 4-6 ਘੰਟੇ ਦੀ ਦੇਰੀ ਨਾਲ ਪਹੁੰਚ ਰਹੀਆਂ ਹਨ, ਜਿਸ ਕਾਰਨ ਭਿਆਨਕ ਗਰਮੀ ਵਿਚ ਯਾਤਰੀਆਂ ਦਾ ਬੁਰਾ ਹਾਲ ਹੁੰਦਾ ਰਿਹਾ। ਇਸ ਸਿਲਸਿਲੇ ਵਿਚ ਅੱਜ ਟਰੇਨ ਨੰਬਰ 18237 ਛੱਤੀਸਗੜ੍ਹ ਐਕਸਪ੍ਰੈੱਸ ਆਪਣੇ ਨਿਰਧਾਰਿਤ ਸਮੇਂ ਸਵੇਰੇ 4.50 ਤੋਂ 3.38 ਘੰਟੇ ਦੀ ਦੇਰੀ ਨਾਲ 7.48 ਵਜੇ ਪੁੱਜੀ। ਟਰੇਨ ਨੰਬਰ 14631 ਅੰਮ੍ਰਿਤਸਰ ਐਕਸਪ੍ਰੈੱਸ 6.20 ਤੋਂ 2 ਘੰਟੇ ਦੀ ਦੇਰੀ ਨਾਲ 8.25, 13005 ਹਾਵੜਾ-ਅੰਮ੍ਰਿਤਸਰ ਮੇਲ 2 ਘੰਟੇ, ਹਿਸਾਰ-ਅੰਮ੍ਰਿਤਸਰ ਐਕਸਪ੍ਰੈੱਸ 14653, 5.50 ਤੋਂ 4.10 ਘੰਟੇ ਦੀ ਦੇਰੀ ਨਾਲ 9.20 'ਤੇ ਪੁੱਜੀ। ਅੰਮ੍ਰਿਤਸਰ ਤੋਂ ਚੱਲ ਕੇ ਹਰਿਦੁਆਰ ਜਾਣ ਵਾਲੀ ਗੱਡੀ ਨੰਬਰ 12054 ਹਰਿਦੁਆਰ ਜਨ-ਸ਼ਤਾਬਦੀ ਐਕਸਪ੍ਰੈੱਸ ਨੂੰ ਰੱਦ ਕੀਤਾ ਗਿਆ। ਉਥੇ ਹੀ, ਜਲੰਧਰ ਤੋਂ ਬਣ ਕੇ ਚੱਲਣ ਵਾਲੀ ਅਹਿਮ ਗੱਡੀ ਨੰਬਰ 12460 ਵੀ ਅੱਜ ਰੱਦ ਰਹੀ, ਜੋ ਕਿ ਯਾਤਰੀਆਂ ਲਈ ਭਾਰੀ ਪ੍ਰੇਸ਼ਾਨੀ ਦਾ ਕਾਰਨ ਬਣਿਆ। ਜਲੰਧਰ ਤੋਂ ਦਿੱਲੀ ਜਾਣ ਵਾਲੇ ਯਾਤਰੀ ਆਮ ਤੌਰ 'ਤੇ 12460 ਨੂੰ ਖਾਸ ਮਹੱਤਵ ਦਿੰਦੇ ਹਨ ਕਿਉਂਕਿ ਉਕਤ ਗੱਡੀ ਜਲੰਧਰ ਤੋਂ ਬਣ ਕੇ ਚੱਲਦੀ ਹੈ ਅਤੇ ਇਸ ਗੱਡੀ ਵਿਚ ਜਨਰਲ ਟਿਕਟ ਜਰੀਏ ਸੀਟ ਆਸਾਨੀ ਨਾਲ ਮਿਲ ਜਾਂਦੀ ਹੈ।

## ਹੈਰੋਇਨ ਵੇਚ ਕਮਾਇਆ ਪੈਸਾ ਪਾਕਿ ਸਮੱਗਲਰਾਂ ਨੂੰ ਭੇਜਣ ਵਾਲੇ 2 ਗ੍ਰਿਫਤਾਰ

ਅੰਮ੍ਰਿਤਸਰ 7 ਜੂਨ। ਜ?ਿਲਾ ਅੰਮ੍ਰਿਤਸਰ ਦਿਹਾਤੀ ਪੁਲਸ ਨੇ ਬੀ. ਐੱਸ. ਐੱਫ. ਨਾਲ ਸਾਂਝੇ ਆਪ੍ਰੇਸਨ ਦੌਰਾਨ ਦੋ ਬਦਨਾਮ ਹੈਰੋਇਨ ਸਮੱਗਲਰਾਂ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਵਿਚ ਬਲਵਿੰਦਰ ਸਿੰਘ ਅਤੇ ਉਸ ਦਾ ਸਾਥੀ ਗੁਰਪ੍ਰੀਤ ਸਿੰਘ ਸਾਮਲ ਹੈ। ਪੁਲਸ ਨੇ ਮੁਲਜਮਾਂ ਦੇ ਕਬਜੇ 'ਚੋਂ 1.97 ਕਰੋੜ ਰੁਪਏ ਦੀ ਡਰੱਗ ਮਨੀ, ਇਕ ਲੈਪਟਾਪ ਅਤੇ 5 ਮੋਬਾਈਲ ਫੋਨ ਬਰਾਮਦ ਕੀਤੇ ਹਨ। ਦਿਹਾਤੀ ਪੁਲਸ ਅਤੇ ਬੀ. ਐੱਸ. ਐੱਫ. ਅਧਿਕਾਰੀਆਂ ਨੇ ਦੱਸਿਆ ਕਿ ਪੁਲਸ ਨੂੰ ਸੂਚਨਾ ਮਿਲੀ ਸੀ ਕਿ ਦੋਵੇਂ ਸਮੱਗਲਰ ਪਾਕਿਸਤਾਨ ਤੋਂ ਹੈਰੋਇਨ ਦੀ ਖੇਪ ਲਿਆ ਕੇ ਸਰਹੱਦ ਪਾਰ ਵੇਚਣ ਦਾ ਧੰਦਾ ਕਰਦੇ ਹਨ। ਉਹ ਹੈਰੋਇਨ ਤੋਂ ਕਮਾਏ ਪੈਸੇ ਹਵਾਲਾ ਰਾਹੀਂ ਸਮੱਗਲਰਾਂ ਨੂੰ ਭੇਜਦੇ ਹਨ, ਜਿਸ 'ਤੇ ਜਾਲ ਵਿਛਾ ਕੇ ਦੋਵਾਂ ਸਮੱਗਲਰਾਂ ਨੂੰ ਗ੍ਰਿਫਤਾਰ ਕੀਤਾ ਗਿਆ . ਅਦਾਲਤ ਦੀਆਂ ਹਦਾਇਤਾਂ 'ਤੇ ਦੋਵਾਂ ਮੁਲਜਮਾਂ ਨੂੰ ਪੁੱਛਗਿੱਛ ਲਈ ਪੁਲਸ ਰਿਮਾਂਡ 'ਤੇ ਲਿਆ ਗਿਆ ਹੈ। ਪੁਲਸ ਮੁਲਜਮਾਂ ਦੀਆਂ ਜਾਇਦਾਦਾਂ ਦੀ ਜਾਂਚ ਕਰ ਰਹੀ ਹੈ, ਜਿਨ੍ਹਾਂ ਨੂੰ ਜਾਂਚ ਮਗਰੋਂ ਜਬਤ ਕਰ ਲਿਆ ਜਾਵੇਗਾ। ਗ੍ਰਿਫਤਾਰ ਸਮੱਗਲਰ ਬਲਵਿੰਦਰ ਸਿੰਘ ਦੇ ਦੋ ਲੜਕੇ ਹਰਭੇਜ ਸਿੰਘ ਅਤੇ ਗੁਰਭੇਜ ਸਿੰਘ ਪਹਿਲਾਂ ਹੀ ਸਮੱਗਲਿੰਗ ਦੇ ਕੇਸਾਂ ਵਿਚ ਜੇਲ ਵਿਚ ਬੰਦ ਹਨ।

# ਸੁਖਜਿੰਦਰ ਰੰਧਾਵਾ ਦੀ ਵੱਖ-ਵੱਖ ਉਮੀਦਵਾਰਾਂ ਨਾਲ ਹੋਈ ਟੱਕਰ

**ਏਜੰਸੀਆਂ**

ਗੁਰਦਾਸਪੁਰ 7 ਜੂਨ। ਗੁਰਦਾਸਪੁਰ ਲੋਕ ਸਭਾ ਹਲਕੇ ਅੰਦਰ ਕਾਂਗਰਸ ਪਾਰਟੀ ਦੇ ਉਮੀਦਵਾਰ ਸੁਖਜਿੰਦਰ ਸਿੰਘ ਰੰਧਾਵਾ ਦੀ ਜਿੱਤ ਦੇ ਕਾਰਨਾਂ ਦਾ ਸਿਆਸੀ ਮਾਹਿਰਾਂ ਵੱਲੋਂ ਵਿਸ਼ਲੇਸ਼ਣ ਕੀਤਾ ਜਾ ਰਿਹਾ ਹੈ, ਜਿਸ ਤਹਿਤ ਰੰਧਾਵਾ ਦੀ ਜਿੱਤ ਦੇ ਕਈ ਅਜਿਹੇ ਪ੍ਰਮੁੱਖ ਕਾਰਨ ਹਨ, ਜਿਨ੍ਹਾਂ ਦੀ ਬਦੌਲਤ ਸੁਖਜਿੰਦਰ ਸਿੰਘ ਰੰਧਾਵਾ ਪਹਿਲੀ ਵਾਰ ਬਤੌਰ ਸੰਸਦ ਮੈਂਬਰ ਦੇਸ਼ ਦੀ ਲੋਕ ਸਭਾ ਦੀਆਂ ਪੌੜੀਆਂ ਚੜ੍ਹਨਗੇ। ਸਿਆਸੀ ਮਾਹਿਰਾਂ ਅਨੁਸਾਰ ਰੰਧਾਵਾ ਦੀ ਜਿੱਤ ਦੇ ਪਿੱਛੇ ਉਨ੍ਹਾਂ ਦੀ ਨਿੱਜੀ ਸ਼ਖਸੀਅਤ ਅਤੇ ਕਾਬਲੀਅਤ ਤਾਂ ਹੈ ਹੀ ਪਰ ਨਾਲ ਹੀ ਇਹ ਮੰਨਿਆ ਜਾ ਰਿਹਾ ਹੈ ਕਿ ਇਸ ਵਾਰ ਕਾਂਗਰਸ ਦੇ ਸਾਰੇ ਆਗੂਆਂ ਵੱਲੋਂ ਕਿਸੇ ਵੀ ਤਰ੍ਹਾਂ ਦੇ ਨਿੱਜੀ ਮਨ ਮੁਟਾਵਾਂ ਅਤੇ ਧੜੇਬੰਦੀ ਤੋਂ ਉਪਰ ਉਠ ਕੇ ਰੰਧਾਵਾ ਦੀ ਚੋਣ ਮੁਹਿੰਮ ਨੂੰ ਹੁਲਾਰਾ ਦਿੱਤਾ ਗਿਆ ਹੈ। ਇਸ ਕਾਰਨ ਸਮਝਿਆ ਜਾ ਰਿਹਾ ਹੈ ਕਿ ਕਾਂਗਰਸ ਲੀਡਰਸ਼ਿਪ ਦੀ ਇਕਜੁੱਟਤਾ ਵੀ ਰੰਧਾਵਾ ਦੀ ਜਿੱਤ ਦਾ ਮੰਤਰੀ ਬਣੀ ਹੈ। ਸੁਖਜਿੰਦਰ ਸਿੰਘ ਰੰਧਾਵਾ ਦਾ ਮੁਕਾਬਲਾ ਕਿਸੇ ਇਕ ਉਮੀਦਵਾਰ ਨਾਲ ਨਹੀਂ ਸਗੋਂ ਦੋਵਾਂ ਜ?ਿਲ੍ਹਿਆਂ ਵਿਚ 2 ਵੱਖ-ਵੱਖ ਉਮੀਦਵਾਰਾਂ ਨਾਲ ਹੋਇਆ ਹੈ, ਜਿਸ ਤਹਿਤ ਗੁਰਦਾਸਪੁਰ ਜ਼ਿਲ੍ਹੇ ਦੇ 6 ਹਲਕਿਆਂ ਅੰਦਰ ਸੁਖਜਿੰਦਰ ਸਿੰਘ ਰੰਧਾਵਾ ਦੀ ਫਸਵੀਂ ਟੱਕਰ 'ਆਪ' ਦੇ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨਾਲ ਹੋਈ ਹੈ ਪਰ ਪਠਾਨਕੋਟ ਜ਼ਿਲ੍ਹੇ ਅੰਦਰ ਰੰਧਾਵਾ ਦੀ ਟੱਕਰ ਕਲਸੀ ਦੀ ਬਜਾਏ ਭਾਜਪਾ ਦੇ ਦਿਨੇਸ਼ ਬੱਬੂ ਨਾਲ ਹੋਈ ਹੈ। ਇਸ ਕਾਰਨ ਰੰਧਾਵਾ ਨੂੰ ਸਿੱਧੇ ਤੌਰ 'ਤੇ ਵੱਡਾ ਫਾਇਦਾ ਹੋਇਆ ਹੈ। ਜੇਕਰ ਵੋਟਾਂ ਦੇ ਅੰਕੜਿਆਂ 'ਤੇ ਝਾਤ ਮਾਰੀ ਜਾਵੇ ਤਾਂ ਇਕੱਲੇ ਪਠਾਨਕੋਟ ਜ਼ਿਲ੍ਹੇ ਦੇ ਤਿੰਨ ਹਲਕਿਆਂ ਵਿਚ ਰੰਧਾਵਾ ਭਾਜਪਾ ਦੇ ਦਿਨੇਸ਼ ਬੱਬੂ ਤੋਂ 61 ਹਜਾਰ 051 ਵੋਟਾਂ ਦੇ ਫਰਕ ਨਾਲ ਹਾਰੇ ਹਨ ਪਰ ਗੁਰਦਾਸਪੁਰ ਜ਼ਿਲ੍ਹੇ ਅੰਦਰ ਦਿਨੇਸ਼ ਬੱਬੂ ਨੂੰ ਵੋਟਾਂ ਬਹੁਤ ਘੱਟ ਪੈਣ ਕਾਰਨ ਬੱਬੂ ਇਸ ਜ?ਿਲ੍ਹੇ ਦੇ ਹਲਕਿਆਂ ਅੰਦਰ ਤੀਸਰੇ ਨੰਬਰ 'ਤੇ ਚਲੇ ਗਏ ਅਤੇ ਬੱਬੂ ਵੱਲੋਂ ਲਈ ਲੀਡ ਰੰਧਾਵਾ ਦਾ ਕੋਈ ਨੁਕਸਾਨ ਨਹੀਂ ਕਰ ਸਕੀ। ਜੇਕਰ ਗੁਰਦਾਸਪੁਰ ਜ਼ਿਲ੍ਹੇ ਦੇ 6 ਹਲਕਿਆਂ ਅੰਦਰ ਰੰਧਾਵਾ ਦਾ ਫਸਵਾਂ ਮੁਕਾਬਲਾ ਸ਼ੈਰੀ ਕਲਸੀ ਨਾਲ ਹੋਇਆ ਹੈ, ਜਿਨ੍ਹਾਂ 'ਚੋਂ ਇਕੱਲਾ



ਦੀਨਾਨਗਰ ਹਲਕਾ ਅਜਿਹਾ ਹੈ, ਜਿਥੇ ਰੰਧਾਵਾ ਸ਼ੈਰੀ ਕਲਸੀ ਨਾਲੋਂ 17 ਹਜਾਰ ਤੋਂ ਜ?ਿਆਦਾ ਵੋਟਾਂ ਲੈਣ ਵਿਚ ਸਫਲ ਰਹੇ, ਜਦੋਂ ਕਿ ਬਾਕੀ ਦੇ 5 ਹਲਕਿਆਂ ਵਿਚ ਰੰਧਾਵਾ ਦੀ ਸ਼ੈਰੀ ਕਲਸੀ ਨਾਲੋਂ ਸਿਰਫ 13,646 ਵੋਟਾਂ ਦੀ ਲੀਡ ਹੀ ਰਹੀ ਅਤੇ ਦੀਨਾਨਗਰ ਮਿਲਾ ਕੇ ਗੁਰਦਾਸਪੁਰ ਜ਼ਿਲ੍ਹੇ ਅੰਦਰ ਰੰਧਾਵਾ ਦੀ ਲੀਡ 31,318 ਬਣੀ ਹੈ ਪਰ ਪਠਾਨਕੋਟ ਜ਼ਿਲ੍ਹੇ ਅੰਦਰ ਕਲਸੀ ਨੂੰ ਗੁਰਦਾਸਪੁਰ ਜ਼ਿਲ੍ਹੇ ਦੇ ਮੁਕਾਬਲੇ ਘੱਟ ਵੋਟਾਂ ਪੈਣ ਕਾਰਨ ਉਹ ਪਠਾਨਕੋਟ ਦੇ ਸਿਰਫ ਤਿੰਨ ਹਲਕਿਆਂ ਵਿਚ ਹੀ ਰੰਧਾਵਾ ਨਾਲੋਂ 54 ਹਜਾਰ 937 ਵੋਟਾਂ ਦੇ ਫਰਕ ਨਾਲ ਪੱਛੜ ਗਏ, ਜਦੋਂ ਕਿ ਪਠਾਨਕੋਟ ਜ਼ਿਲ੍ਹੇ ਅੰਦਰ ਪਹਿਲੇ ਨੰਬਰ 'ਤੇ ਰਹੇ ਦਿਨੇਸ਼ ਬੱਬੂ ਨਾਲੋਂ ਸ਼ੈਰੀ ਕਲਸੀ 1 ਲੱਖ 2 ਹਜਾਰ ਤੋਂ ਵੀ ਜ?ਿਆਦਾ ਵੋਟਾਂ ਨਾਲ ਪੱਛੜ ਗਏ। ਅਜੇ ਇਹ ਮੰਨਿਆ ਜਾ ਰਿਹਾ ਹੈ ਕਿ ਜੇਕਰ ਪਠਾਨਕੋਟ ਜ਼ਿਲੇ ਅੰਦਰ 'ਆਪ' ਦਾ ਵੋਟ ਬੈਂਕ ਮਜ਼ਬੂਤ ਹੁੰਦਾ ਤਾਂ ਸ਼ੈਰੀ ਕਲਸੀ ਜਿੱਤਣ ਦੇ ਨੇੜੇ ਹੁੰਦੇ। ਪਿਛਲੇ ਸਮੇਂ ਦੌਰਾਨ ਪ੍ਰਤਾਪ ਸਿੰਘ ਬਾਜਵਾ ਅਤੇ ਸੁਖਜਿੰਦਰ ਸਿੰਘ ਰੰਧਾਵਾ ਦਰਮਿਆਨ ਅਕਸਰ ਸਿਆਸੀ ਮਤਭੇਦ ਰਹਿਣ ਦੇ ਰੁਝਾਨ ਦੇ ਉਲਟ ਇਨ੍ਹਾਂ ਦੋਵਾਂ ਆਗੂਆਂ ਨੇ ਆਪਸ ਵਿਚ ਨਾ ਸਿਰਫ ਹੱਥ ਮਿਲਾ ਲਏ ਹਨ, ਸਗੋਂ ਇਨ੍ਹਾਂ ਦੀਆਂ ਰੈਲੀਆਂ ਅਤੇ ਚੋਣ ਨਤੀਜਿਆਂ ਵੱਲ ਦੇਖ ਕੇ ਹੁਣ ਸਿਆਸੀ ਮਾਹਿਰ ਇਹ ਮੰਨ ਕੇ ਚਲ ਰਹੇ ਹਨ ਕਿ ਇਨ੍ਹਾਂ ਆਗੂਆਂ ਦੇ ਹੱਥਾਂ ਦੇ ਨਾਲ-ਨਾਲ ਦਿਲ ਵੀ ਮਿਲ ਗਏ ਹਨ। ਰੰਧਾਵਾ ਨੂੰ ਲੋਕ ਸਭਾ ਦੀ ਟਿਕਟ ਮਿਲਣ ਮੌਕੇ ਜ਼ਿਲੇ ਅੰਦਰ ਇਹ ਚਰਚਾਵਾਂ ਵੀ ਉਡੀਆਂ ਸਨ ਕਿ ਟਿਕਟ ਲੈਣ ਦੇ ਹੋਰ ਦਾਅਵੇਦਾਰ ਰੰਧਾਵਾ ਨਾਲ ਅੰਦਰਖਾਤੇ ਨਰਾਜ ਹਨ ਪਰ ਬਾਅਦ ਵਿਚ ਅਜਿਹੀਆਂ ਚਰਚਾਵਾਂ 'ਤੇ ਵੀ ਉਸ ਵੇਲੇ ਵਿਰਾਮ ਲੱਗ ਗਿਆ ਜਦੋਂ ਹਰੇਕ ਵਿਧਾਨ ਸਭਾ ਹਲਕੇ ਅੰਦਰ ਕਾਂਗਰਸੀ ਵਿਧਾਇਕਾਂ ਤੇ ਹੋਰ ਆਗੂਆਂ ਨੇ ਰੰਧਾਵਾ ਦੀ ਚੋਣ ਮੁਹਿੰਮ ਵਿਚ ਪੂਰਾ ਡਟ ਕੇ ਸਾਥ ਦਿੱਤਾ। ਇਹ ਵੀ ਸਮਝਿਆ ਜਾ ਰਿਹਾ ਹੈ ਕਿ ਪ੍ਰਤਾਪ ਸਿੰਘ ਬਾਜਵਾ ਵੀ ਚਾਹੁੰਦੇ ਸਨ ਕਿ ਰੰਧਾਵਾ ਇਹ ਚੋਣ ਸ਼ਾਨ ਨਾਲ ਜਿੱਤਣ ਕਿਉਂਕਿ ਇਸ ਮੌਕੇ ਬਤੌਰ ਵਿਰੋਧੀ ਧਿਰ ਦੇ ਨੇਤਾ ਜ?ਿੰਮੇਵਾਰੀ ਨਾਲ ਅਗਵਾਈ ਕਰ ਰਹੇ ਹਨ ਅਤੇ ਕਾਂਗਰਸ ਛੱਡ ਕੇ ਗਏ ਕਾਂਗਰਸ ਦੇ ਪੁਰਾਣੇ ਦਿੱਗਜਾਂ ਨੂੰ ਇਹ ਸੰਦੇਸ਼ ਵੀ ਦੇਣਾ ਚਾਹੁੰਦੇ ਸਨ ਕਿ ਉਨ੍ਹਾਂ ਸਾਰਿਆਂ ਤੋਂ ਬਿਨਾਂ ਵੀ ਕਾਂਗਰਸ ਦਾ ਮਜ਼ਬੂਤ ਆਧਾਰ ਹੈ। ਪਿਛਲੇ ਸਮੇਂ ਦੌਰਾਨ ਕਾਂਗਰਸ ਦੇ ਕਈ ਆਗੂਆਂ ਦਾ ਪਾਰਟੀ ਛੱਡ ਕੇ ਜਾਣਾ ਵੀ ਅਸਿੱਧੇ ਰੂਪ ਵਿਚ ਰੰਧਾਵਾ ਦੀ ਜਿੱਤ ਲਈ ਵਰਦਾਨ ਹੀ ਸਿੱਧ ਹੋਇਆ ਹੈ ਕਿਉਂਕਿ ਕਈ ਆਗੂਆਂ ਦੀ ਆਪਸੀ ਧੜੇਬੰਦੀ ਵਰਕਰਾਂ ਦਾ ਮਨੋਬਲ ਡੇਗਦੀ ਸੀ, ਜਿਸ ਦਾ ਅਸਰ ਚੋਣ ਨਤੀਜਿਆਂ 'ਤੇ ਪੈਂਦਾ ਰਿਹਾ ਹੈ।